ਹਫਤਾਵਾਰੀ
# ਦੇਸ਼ ਦੁਆਬਾ
VOL - 4 ISSUE - 52
March 30, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਗਦਰੀ ਬਾਬਾ ਭਗਤ ਸਿੰਘ ਬਿਲਗਾ ਜੀ ਦੇ 109ਵੇਂ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਲੇਖ ਅੰਦਰ ਦੇਖੋ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ 13 ਮਾਰਚ ਨੂੰ ਮਨਾਏ ਗਏ ਸ੍ਰੀ ਗੁਰੂ ਰਵਿਦਾਸ ਜੀ ਦੇ 639ਵਾਂ ਗੁਰਪੁਰਬ ਦਿਹਾੜੇ ਅਤੇ ਨਿਰਵਿਘਨ ਵਿਸ਼ਾਲ ਨਗਰ ਕੀਰਤਨ ਦੇ ਸ਼ੁਕਰਾਨੇ ਵਜੋਂ ਅਤੇ ਵਿਸਾਖੀ ਦੇ ਸਬੰਧ ਵਿਚ ਸੰਗਤਾਂ ਵੱਲੋਂ 15 ਅਪ੍ਰੈਲ (ਦਿਨ ਸ਼ੁੱਕਰਵਾਰ) ਨੂੰ ਅਖੰਡ ਪਾਠ ਸਾਹਿਬ ਰੱਖੇ ਜਾਣਗੇ, ਜਿਸ ਦੇ ਭੋਗ 17 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਜਾਣਗੇ।

## ਅਮਰੀਕੀ ਲੋਕਤੰਤਰ ਨੂੰ ਨਿਰਪੱਖ ਪੱਤਰਕਾਰਾਂ ਦੀ ਪਹਿਲਾਂ ਨਾਲੋਂ ਜ਼ਿਆਦਾ ਲੋੜ : ਓਬਾਮਾ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਪੱਤਰਕਾਰਾਂ ਨੂੰ ਸੱਚ ਸਾਹਮਣੇ ਲਿਆਉਣ ਲਈ ਔਖੇ ਸਵਾਲ ਪੁੱਛਣੇ ਚਾਹੀਦੇ ਹਨ ਅਤੇ ਥੋੜ੍ਹੇ ਚਿਰ ਦੇ ਨਤੀਜਿਆਂ ਬਾਰੇ ਨਹੀਂ ਸੋਚਣਾ ਚਾਹੀਦਾ। ਮੀਡੀਆ ਤੋਂ ਜਵਾਬਦੇਹੀ ਦੀ ਮੰਗ ਕਰਦਿਆਂ ਸ੍ਰੀ ਓਬਾਮਾ ਨੇ ਇਕ ਪੱਤਰਕਾਰ ਪੁਰਸਕਾਰ ਸਮਾਰੋਹ ਵਿੱਚ ਕਿਹਾ ਕਿ ਮਿਆਰਾਂ ਨੂੰ ਬਰਕਰਾਰ ਰੱਖਣ ਅਤੇ ਖ਼ਬਰਾਂ ਨੂੰ ਦਬਾਉਣ ਤੋਂ ਬਚਣ ਦੀ ਮੀਡੀਆ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ, 'ਲੋਕਤੰਤਰ ਦੇ ਚੌਥੇ ਥੰਮ ਦੀ ਆਜ਼ਾਦੀ ਇਹ ਹੈ ਕਿ ਇਸ ਨੂੰ ਸਰਕਾਰ ਨਹੀਂ ਚਲਾਉਂਦੀ। ਮੀਡੀਆ ਕੰਪਨੀਆਂ ਨੇ ਆਪਣੇ ਸ਼ੇਅਰਹੋਲਡਰਾਂ ਅਤੇ ਮਾਲਕਾਂ ਦੇ ਘਰ ਪੂਰਨ ਤੋਂ ਇਲਾਵਾ ਲਾਭ ਦੇ ਵੱਡੇ ਹਿੱਸੇ ਨੂੰ ਮੁੜ ਖ਼ਬਰਾਂ 'ਤੇ ਲਗਾਉਣ, ਲੋਕ ਹਿੱਤਾਂ ਲਈ ਖੜ੍ਹਨ, ਪੱਤਰਕਾਰੀ ਦੇ ਉੱਚੇ ਮਿਆਰ ਕਾਇਮ ਰੱਖਣ ਅਤੇ ਖ਼ਬਰਾਂ ਨਾ ਦਬਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ।'



ਸ੍ਰੀ ਓਬਾਮਾ ਨੇ ਕਿਹਾ ਕਿ ਮੀਡੀਆ ਵੋਟਰਾਂ ਨੂੰ ਜਾਗਰੂਕ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਲੋਕਤੰਤਰ ਜਾਗਰੂਕ ਵੋਟਰਾਂ ਉਤੇ ਨਿਰਭਰ ਕਰਦਾ ਹੈ। ਅਮਰੀਕੀ ਲੋਕਤੰਤਰ ਨੂੰ ਨਿਰਪੱਖ ਪੱਤਰਕਾਰਾਂ ਦੀ ਪਹਿਲਾਂ ਨਾਲੋਂ ਜ਼ਿਆਦਾ ਲੋੜ ਹੈ। ਉਨ੍ਹਾਂ ਕਿਹਾ, 'ਮੀਡੀਆ ਉਤੇ ਵੱਡਾ ਵਿੱਤੀ ਦਬਾਅ ਹੈ। ਇਸ ਲਈ ਮੈਂ ਮੰਨਦਾ ਹਾਂ ਕਿ ਜੇਕਰ ਤੁਹਾਡਾ ਨੈੱਟਵਰਕ ਅਤੇ ਤੁਹਾਡੇ ਨਿਰਮਾਤਾ ਤੁਹਾਨੂੰ ਬਿਹਤਰ ਸਹੂਲਤਾਂ ਦੇਣ ਤਾਂ ਤੁਸੀਂ ਮੁੱਦਿਆਂ ਦੀ ਤਹਿ ਤੱਕ ਜਾ ਸਕਦੇ ਹੋ। ਇਹ ਵੋਟਰਾਂ ਦੀ ਬਿਹਤਰ ਸੇਵਾ ਹੋਵੇਗੀ।'

### ਟਰੰਪ ਨੂੰ ਹਲਕੇ ਵਿੱਚ ਨਾ ਲਿਆ ਜਾਵੇ: ਵ੍ਹਾਈਟ ਹਾਊਸ

ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਰਿਪਬਲਿਕਨ ਪਾਰਟੀ ਦੀ ਉਮੀਦਵਾਰੀ ਲਈ ਮੋਹਰੀ ਡੋਨਾਲਡ ਟਰੰਪ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ ਅਤੇ ਡੈਮੋਕਰੈਟਿਕ ਪਾਰਟੀ ਨੂੰ ਗੰਭੀਰਤਾ ਨਾਲ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਵੱਡਾ ਕਾਰੋਬਾਰੀ ਟਰੰਪ ਅਮਰੀਕਾ ਦਾ ਰਾਸ਼ਟਰਪਤੀ ਨਾ ਬਣੇ। ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਜੋਸ਼ ਅਰਨੈਸਟ ਨੇ ਕੱਲ੍ਹ ਇਹ ਬਿਆਨ ਜਾਰੀ ਕੀਤਾ ਸੀ।

## ਅਮਰੀਕੀ ਸਿੱਖ ਫ਼ੌਜੀਆਂ ਵੱਲੋਂ ਕੇਸ ਦਾਇਰ



**ਵਾਸ਼ਿੰਗਟਨ-** ਤਿੰਨ ਅਮਰੀਕੀ ਸਿੱਖ ਫ਼ੌਜੀਆਂ ਨੇ ਹਥਿਆਰਬੰਦ ਬਲਾਂ ਵਿੱਚ ਸੇਵਾਵਾਂ ਦੇਣ ਬਦਲੇ ਉਨ੍ਹਾਂ ਦੇ ਧਾਰਮਿਕ ਚਿੰਨ੍ਹ ਪੱਗ, ਕੇਸ ਤੇ ਦਾੜ੍ਹੀ ਨਾਲ ਸਮਝੌਤਾ ਕਰਨ ਲਈ ਪਾਏ ਜਾ ਰਹੇ ਦਬਾਅ ਲਈ ਰੱਖਿਆ ਵਿਭਾਗ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸਪੈਸ਼ਲਿਸਟ ਕੰਵਰ ਸਿੰਘ, ਸਪੈਸ਼ਲਿਸਟ ਹਰਪਾਲ ਸਿੰਘ ਤੇ ਪ੍ਰਾਈਵੇਟ ਅਰਜਨ ਸਿੰਘ ਘੋਤਰਾ ਨੇ ਮੰਗ ਕੀਤੀ ਹੈ ਕਿ ਰੱਖਿਆ ਵਿਭਾਗ ਆਸਥਾ ਦੇ ਪ੍ਰਤੀਕ ਧਾਰਮਿਕ ਚਿੰਨ੍ਹਾਂ ਸਮੇਤ ਫੌਜ ਵਿੱਚ ਸੇਵਾਵਾਂ ਦੇਣ ਦੀ ਇਜਾਜ਼ਤ ਦੇਵੇ।




ਇੰਡੋ- ਅਮੈਰਿਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵੱਲੋਂ ਮਨਾਏ ਗਏ 'ਮੇਲਾ ਗਦਰੀ ਬਾਬਿਆਂ ਦਾ' ਮੌਕੇ ਮੁੱਖ ਮਹਿਮਾਨ ਡਾ. ਬੀਬੀ ਰਘਬੀਰ ਕੌਰ ਨੂੰ ਸਨਮਾਨਿਤ ਕਰਦੇ ਹੋਏ। (ਸਬੰਧਤ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ)



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਅਮਰ ਦੜੋਚ ਦੀ ਇਕ ਸੀਡੀ ਰਿਲੀਜ਼ ਕਰਦੇ ਹੋਏ ਕਮੇਟੀ ਦੇ ਅਹੁਦੇਦਾਰ ਅਤੇ ਹੋਰ ਸੱਜਣ। (ਹੋਰ ਤਸਵੀਰਾਂ ਦੇਖੋ ਸਫਾ 14 ਅਤੇ 15 ਉਤੇ)

SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
MANDEEP SANDHU
msandhu2014@gmail.com
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

TANDOOR Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532

Global REALTY
HARJIT SWATCH
cell: 916-417-2900
fax: 916-367-6728
email: hswatch@comcast.net
Make your dreams come true with Global Realty

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets

# ਗੋਰੇ ਸਿੰਘਾਂ ਵੱਲੋਂ ਲਾਸ ਏਂਜ਼ਲਸ ਵਿਖੇ ਨਗਰ ਕੀਰਤਨ 10 ਅਪ੍ਰੈਲ ਨੂੰ ਹੋਵੇਗਾ



**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਖੇ ਭਾਈ ਹਰਭਜਨ ਸਿੰਘ ਯੋਗੀ ਦੁਆਰਾ ਵਰੋਸਾਏ ਗੋਰੇ ਸਿੰਘਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 'ਗੁਰੂ ਰਾਮ ਦਾਸ ਆਸਰਮ' 1620 ਪਰੀਸਸ ਰੋਡ, ਲਾਸ ਏਂਜਲਸ ਵਿਖੇ ਅੰਮ੍ਰਿਤ ਸੰਚਾਰ ਸਵੇਰੇ 3 ਵਜ਼ੇ ਹੋਵੇਗਾ ਅਤੇ ਕੀਰਤਨ ਦਰਬਾਰ ਸਵੇਰੇ 6 ਵਜੇ ਸ਼ੁਰੂ ਹੋਵੇਗਾ। ਸਲਾਨਾ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ 10 ਅਪ੍ਰੈਲ ਦਿਨ ਐਤਵਾਰ ਨੂੰ ਕਨਵੈਨਸ਼ਨ ਸੈਂਟਰ, 1201 ਫਿਗੇਰਾ ਸਟਰੀਟ, ਲਾਸ ਏਜਲਸ 'ਤੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸਵੇਰੇ 7 ਵਜੇ ਕੀਰਤਨ ਦਰਬਾਰ ਹੋਵੇਗਾ ਅਤੇ ਉਪਰੰਤ ਨਗਰ ਕੀਰਤਨ ਰਵਾਨਗੀ ਕਰੇਗਾ। ਜੋ ਸਾਮ 4:30 ਵਜੇ ਗੁਰੂਘਰ ਵਾਪਸ ਅਵੇਗਾ। ਜਿਸ ਵਿੱਚ ਸਮੂੰਹ ਗੁਰੂਘਰਾਂ ਦੁਆਰਾ ਭਰਪੂਰ ਸਹਿਯੋਗ ਦਿੱਤਾ ਜਾਂ ਰਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਫਰਿਜ਼ਨੋ ਤੋਂ ਭਾਈ ਦਾਰਾ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਦੂਰ-ਦੁਰਾਡੇ ਤੋਂ ਸੰਗਤਾਂ ਪਹੁੰਚਦੀਆਂ ਹਨ।

ਇਸ ਨਗਰ ਕੀਰਤਨ ਦਾ ਨਜ਼ਾਰਾ ਬਹੁਤ ਅਲੌਕਿਕ ਹੁੰਦਾ ਹੈ। ਜਿਸ ਵਿੱਚ ਫਰਿਜ਼ਨੋ ਦੀਆਂ ਸੰਗਤਾਂ ਦੁਆਰਾ ਉਥੇ ਜੂਸ ਅਤੇ ਲੰਗਰਾਂ ਦੇ ਸਟਾਲ ਲਾਏ ਜਾਣਗੇ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਜਿਥੇ ਪੰਜਾਬੀ ਭਾਈਚਾਰਾ ਸਿੱਖੀ ਤੋਂ ਦੂਰ ਹੁੰਦਾ ਜਾ ਰਿਹਾ ਹੈ, ਉਥੇ ਅਮਰੀਕਨ ਮੂਲ ਦੇ ਗੋਰੇ ਸਿੱਖ ਸਜ ਕੇ ਸਿੱਖੀ ਦਾ ਮਾਣ ਵਧਾ ਰਹੇ ਹਨ। ਸਮੂਹ ਸਿੱਖ ਸੰਗਤ ਨੂੰ ਨਗਰ ਕੀਰਤਨ ਵਿੱਚ ਸਾਮਲ ਹੋਣ ਦੀ ਪ੍ਰਬੰਧਕਾਂ ਵੱਲੋਂ ਬੇਨਤੀ ਕੀਤੀ ਗਈ ਹੈ।

# ਆਪ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ 14 ਅਪ੍ਰੈਲ ਤੋਂ ਅਮਰੀਕਾ ਫੇਰੀ ਤੇ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਪੰਜਾਬ ਵਿਧਾਨ ਸਭਾ 2017 ਦੇ ਮੱਦੇਨਜ਼ਰ ਜਿਥੇ ਪੰਜਾਬ ਵਿੱਚ ਸਿਆਸੀ ਅਖਾੜਾ ਪੂਰੀ ਤਰਾਂ ਗਰਮਾ ਚੁਕਿਆ ਹੈ, ਉਥੇ ਐਨ ਆਰ ਆਈ ਸਪੋਰਟਰਾਂ ਨੂੰ ਲਭਾਉਣ ਲਈ ਵੀ ਹਰ ਪਾਰਟੀ ਅੱਡੀ ਚੋਟੀ ਦਾ ਜੋਰ ਲਾ ਰਹੀ ਹੈ, ਇਸੇ ਕੜੀ ਤਹਿਤ ਆਮ ਆਦਮੀ ਪਾਰਟੀ ਦੇ ਐਨ ਆਰ ਆਈ ਵਿੰਗ ਵੱਲੋਂ ਆਪ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਸ੍ਰ. ਸੁਖਪਾਲ ਸਿੰਘ ਖਹਿਰਾ ਨੂੰ ਅਮਰੀਕਾ ਵਸਦੇ ਪ੍ਰਵਾਸੀ ਪੰਜਾਬੀਆਂ ਨਾਲ ਸਾਝ ਪਾਉਣ ਅਤੇ ਉਹਨਾਂ ਨੂੰ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਪਾਰਟੀ ਏਜੰਡੇ ਤੋਂ ਜਾਣੂ ਕਰਵਾਉਣ ਲਈ ਅਮਰੀਕਾ ਫੇਰੀ ਤੇ ਤੋਰਿਆ ਜਾ ਰਿਹਾ ਹੈ, ਜਿਥੇ ਖਹਿਰਾ 14 ਅਪ੍ਰੈਲ ਤੋਂ 1 ਮਈ ਤੱਕ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਪ੍ਰਵਾਸੀ ਪੰਜਾਬੀਆਂ ਦੇ ਇਕੱਠਾਂ ਨੂੰ ਸੰਬੋਧਨ ਕਰਨਗੇ। ਇਸ ਫੇਰੀ ਦੌਰਾਨ ਉਹ 15 ਅਪ੍ਰੈਲ ਨੂੰ ਬੇਕਰਸਫੀਲਡ, 16 ਅਪ੍ਰੈਲ ਲਾਸ ਏਜਲਸ, 17 ਅਪ੍ਰੈਲ ਸਾਨਫਰਾਸਸਕੋ, 19 ਅਪ੍ਰੈਲ ਫਰਿਜਨੋ, 22 ਅਪ੍ਰੈਲ ਸਟਾਕਟਨ, 23 ਅਪ੍ਰੈਲ ਸਿਆਟਲ, 24 ਅਪ੍ਰੈਲ ਹਿਊਸਟਨ, 25 ਅਪ੍ਰੈਲ ਡੈਲਸ, 26 ਅਪ੍ਰੈਲ ਡਿਟਰਿਓਟਸ, 27 ਅਪ੍ਰੈਲ ਸ਼ਿਕਾਗੋ, 29 ਅਪ੍ਰੈਲ ਵਾਸਿੰਗਟਨ ਡੀਸੀ, 30 ਅਪ੍ਰੈਲ ਨਿਊਯਾਰਕ ਅਤੇ ਇੱਕ ਮਈ ਨੂੰ ਉਹ ਜਰਸੀ ਪਹੁੰਚ ਰਹੇ ਹਨ ਅਤੇ ਇਹਨਾਂ ਸ਼ਹਿਰਾ ਵਿੱਚ ਉਹ ਪੰਜਾਬੀਆਂ ਦੇ ਰੁਬਰੂ ਹੋਣਗੇ।

# ਬੇਕਰਸਫੀਲਡ ਵਿਖੇ ਆਮ ਆਦਮੀ ਪਾਰਟੀ ਵੱਲੋਂ ਨਵਾਂ ਚੈਪਟਰ ਆਰੰਭ



**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾ-ਛੀਕੇ / ਕੁਲਵੰਤ ਧਾਲੀਆਂ–** ਆਮ ਆਦਮੀ ਪਾਰਟੀ ਓਵਰਸੀਜ ਦੇ ਕਾਰਕੁਨਾਂ ਵੱਲੋਂ ਪੂਰੀ ਦੁਨੀਆਂ ਦੇ ਆਪ ਵਲੰਟੀਅਰਾਂ ਨੂੰ ਇੱਕ ਪਲੇਟਫਾਰਮ ਤੇ ਇਕੱਤਰ ਕਰਨ ਲਈ ਹਰ ਸ਼ਹਿਰ ਵਿੱਚ ਨਵੇਂ ਚਿਪਟਰ ਸ਼ੁਰੂ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਕੈਲੇਫੋਰਨੀਆਂ ਦੇ ਸ਼ਹਿਰ ਬੇਕਰਸਫੀਲਡ ਵਿਖੇ ਆਪ ਪਾਰਟੀ ਦੇ ਸਰਗਰਮ ਆਗੂ ਅਜੀਤ ਸਿੰਘ ਭੱਠਲ ਦੇ ਯਤਨਾਂ ਸਦਕਾ ਇੱਕ ਅਹਿਮ ਮੀਟਿੰਗ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿਖੇ ਹੋਈ, ਜਿਥੇ ਵੱਡੀ ਗਿਣਤੀ ਵਿੱਚ ਪੂਰੀ ਕੈਲੇਫੋਰਨੀਆਂ ਦੇ ਆਪ ਵਲੰਟੀਅਰਾਂ ਨੇ ਸ਼ਿਰਕਤ ਕਰਕੇ ਇਥੇ ਨਵੇਂ ਚਿਪਟਰ ਨੂੰ ਸਥਾਪਿਤ ਕਰਕੇ ਪਹਿਲਾਂ ਹੋ ਚੁਕੇ ਈਵੈਂਟਾਂ ਅਤੇ ਆਪ ਪਾਰਟੀ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੀ ਅਮਰੀਕਾ ਫੇਰੀ ਸਬੰਧੀ ਵਿਚਾਰਾਂ ਕੀਤੀਆ।

ਇਸ ਮੌਕੇ ਆਉਣ ਵਾਲੀਆ ਪੰਜਾਬ ਵਿਧਾਨ ਸਭਾ ਚੋਣਾਂ ਤੇ ਪਾਰਟੀ ਵੱਲੋਂ ਲੋਕ ਪਹੁੰਚ ਲਈ ਕੀਤੇ ਜਾ ਰਹੇ ਉਪਰਾਲਿਆ ਨੂੰ ਸਲਾਹਿਆ ਗਿਆ।

ਇਸ ਮੌਕੇ ਬੁਲਾਰਿਆ ਨੇ ਪੰਜਾਬ ਅੰਦਰ ਵਧ ਰਹੀਆਂ ਕਿਸਾਨ ਖੁਦਕੁਸ਼ੀਆਂ, ਨਸ਼ਾ ਤਸ਼ਕਰੀ ਅਤੇ ਗੁੰਡਾਗਰਦੀ ਵਰਗੀਆਂ ਅਲਾਮਤਾ ਤੇ ਚਿੰਤਾ ਜਾਹਰ ਕੀਤੀ ਅਤੇ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਇੱਕੋ ਇੱਕ ਸਿਆਸੀ ਬਦਲਾਅ ਜੋ ਮਸੀਹੇ ਦੇ ਤੌਰ ਤੇ ਦਿਸਦਾ

# ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ, ਰੀਡਿੰਗ ਰੂਮ ਸਿਮਰਤੀ ਗ੍ਰੰਥ ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ ਨੂੰ ਹੋਏਗਾ ਲੋਕ ਅਰਪਣ

**ਜਲੰਧਰ–** ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਨਵੇਂ ਉਸਾਰੇ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਅਤੇ ਰੀਡਿੰਗ ਰੂਮ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 2 ਅਪ੍ਰੈਲ 2016 ਨੂੰ ਦਿਨੇ 11:00 ਵਜੇ ਉਦਘਾਟਨ ਕੀਤਾ ਜਾਵੇਗਾ। ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਮੌਕੇ 'ਸਿਮਰਤੀ ਗ੍ਰੰਥ ਬਾਬਾ ਭਗਤ ਸਿੰਘ ਬਿਲਗਾ' (ਸੰਪਾਦਨ: ਪ੍ਰੋ. ਗੋਪਾਲ ਸਿੰਘ ਬੁੱਟਰ) ਵੀ ਲੋਕ ਅਰਪਨ ਕੀਤਾ ਜਾਏਗਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਅਤੇ ਨਾਮਵਰ ਲੇਖਕ ਪ੍ਰੋ. ਵਰਿਆਮ ਸਿੰਘ ਸੰਧੂ, ਬਾਬਾ ਭਗਤ ਸਿੰਘ ਬਿਲਗਾ ਦੇ ਸੰਗਰਾਮੀ ਜੀਵਨ 'ਤੇ ਰੌਸ਼ਨੀ ਪਾਉਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਜਥੇਬੰਦੀਆਂ, ਲੇਖਕਾਂ, ਸਾਹਿਤਕਾਰਾਂ, ਪੱਤਰਕਾਰਾਂ, ਬੁੱਧੀਜੀਵੀਆਂ, ਗ਼ਦਰੀ ਬਾਬਿਆਂ ਦੇ ਮੇਲੇ, ਨਿਰੰਤਰ ਸਰਗਰਮੀਆਂ ਅਤੇ ਪੁਸਤਕ ਸਭਿਆਚਾਰ ਨਾਲ ਜੁੜੀਆਂ ਸਖਸ਼ੀਅਤਾਂ ਨੂੰ ਇਸ ਸ਼ੁੱਭ ਅਵਸਰ 'ਤੇ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ ਤਾਂ ਜੋ ਪੰਜਾਬ ਅੰਦਰ ਮਿਆਰੀ, ਦੁਰਲੱਭ ਅਤੇ ਸਸਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਸਾਂਝਾ ਹੰਭਲਾ ਮਾਰਿਆ ਜਾ ਸਕੇ।

# ਆਪ ਆਗੂ ਸੁਖਪਾਲ ਖਹਿਰਾ ਦੀ ਅਮਰੀਕਾ ਫੇਰੀ ਨੂੰ ਲੈ ਕੇ ਸਟਾਕਟਨ ਵਿਖੇ ਆਪ ਵਲੰਟੀਅਰਾਂ ਦੀ ਅਹਿਮ ਮੀਟਿੰਗ



**ਸਟਾਕਟਨ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਆਮ ਆਦਮੀ ਪਾਰਟੀ ਦੇ ਅਣਥੱਕ ਵਲੰਟੀਅਰਾਂ ਦੀ ਇੱਕ ਅਹਿਮ ਮੀਟਿੰਗ ਕੈਲੇਫੋਰਨੀਆਂ ਦੇ ਸ਼ਹਿਰ ਸਟਾਕਟਨ ਵਿਖੇ ਹੋਈ, ਜਿਸ ਵਿੱਚ ਸੈਂਟਰਲਵੈਲੀ ਦੇ ਬਹੁਤ ਸਾਰੇ ਆਪ ਵਰਕਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜਿਥੇ ਪਾਰਟੀ ਨੀਤੀਆਂ ਤੇ ਖੁਲ੍ਹਕੇ ਚਰਚਾ ਹੋਈ ਉਥੇ ਨਾਲ ਹੀ ਆਪ ਪਾਰਟੀ ਦੇ ਮੁੱਖ ਬੁਲਾਰੇ ਸ੍ਰ. ਸੁਖਪਾਲ ਸਿੰਘ ਖਹਿਰਾ ਦੀ ਅਮਰੀਕਾ ਫੇਰੀ ਨੂੰ ਲੈਕੇ ਵੀ ਵਿਚਾਰ ਵਟਾਂਦਰਾ ਹੋਇਆ। ਇਸ ਮੌਕੇ ਬੁਲਾਰਿਆਂ ਨੇ ਪੱਤਰਕਾਰਾ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸੁਖਪਾਲ ਖਹਿਰਾ ਦੀ ਅਮਰੀਕਾ ਫੇਰੀ ਨੂੰ ਲੈਕੇ ਵਲੰਟੀਅਰਾਂ ਅਤੇ ਪੰਜਾਬ ਦਰਦੀ ਪ੍ਰਵਾਸੀ ਪੰਜਾਬੀਆਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਅਤੇ ਉਹਨਾਂ ਦੱਸਿਆ ਕਿ ਸ੍ਰ. ਖਹਿਰੇ ਦੇ ਅਮਰੀਕਾ ਵਿਚਲੇ ਸਾਰੇ ਸਮਾਗਮਾਂ ਨੂੰ ਯੋਜਨਾਬੱਧ ਢੰਗ ਨਾਲ ਕਾਮਯਾਬ ਕਰਨ ਲਈ ਵਲੰਟੀਅਰ ਦਿਨ ਰਾਤ ਇੱਕ ਕਰ ਰਹੇ ਹਨ ਅਤੇ ਉਮੀਦ ਹੈ ਕਿ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਨਗੇ।

# ਦਹਿਸ਼ਤ ਫੈਲਾਉਣ ਵਾਲੇ ਹਮਲਾਵਰ ਨੂੰ ਗੋਲੀ ਮਾਰ ਕੇ ਕੀਤਾ ਕਾਬੂ

**ਵਾਸ਼ਿੰਗਟਨ–** ਅਮਰੀਕਾ ਵਿੱਚ ਅਧਿਕਾਰੀਆਂ 'ਤੇ ਬੰਦੂਕ ਤਾਣ ਕੇ ਦਹਿਸ਼ਤ ਪੈਦਾ ਕਰਨ ਵਾਲੇ ਇਕ ਹਥਿਆਰਬੰਦ ਹਮਲਾਵਰ ਨੂੰ ਪੁਲੀਸ ਨੇ ਗੋਲੀ ਮਾਰ ਕੇ ਕਾਬੂ ਕਰ ਲਿਆ। ਪੁਲੀਸ ਨੇ 66 ਸਾਲਾ ਲੈਰੀ ਰਸੇਲ ਡੌਸਨ ਨੂੰ ਯੂਐਸ ਕੈਪੀਟਲ ਵਿਜ਼ਟਰ ਸੈਂਟਰ ਦੇ ਦਾਖਲੇ 'ਤੇ ਗੋਲੀ ਮਾਰੀ।

ਇਸ ਘਟਨਾ ਵਿੱਚ ਉਥੇ ਖੜ੍ਹੀ ਮਹਿਲਾ ਨੂੰ ਮਾਮੂਲੀ ਸੱਟਾਂ ਲੱਗੀਆਂ। ਡੌਸਨ ਤੇ ਔਰਤ ਨੂੰ ਨੇੜੇ ਦੇ ਹਸਪਤਾਲ ਵਿੱਚ ਲਿਜਾਇਆ ਗਿਆ ਹੈ ਪਰ ਡੌਸਨ ਦੀ ਹਾਲਤ ਬਾਰੇ ਪਤਾ ਨਹੀਂ ਲੱਗ ਸਕਿਆ। ਗੋਲੀਬਾਰੀ ਕਾਰਨ ਯੂਐਸ ਕੈਪੀਟਲ ਨੂੰ ਬੰਦ ਕਰ ਦਿੱਤਾ ਗਿਆ ਹੈ, ਜਿਸ ਸਮੇਂ ਘਟਨਾ ਹੋਈ ਉਸ ਸਮੇਂ ਸਦਨ ਤੇ ਸੈਨੇਟ ਦੀ ਅੱਧੀ ਛੁੱਟੀ ਸੀ। ਕੁੱਝ ਸਮੇਂ ਲਈ ਸੈਂਟਰ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਰਿਹਾ। ਪੁਲੀਸ ਨੇ ਮੁਲਾਜ਼ਮਾਂ ਨੂੰ ਅੰਦਰ ਰਹਿਣ ਦਾ ਹੁਕਮ ਦਿੱਤਾ ਸੀ, ਜਦ ਕਿ ਸੈਲਾਨੀਆਂ ਨੂੰ ਉਥੋਂ ਜਾਣ ਲਈ ਆਖ ਦਿੱਤਾ ਗਿਆ ਸੀ।

ਯੂਐਸ ਕੈਪੀਟਲ ਦੇ ਪੁਲੀਸ ਮੁਖੀ ਮੈਥਿਊ ਵੇਰਡੇਰੋਸਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਵਾਰਦਾਤ ਪਿੱਛੇ ਕਿਸੇ ਹੋਰ ਵਿਅਕਤੀ ਦਾ ਹੱਥ ਹੈ ਤੇ ਇਹ ਅਤਿਵਾਦੀ ਘਟਨਾ ਨਹੀਂ ਹੈ। ਇਹ ਘਟਨਾ ਸਥਾਨਕ ਸਮੇਂ ਮੁਤਾਬਕ ਬਾਅਦ ਦੁਪਹਿਰ 2:39 'ਤੇ ਹੋਈ ਹੈ। ਹਮਲਾਵਰ ਨੇ ਸੈਂਟਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤੇ ਗੋਲੀਆਂ ਚਲਾਈਆਂ। ਕੁੱਝ ਮਿੰਟ ਬਾਅਦ ਉਸ ਨੂੰ ਫੜ ਲਿਆ ਗਿਆ ਤੇ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਗਿਆ ਹੈ।

# ਗੁਜਰਾਤ ਵਿਚ ਸੰਨ 2001 ਤੋਂ 2014 ਤੱਕ ਦਲਿਤਾਂ ਤੇ ਹੋਏ ਅੱਤਿਆਚਾਰਾਂ ਦੀ ਰਿਪੋਰਟ

**ਸਮਾਜਿਕ ਸਮਾਨਤਾ ਅਤੇ ਪੂਰੇ ਮੁਲਕ ਵਿਚ ਗੁਜਰਾਤ ਦੇ ਵਿਕਾਸ ਮਾਡਲ ਦੀ ਗੱਲ ਕਰਨ ਵਾਲੀ ਅਤੇ ਸਭ ਤੋਂ ਜ਼ਿਆਦਾ ਸਮੇਂ ਤੋਂ ਚੱਲ ਰਹੀ ਭਾਜਪਾ ਸਰਕਾਰ ਦੀ ਖੁੱਲ੍ਹੀ ਪੋਲ**

**ਦਲਿਤਾਂ ਦੀ ਹੱਤਿਆ:**
ਸੰਨ 2001 ਵਿਚ 21 ਦਲਿਤਾਂ ਦੀ ਹੱਤਿਆ
2002 ਵਿਚ 20 ਦਲਿਤਾਂ ਦੀ ਹੱਤਿਆ
2003 ਵਿਚ 14 ਦਲਿਤਾਂ ਦੀ ਹੱਤਿਆ
2004 ਵਿਚ 9 ਦਲਿਤਾਂ ਦੀ ਹੱਤਿਆ
2005 ਵਿਚ 10 ਦਲਿਤਾਂ ਦੀ ਹੱਤਿਆ
2006 ਵਿਚ 20 ਦਲਿਤਾਂ ਦੀ ਹੱਤਿਆ
2007 ਵਿਚ 17 ਦਲਿਤਾਂ ਦੀ ਹੱਤਿਆ
2008 ਵਿਚ 15 ਦਲਿਤਾਂ ਦੀ ਹੱਤਿਆ
2009 ਵਿਚ 20 ਦਲਿਤਾਂ ਦੀ ਹੱਤਿਆ
2010 ਵਿਚ 14 ਦਲਿਤਾਂ ਦੀ ਹੱਤਿਆ
2011 ਵਿਚ 14 ਦਲਿਤਾਂ ਦੀ ਹੱਤਿਆ
2012 ਵਿਚ 25 ਦਲਿਤਾਂ ਦੀ ਹੱਤਿਆ
2013 ਵਿਚ 31 ਦਲਿਤਾਂ ਦੀ ਹੱਤਿਆ
2014 ਵਿਚ 27 ਦਲਿਤਾਂ ਦੀ ਹੱਤਿਆ

**ਦਲਿਤ ਔਰਤਾਂ ਨਾਲ ਰੇਪ**
2001 ਵਿਚ 14 ਦਲਿਤ ਔਰਤਾਂ ਦਾ ਰੇਪ
2002 ਵਿਚ 19 ਦਲਿਤ ਔਰਤਾਂ ਦਾ ਰੇਪ
2003 ਵਿਚ 24 ਦਲਿਤ ਔਰਤਾਂ ਦਾ ਰੇਪ
2004 ਵਿਚ 24 ਦਲਿਤ ਔਰਤਾਂ ਦਾ ਰੇਪ
2005 ਵਿਚ 25 ਦਲਿਤ ਔਰਤਾਂ ਦਾ ਰੇਪ
2006 ਵਿਚ 18 ਦਲਿਤ ਔਰਤਾਂ ਦਾ ਰੇਪ
2007 ਵਿਚ 30 ਦਲਿਤ ਔਰਤਾਂ ਦਾ ਰੇਪ
2008 ਵਿਚ 30 ਦਲਿਤ ਔਰਤਾਂ ਦਾ ਰੇਪ
2009 ਵਿਚ 37 ਦਲਿਤ ਔਰਤਾਂ ਦਾ ਰੇਪ
2010 ਵਿਚ 39 ਦਲਿਤ ਔਰਤਾਂ ਦਾ ਰੇਪ
2011 ਵਿਚ 51 ਦਲਿਤ ਔਰਤਾਂ ਦਾ ਰੇਪ
2012 ਵਿਚ 44 ਦਲਿਤ ਔਰਤਾਂ ਦਾ ਰੇਪ
2013 ਵਿਚ 70 ਦਲਿਤ ਔਰਤਾਂ ਦਾ ਰੇਪ
2014 ਵਿਚ 74 ਦਲਿਤ ਔਰਤਾਂ ਦਾ ਰੇਪ

**ਕੁੱਲ ਐਟ੍ਰੋਸਿਟੀ ਦੀਆਂ ਘਟਨਾਵਾਂ**
2001 ਵਿਚ 1033 ਐਟ੍ਰੋਸਿਟੀ ਦੀਆਂ ਘਟਨਾਵਾਂ
2002 ਵਿਚ 1007 ਐਟ੍ਰੋਸਿਟੀ ਦੀਆਂ ਘਟਨਾਵਾਂ
2003 ਵਿਚ 897 ਐਟ੍ਰੋਸਿਟੀ ਦੀਆਂ ਘਟਨਾਵਾਂ
2004 ਵਿਚ 929 ਐਟ੍ਰੋਸਿਟੀ ਦੀਆਂ ਘਟਨਾਵਾਂ
2005 ਵਿਚ 962 ਐਟ੍ਰੋਸਿਟੀ ਦੀਆਂ ਘਟਨਾਵਾਂ
2006 ਵਿਚ 991 ਐਟ੍ਰੋਸਿਟੀ ਦੀਆਂ ਘਟਨਾਵਾਂ
2007 ਵਿਚ 1115 ਐਟ੍ਰੋਸਿਟੀ ਦੀਆਂ ਘਟਨਾਵਾਂ
2008 ਵਿਚ 1165 ਐਟ੍ਰੋਸਿਟੀ ਦੀਆਂ ਘਟਨਾਵਾਂ
2009 ਵਿਚ 1084 ਐਟ੍ਰੋਸਿਟੀ ਦੀਆਂ ਘਟਨਾਵਾਂ
2010 ਵਿਚ 1006 ਐਟ੍ਰੋਸਿਟੀ ਦੀਆਂ ਘਟਨਾਵਾਂ
2011 ਵਿਚ 1083 ਐਟ੍ਰੋਸਿਟੀ ਦੀਆਂ ਘਟਨਾਵਾਂ
2012 ਵਿਚ 1074 ਐਟ੍ਰੋਸਿਟੀ ਦੀਆਂ ਘਟਨਾਵਾਂ
2013 ਵਿਚ 1147 ਐਟ੍ਰੋਸਿਟੀ ਦੀਆਂ ਘਟਨਾਵਾਂ
2014 ਵਿਚ 1122 ਐਟ੍ਰੋਸਿਟੀ ਦੀਆਂ ਘਟਨਾਵਾਂ

**ਸੰਨ 2001 ਤੋਂ 2014 ਤੱਕ ਗੁਜਰਾਤ ਦੇ 116 ਪਿੰਡ ਵਿਚ ਦਲਿਤਾਂ ਨੂੰ ਪੁਲਿਸ ਪ੍ਰੋਟੈਕਸ਼ਨ ਦਿੱਤੀ ਗਈ ਹੈ।**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਉਘੇ ਲੇਖਕ ਚਰਨਜੀਤ ਸਿੰਘ ਪੰਨੂ ਦੀ ਪੁਸਤਕ 'ਹਵਾਈ ਸਫਰਨਾਮਾ' ਲੋਕ ਅਰਪਨ

**ਫਗਵਾੜਾ–** ਸਕੇਪ ਪੰਜਾਬ ਸੰਸਥਾ ਵੱਲੋਂ ਸਤਨਾਮਪੁਰਾ ਫਗਵਾੜਾ ਪੰਜਾਬ ਵਿਖੇ ਅਮਰੀਕਾ ਦੇ ਪ੍ਰਸਿੱਧ ਪੰਜਾਬੀ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਦੀ ਸੋਲ੍ਹਵੀਂ ਪੁਸਤਕ 'ਹਵਾਈ ਸਫ਼ਰਨਾਮਾ' ਦੀ ਘੁੰਡ ਚੁਕਾਈ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਪਰਵਿੰਦਰਜੀਤ ਸਿੰਘ ਨੇ ਸਭ ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਅੱਜ ਦੇ ਪ੍ਰੋਗਰਾਮ ਦੀ ਰੂਪ ਰੇਖਾ ਬਾਰੇ ਚਾਨਣਾ ਪਾਇਆ ਤੇ ਪ੍ਰਧਾਨਗੀ ਮੰਡਲ ਨੂੰ ਦਾਅਵਤ ਦਿੱਤੀ। ਡਾ. ਜਗੀਰ ਸਿੰਘ ਨੂਰ, ਸੰਧੂ ਵਰਿਆਣਵੀ, ਆਰਿਫ਼ ਗੋਬਿੰਦਪੁਰੀ, ਅਜਮੇਰ ਸਿੱਧੂ ਤੇ ਚਰਨਜੀਤ ਸਿੰਘ ਪੰਨੂ ਪ੍ਰਧਾਨਗੀ ਮੰਡਲ ਵਿਚ ਸਸ਼ੋਭਿਤ ਹੋਏ। ਪੁਸਤਕ ਬਾਰੇ ਪਟਿਆਲਾ ਯੂਨੀਵਰਸਿਟੀ ਦੇ ਡਾ. ਮੋਹਣ ਸਿੰਘ ਤਿਆਗੀ ਦਾ ਲਿਖਿਆ ਖੋਜ ਪੱਤਰ ਸੰਸਥਾ ਦੇ ਸਕੱਤਰ ਮਨਦੀਪ ਸਿੰਘ ਨੇ ਪੜ੍ਹ ਕੇ 'ਹਵਾਈ' ਵਿਚਲੀਆਂ ਪਰਤਾਂ ਨੂੰ ਉਜਾਗਰ ਕੀਤਾ: 'ਹਵਾਈ' ਅਮਰੀਕਾ ਦੀ ਪੰਜਾਹਵੀਂ ਸਟੇਟ ਹੈ ਜੋ ਸਮੁੰਦਰ ਵਿਚੋਂ ਜਵਾਲਾਮੁਖੀ ਲਾਵਾ ਫਟਣ ਕਾਰਨ ਪੈਦਾ ਹੋਈ ਉਪਜ ਹੈ ਤੇ ਹੁਣ ਦੁਨੀਆ ਭਰ ਦੇ ਗਿਣਵੇਂ ਸੈਰ-ਸਪਾਟਾ ਕੇਂਦਰਾਂ ਵਿਚ ਸ਼ਾਮਲ ਹੈ। ਡਾ. ਤਿਆਗੀ ਅਨੁਸਾਰ ਪੰਨੂ ਨੇ ਇਸ ਲਿਖਤ ਵਿਚ ਸਮਾਜ ਵਿਗਿਆਨੀ, ਮਨੋਵਿਗਿਆਨੀ ਅਤੇ ਮਾਨਵ ਵਿਗਿਆਗਨੀ ਵਾਂਗ ਹਵਾਈ ਪ੍ਰਾਂਤ ਦੇ ਸਮਾਜਿਕ, ਸਭਿਆਚਾਰਕ, ਭੂਗੋਲਿਕ ਅਤੇ ਆਰਥਿਕ ਜੀਵਨ ਦਾ ਬਿਰਤਾਂਤ ਸਿਰਜਣ ਤੇ ਇਸ ਦੀ ਬਹੁ-ਪਰਤੀ ਤਫਸ਼ੀਲ ਦੇਣ ਦੀ ਕੋਸ਼ਿਸ਼ ਕੀਤੀ ਹੈ। ਡਾ. ਜਗੀਰ ਸਿੰਘ ਨੂਰ ਨੇ ਆਪਣੇ ਪਰਚੇ ਦੇ ਚੋਣਵੇਂ ਅੰਸ਼ ਪੜ੍ਹ ਕੇ ਪੁਸਤਕ ਵਿਚਲੇ ਵਿਭਿੰਨ ਨੁਕਤਿਆਂ ਬਾਰੇ ਭਰਪੂਰ ਵਿਚਾਰ ਚਰਚਾ ਕੀਤੀ। ਉਸ ਨੇ ਇਸ ਸਫਰਨਾਮੇ ਦੇ ਵਿਸ਼ੇਸ਼ ਪਹਿਲੂਆਂ ਕਾਰਨ ਇਸ ਨੂੰ ਇੱਕਵੀਂ ਸਦੀ ਦੇ ਸੋਲ੍ਹਵੇਂ ਵਰ੍ਹੇ ਦੀ ਪ੍ਰਾਪਤੀ ਗਰਦਾਨਿਆ। ਸੰਧੂ ਵਰਿਆਣਵੀ ਨੇ ਡਾ. ਮੋਹਣ ਤਿਆਗੀ ਤੇ ਡਾ. ਨੂਰ ਦੇ ਲਿਖੇ ਖੋਜ ਪੱਤਰਾਂ ਦੀ ਤਾਰੀਫ ਕਰਦੇ ਤਸੱਲੀ ਪ੍ਰਗਟ ਕੀਤੀ। ਉਸ ਨੇ ਦੱਸਿਆ ਕਿ ਪੰਨੂ ਦੇ ਅਲਾਸਕਾ ਅਤੇ ਵਾਈਟ ਹਾਊਸ ਬਾਰੇ ਲਿਖੇ ਪਹਿਲੇ ਸਫਰਨਾਮੇ ਪੜ੍ਹ ਕੇ ਉਸ ਨੇ ਆਪ ਵੀ ਇਨ੍ਹਾਂ ਖੇਤਰਾਂ ਦੀ ਖੂਬ ਸੈਰ ਕੀਤੀ ਹੈ ਤੇ ਜਾਣਕਾਰੀ ਭਰਪੂਰ ਇਹ ਤੀਸਰਾ ਸਫਰਨਾਮਾ ਲਿਖਣ ਤੇ ਪੰਨੂ ਵਧਾਈ ਦਾ ਹੱਕਦਾਰ ਹੈ। ਉਸ ਨੇ ਹੋਰ ਸਰੋਤਿਆਂ ਨੂੰ ਵੀ ਇਹ ਵਡਮੁੱਲੀ ਕਿਤਾਬ ਪੜ੍ਹਨ ਲਈ ਪ੍ਰੇਰਨਾ ਕੀਤੀ। ਅਜੋਕੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਹਸਤਾਖਰ ਅਜਮੇਰ ਸਿੱਧੂ ਨੇ ਕਿਹਾ, ਮੈਂ ਇਸ ਕਿਰਤ ਤੇ ਬਹੁਤ ਕਾਇਲ ਹੋਇਆ ਹਾਂ ਕਿ ਕਹਾਣੀਕਾਰ ਚਰਨਜੀਤ ਪੰਨੂ ਨੇ ਇਸ ਨਿਵੇਕਲੀ ਜਿਹੀ ਵਿਧਾ ਰਾਹੀਂ ਇਕ ਸਫਰਨਾਮਾਕਾਰ, ਨਿਬੰਧਕਾਰ ਤੇ ਰੂਪਕਾਰ ਵਜੋਂ ਵੀ ਆਪਣੀ ਪਹਿਚਾਣ ਸਥਾਪਿਤ ਕੀਤੀ ਹੈ ਤੇ ਆਪਣੀ ਜੀਵਨੀ, ਸਵੈ ਜੀਵਨੀ ਤਜਰਬੇ ਪਰੋਸ ਕੇ ਪਾਠਕਾਂ ਨੂੰ ਘਰ ਬੈਠੇ ਹੀ 'ਹਵਾਈ' ਦੀ ਸੈਰ ਕਰਾ ਦਿੱਤੀ ਹੈ। ਇਸ ਤਰ੍ਹਾਂ ਇਹ ਸਮਾਗਮ ਇੱਕ ਗੋਸ਼ਟੀ ਦਾ ਰੂਪ ਧਾਰ ਗਿਆ। ਚਰਨਜੀਤ ਸਿੰਘ ਪੰਨੂ ਨੇ ਆਪਣੇ 'ਅਲਾਸਕਾ ਸਫਰਨਾਮਾ', 'ਮੇਰੀ ਵਾਈਟ ਹਾਊਸ ਫੇਰੀ' ਅਤੇ ਇਹ ਤੀਸਰਾ 'ਹਵਾਈ' ਸਫਰਨਾਮਾ ਲਿਖਣ ਦੇ ਪਿਛੋਕੜ, ਮੰਤਵ ਤੇ ਇਸ ਪੁਸਤਕ ਨਾਲ ਜੁੜੇ ਅਨੁਭਵ ਸਾਂਝੇ ਕੀਤੇ। ਉਸ ਨੇ ਦੱਸਿਆ ਕਿ ਸਫਰ ਕਰਨਾ ਉਸ ਦਾ ਸ਼ੌਕ ਹੈ ਤੇ ਪਾਠਕਾਂ ਨਾਲ ਇਹ ਅਨੂਠਾ ਅਨੁਭਵ ਸਾਂਝਾ ਕਰਨਾ ਉਸ ਦਾ ਸੁਭਾਗ ਹੈ। ਉਸ ਨੇ ਸਕੇਪ ਪੰਜਾਬ ਸੰਸਥਾ ਦੇ ਪ੍ਰਧਾਨ ਪ੍ਰਵਿੰਦਰਜੀਤ ਸਿੰਘ ਦਾ ਵਿਸ਼ੇਸ਼ ਤੌਰ ਤੇ ਸਰਾਹਨਾ ਤੇ ਧੰਨਵਾਦ ਕੀਤਾ ਜੋ ਪੰਜਾਬੀ ਬੋਲੀ ਦੇ ਪਰਸਾਰ ਵਾਸਤੇ ਕੰਪਿਊਟਰ ਵਰਤੋਂ ਲਈ ਪੰਜਾਬੀ ਪਿਆਰਿਆਂ ਨੂੰ ਲਾਹੇਵੰਦ ਤਕਨੀਕੀ ਅਗਵਾਈ ਦਿੰਦਾ ਹੈ ਤੇ ਅਜੇਹੇ ਸਮਾਗਮ ਰਚਾਉਂਦਾ ਰਹਿੰਦਾ ਹੈ। ਇਸ ਸਮੇਂ ਇਕ ਸ਼ਾਨਦਾਰ ਕਵੀ ਦਰਬਾਰ ਦਾ ਅਯੋਜਨ ਕੀਤਾ ਗਿਆ ਜਿਸ ਵਿਚ ਮਨੋਜ ਫਗਵਾੜਵੀ, ਭਗਤ ਰਾਮ, ਹਰਚਰਨ ਭਾਰਤੀ, ਬਲਵੰਤ ਸਿੰਘ ਨਾਚੀਜ਼, ਸੀਤਲ ਰਾਮ ਬੰਗਾ, ਨਵਨੀਤ ਓਬਰਾਏ, ਸੋਹਣ ਸਿੰਘ ਭਿੰਡਰ, ਬਲਦੇਵ ਰਾਜ ਕੋਮਲ, ਅਮਰੀਕ ਸਿੰਘ ਮਦਹੋਸ਼, ਜਸਵੀਰ ਕੌਰ, ਸਾਧੂ ਸਿੰਘ ਜੱਸਲ, ਵਰਿੰਦਰ ਕੰਬੋਜ਼, ਗਿਰਧਰ ਕਰਤਾਰ ਪੁਰੀਆ, ਦਰਸ਼ਨ ਸਿੰਘ, ਸੁਖਦੇਵ ਸਿੰਘ ਗੰਡਵਾ ਆਦਿ ਕਵੀਆਂ ਨੇ ਆਪਣੀਆ ਕਵਿਤਾਵਾਂ ਸੁਣਾਕੇ ਸਰੋਤਿਆ ਦਾ ਮਨ ਮੋਹ ਲਿਆ। ਸੰਸਥਾ ਵੱਲੋਂ ਚਰਨਜੀਤ ਪੰਨੂ ਦਾ ਮਾਣ ਸਨਮਾਨ ਕੀਤਾ ਗਿਆ।



ਸਟੇਜ਼ ਦਾ ਸੰਚਾਲਨ ਲਾਲੀ ਕਰਤਾਰਪੁਰੀ ਨੇ ਬਾਖੂਬੀ ਨਿਭਾਇਆ। ਇਸ ਮੌਕੇ ਤੇ ਆਲਮਜੋਤ ਸਿੰਘ, ਹਰਮਿੰਦਰ ਸਿੰਘ ਵਿਰਦੀ ਤੇ ਕਈ ਹੋਰਾਂ ਨੇ ਹਾਜ਼ਰੀ ਭਰ ਕੇ ਪ੍ਰੋਗਰਾਮ ਦਾ ਅਨੰਦ ਮਾਣਿਆ।

# ਬਸੰਤ ਰੁੱਤ ਭਾਸ਼ਾ ਦਿਵਸ ਨੂੰ ਸਮਰਪਿਤ ਸਲਾਨਾ ਸਮਾਗਮ ਸੰਪੰਨ ਹੋਇਆ

**ਰਾਜਪੁਰਾ (ਪੰਜਾਬ) (ਪ੍ਰਮਿੰਦਰ ਪ੍ਰਵਾਨਾ, ਡਾ. ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ ਰਾਜਪੁਰਾ ਦਾ ਬਸੰਤ ਰੁੱਤ ਪੰਜਾਬੀ ਭਾਸ਼ਾ ਨੂੰ ਸਮਰਪਿਤ ਸਾਹਿਤਕ ਸਮਾਗਮ ਰੋਟਰੀ ਭਵਨ ਦੇ ਹਾਲ ਵਿਚ ਸੰਪੰਨ ਹੋਇਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਬਿਕਰਮਜੀਤ ਸਿੰਘ ਸ਼ੇਰਗਿੱਲ ਐਸ. ਡੀ. ਐਮ. ਰਾਜਪੁਰਾ ਅਤੇ ਪ੍ਰਧਾਨਗੀ ਕ੍ਰਿਸ਼ਨ ਕੁਮਾਰ ਰੱਤੂ, ਸਾਬਕਾ ਡਾਇਰੈਕਟਰ ਦੂਰਦਰਸ਼ਨ ਚੰਡੀਗੜ੍ਹ ਸਨ। ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਸਾਹਿਤ ਸੰਗਮ ਦੀ ਸ਼ਲਾਘਾ ਕਰਦਿਆਂ ਡਾ. ਸੁਦਰਸ਼ਨ ਗਾਸੋ ਨੇ ਕਿਹਾ ਕਿ ਲੋਕ ਸਾਹਿਤ ਸੰਗਮ ਰਾਜਪੁਰਾ ਆਪਣਾ ਪੂਰਨ ਯੋਗਦਾਨ ਪਾ ਰਿਹਾ ਹੈ, ਜਿਸਦੇ ਨਤੀਜੇ ਵਜੋਂ ਬਹੁਤ ਸਾਰੇ ਸਾਹਿਤਕਾਰ ਆਪਣੀਆਂ ਰਚਨਾਵਾਂ ਰਾਹੀਂ ਦੇਸ਼ ਵਿਦੇਸ਼ ਵਿਚ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਪ੍ਰਸਿੱਧ ਸਾਹਿਤਕਾਰ ਪ੍ਰਮਿੰਦਰ ਪ੍ਰਵਾਨਾ ਨੇ ਅਮਰੀਕਾ ਤੋਂ ਭੇਜੇ ਸੰਦੇਸ਼ ਵਿਚ ਕਿਹਾ ਕਿ ਸਾਨੂੰ ਸਭ ਨੂੰ ਆਪਣੀ ਯਥਾ-ਸ਼ਕਤੀ ਅਨੁਸਾਰ ਮਾਂ-ਬੋਲੀ ਪੰਜਾਬੀ ਨੂੰ ਨਿਰੰਤਰ ਅਮੀਰ ਬਣਾਈ ਰੱਖਣ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਨਾਲ ਹੀ ਆਪਣੇ ਵਿਰਸੇ ਦੀ ਸੰਭਾਲ ਕਰਨੀ ਚਾਹੀਦੀ ਹੈ। ਅਜਿਹਾ ਨਾ ਹੋਵੇ ਕਿ ਸਾਡਾ ਇਹ ਅਮੀਰ ਵਿਰਸਾ ਸਾਡੇ ਹੱਥ ਵਿਚ ਨਾ ਹੀ ਰਹੇ। ਇਸ ਬਸੰਤ ਰੁੱਤ ਪ੍ਰੋਗਰਾਮ ਵਿਚ ਸੰਦੀਪ ਅਹੂਜਾ ਪ੍ਰਧਾਨ ਰੋਟਰੀ ਕਲੱਬ, ਅਰਵਿੰਦਰ ਪਾਲ ਸਿੰਘ ਰਾਜੂ, ਐਮ. ਸੀ., ਜਾਨੀ ਜੀਰਕਪੁਰੀਆ, ਡਾ. ਹਰਜੀਤ ਸਿੰਘ, ਡਾ. ਹਰਬੰਸ ਸਿੰਘ ਅਹੂਜਾ, ਦਰਸ਼ਲ ਬਨੂੜ, ਬਲਦੇਵ ਸਿੰਘ ਖੁਰਾਨਾ ਸੰਗਮ ਦੇ ਪ੍ਰਧਾਨ, ਡਾ. ਗੁਰਵਿੰਦਰ ਸਿੰਘ ਅਮਨ, ਅੰਗਰੇਜ਼ ਕਲੇਰ, ਮਾਲੀ ਰਾਜਪੁਰਾ, ਕਰਮ ਸਿੰਘ ਬੇਦਵਾਨ, ਗਿਆਨੀ ਧਰਮ ਸਿੰਘ ਭੰਕਰਪੁਰ ਨਵਦੀਪ ਸਿੰਘ ਮੁੰਡੀ, ਕਰਮ ਸਿੰਘ ਜ਼ਿਲ੍ਹਾ ਪੱਧਰ ਪੱਤਰਕਾਰ, ਹਰਬੰਸ ਸਿੰਘ ਬੂਹਾ, ਡਾ. ਰਜੇਸ਼ ਚੌਧਰੀ, ਕਰਮ ਸਿੰਘ ਸੈਕਟਰੀ ਨੇ ਆਪਣੀਆਂ ਰਚਨਾਵਾਂ ਨਾਲ ਸਰੋਤੇ ਕੀਲੇ ਦਿੱਤੇ। ਇਸ ਮੌਕੇ ਰਾਮ ਸਿੰਘ, ਸੁਖਦੇਵ ਸਿੰਘ ਬਲਦੇਵ ਸਿੰਘ, ਸੁਭਾਸ਼ ਮਹਿਤਾ, ਸਮਨਦੀਪ, ਗੁਰਦੇਵ ਸਿੰਘ ਬਸੀ, ਗੁਰਦੇਵ ਸਿੰਘ ਲੌਂਗੀਆ, ਡਾ. ਸ਼ਾਮ ਸੁੰਦਰ, ਰਮੇਸ਼ ਗੁਪਤਾ, ਜਸਵਿੰਦਰ ਭਾਟੀਆ ਨੇ ਵੀ ਆਪਣੀਆਂ ਰਚਨਾਵਾਂ ਨਾਲ ਹਾਜਰੀ ਲਗਵਾਈ।




# ਦਮਦਮਾ ਸਾਹਿਬ ਵਿਖੇ ਇਸ ਵਾਰ ਵਿਸਾਖੀ ਮੌਕੇ ਵੱਡਾ ਸਿਆਸੀ ਮੇਲਾ ਹੋਵੇਗਾ

**ਬਠਿੰਡਾ (ਬਿਊਰੋ)–** ਤਖ਼ਤ ਦਮਦਮਾ ਸਾਹਿਬ ਦੇ ਵਿਸਾਖੀ ਮੇਲੇ 'ਤੇ ਐਤਕੀਂ ਵੱਡਾ ਸਿਆਸੀ ਮੇਲਾ ਜੁੜੇਗਾ। ਅਗਾਮੀ ਚੋਣਾਂ ਤੋਂ ਪਹਿਲਾਂ ਦੀ ਇਹ ਆਖ਼ਰੀ ਵਿਸਾਖੀ ਹੈ, ਜਿਸ ਦਾ ਲਾਹਾ ਸਾਰੀਆਂ ਸਿਆਸੀ ਧਿਰਾਂ ਲੈਣਗੀਆਂ। ਸਿਆਸੀ ਧਿਰਾਂ ਨੇ ਵਿਸਾਖੀ ਕਾਨਫਰੰਸਾਂ ਦੀ ਤਿਆਰੀ ਵਿੱਢ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਸਾਖੀ ਮੌਕੇ ਵੱਡਾ ਇਕੱਠ ਕੀਤਾ ਜਾਵੇਗਾ। ਹਾਕਮ ਧਿਰ ਲਈ ਸਤਲੁਜ-ਯਮੁਨਾ ਲਿੰਕ ਨਹਿਰ ਦਾ ਸਿਆਸੀ ਮੁੱਲ ਵੱਟਣ ਦਾ ਇਹ ਵੱਡਾ ਮੌਕਾ ਹੋਵੇਗਾ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਦੋ ਦਿਨਾਂ ਤੋਂ ਸੰਗਤ ਦਰਸ਼ਨ ਪ੍ਰੋਗਰਾਮ ਕੀਤੇ ਜਾ ਰਹੇ ਹਨ ਅਤੇ ਨਾਲੋ-ਨਾਲ ਵਿਸਾਖੀ ਕਾਨਫਰੰਸਾਂ ਦੀ ਤਿਆਰੀ ਦਾ ਮੁੱਢ ਵੀ ਬੰਨ੍ਹਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਹਾਕਮ ਧਿਰ ਵਿਸਾਖੀ ਕਾਨਫਰੰਸ 'ਤੇ ਕੇਂਦਰ ਦੇ ਵੱਡਾ ਨੇਤਾ ਸੱਦਣ ਦੇ ਰੌਅ ਵਿੱਚ ਹੈ। ਕਾਂਗਰਸ ਪਾਰਟੀ ਵੱਲੋਂ ਤਾਜਪੋਸ਼ੀ ਸਮਾਗਮਾਂ ਵਾਲੀ ਟੀਮ ਨੂੰ ਵਿਸਾਖੀ ਕਾਨਫਰੰਸ ਦੀ ਤਿਆਰੀ ਲਈ ਤਾਇਨਾਤ ਕਰ ਦਿੱਤਾ ਗਿਆ ਹੈ। ਰਣਇੰਦਰ ਸਿੰਘ ਵੱਲੋਂ ਬਠਿੰਡਾ ਤੇ ਮਾਨਸਾ ਵਿੱਚ ਅਪਰੈਲ ਦੇ ਪਹਿਲੇ ਹਫ਼ਤੇ ਵਿਸਾਖੀ ਕਾਨਫਰੰਸ ਦੀ ਤਿਆਰੀ ਲਈ ਮੀਟਿੰਗਾਂ ਕੀਤੀਆਂ ਜਾਣੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਵਿਸਾਖੀ ਕਾਨਫਰੰਸ 'ਤੇ ਇੱਕ ਲੱਖ ਦਾ ਇਕੱਠ ਕਰਨ ਦਾ ਟੀਚਾ ਦਿੱਤਾ ਹੈ।




# ਵਿਧਾਇਕਾਂ ਵਲੋਂ ਸਿਖਿਆ ਦਾ ਮਾਧਿਅਮ ਅੰਗ੍ਰਜ਼ੀ ਬਣਾਉਣ ਦੇ ਬਿਆਨ ਦੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਨਿਖੇਧੀ

## ਚੋਣਾਂ ਅਕਤੂਬਰ ਵਿਚ ਬੈਲਟ ਪੇਪਰ ਰਾਹੀ, ਮੈਂਬਰਸ਼ਿਪ ਫਾਰਮ ਲੈਣ ਦੀ ਮਿਤੀ 31 ਜੁਲਾਈ

**ਹੁਸ਼ਿਆਰਪੁਰ–** ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਮੀਟਿੰਗ ਦੀ ਜਾਣਕਾਰੀ ਪ੍ਰੈਸ ਨੂੰ ਦਿੰਦਿਆਂ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਕਾਰਜਕਾਰਨੀ ਨੇ ਇਕ ਮਤੇ ਰਾਹੀਂ ਸੱਤਾਧਾਰੀ ਤੇ ਵਿਰੋਧੀ ਧਿਰ ਦੇ ਵਿਧਾਇਕਾਂ ਚਰਨਜੀਤ ਸਿੰਘ ਚੰਨੀ ਅਤੇ ਪਵਨ ਕੁਮਾਰ ਟੀਨੂ ਦੇ ਵਿਧਾਨ ਸਭਾ ਵਿਚ ਦਿੱਤੇ ਉਨ੍ਹਾਂ ਦੇ ਵਿਚਾਰਾਂ ਦੀ ਪੁਰ ਜ਼ੋਰ ਨਿੰਦਾ ਕੀਤੀ ਹੈ ਜਿਨ੍ਹਾਂ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਦਾ ਮਾਧਿਅਮ ਅੰਗ੍ਰੇਜ਼ੀ ਕਰਨ ਦੀ ਵਕਾਲਤ ਕੀਤੀ ਗਈ ਹੈ।

ਅਫ਼ਰੀਕੀ ਦੇਸ਼ ਬਸਤੀਵਾਦ ਦੀ ਛੱਟ ਅੰਗ੍ਰੇਜ਼ੀ ਤੋਂ ਪਿੱਛਾ ਛੁਡਾ ਰਹੇ ਹਨ, ਕਰਨਾਟਕ ਵਰਗੇ ਪ੍ਰਦੇਸ਼ ਕੰਨੜ ਵਿਚ ਹਰ ਤਰ੍ਹਾਂ ਦੀ ਪੜ੍ਹਾਈ ਦੀ ਮੁੜ ਵਕਾਲਤ ਕਰ ਰਹੇ ਹਨ ਤਾਂ ਉਸ ਵੇਲੇ ਦੁਨੀਆਂ ਭਰ ਦੇ ਸਿਖਿਆ ਸ਼ਾਸਤਰੀਆਂ ਅਤੇ ਮਨੋਵਿਗਿਆਨੀਆ ਦੀਆਂ ਰਾਵਾਂ ਦੇ ਉਲਟ ਵਿਦੇਸ਼ੀ ਭਾਸ਼ਾ ਰਾਹੀਂ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਦੂਸ਼ਿਤ ਕਰਨ ਉਪਰ ਬਲ ਦੇਣ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਕੇਂਦਰੀ ਸਭਾ ਦੀ ਆਰੰਭ ਤੋਂ ਹੀ ਇਹ ਮੰਗ ਰਹੀ ਹੈ ਕਿ ਸਾਰੇ ਨਿੱਜੀ/ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਦਾ ਮਾਧਿਅਮ ਮਾਂ ਬੋਲੀ ਪੰਜਾਬੀ ਵਿਚ ਹੋਣਾ ਚਾਹੀਦਾ ਹੈ। ਸਭਾ ਇਸ ਮੰਗ ਨੂੰ ਮੁੜ ਦੁਹਰਾਉਂਦੀ ਹੈ।

ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਕਾਰਜਕਾਰਨੀ ਨੇ ਆਲਮੀ ਪੰਜਾਬੀ ਕਾਨਫਰੰਸ ਚੰਡੀਗੜ੍ਹ (19 ਤੋਂ 21) ਫਰਵਰੀ ਨੂੰ ਪੂਰੀ ਤਰ੍ਹਾਂ ਸਫਲ ਮੰਨਿਆਂ। ਪਰਚਿਆਂ ਤੇ ਬਹਿਸ ਦੀ ਉਚੀ ਪੱਧਰ, ਸ੍ਰੋਤਿਆ ਦੀ ਤਿੰਨੇ ਦਿਨ ਭਰਪੂਰ ਹਾਜ਼ਰੀ ਅਤੇ ਸੁਯੋਗ ਪ੍ਰਬੰਧ ਨੇ ਵਿਸ਼ਵ ਭਰ ਵਿਚ ਕਾਨਫਰੰਸ ਦੇ ਸੁਨੇਹੇ ਨੂੰ ਪੁਚਾਇਆ ਹੈ।

ਕਰਜਕਾਰਨੀ ਨੇ ਸਭਾ ਦੀਆਂ 2014 ਦੀਆਂ ਚੋਣਾਂ ਵਿਚ ਆਈਆਂ ਪ੍ਰੇਸ਼ਾਨੀਆਂ ਨੂੰ ਧਿਆਨ ਵਿਚ ਰੱਖ ਕੇ ਇਸ ਬਾਰ ਦੀਆ ਚੋਣਾਂ ਅਕਤੂਬਰ ਮਹੀਨੇ ਵਿਚ ਕਰਵਾਉਣ ਦਾ ਫੈਸਲਾ ਕੀਤਾ ਹੈ ਤੇ ਇਹ ਵੀ ਫੈਸਲਾ ਕੀਤਾ ਹੈ ਕਿ ਇਹ ਵੋਟਾਂ ਸਿਰਫ ਪਰਚੀ ਰਾਹੀਂ (ਬੈਲਟ ਪੇਪਰ) ਰਾਹੀਂ ਹੀ ਪਈਆਂ ਜਾਣਗੀਆ।

ਕਾਰਜਕਾਰਨੀ ਨੇ ਆਉਣ ਵਾਲ਼ੇ ਦ ਮਹੀਨੀਆਂ ਦੌਰਾਨ ਕੇਂਦਰੀ ਸਭਾ ਦੇ ਸਹਿਯੋਗ ਨਾਲ਼ ਕਰਵਾਏ ਜਾਣ ਵਾਲ਼ੇ ਸੈਮੀਨਾਰਾਂ ਨੂੰ ਪ੍ਰਵਾਨਗੀ ਦਿੱਤੀ ਅਤੇ ਜੂਨ ਦੇ ਮਹੀਨੇ ਜਲੰਧਰ ਵਿਚ ਦਲਿਤ ਸਾਹਿਤ ਉਪਰ ਰਾਸ਼ਟਰੀ ਸੈਮੀਨਾਰ ਕਰਵਾਉਣ ਦਾ ਫੈਸਲਾ ਵੀ ਲਿਆ।

ਕਾਰਜਕਾਰਨੀ ਦੇ ਇਕ ਹੋਰ ਅਹਿਮ ਫੈਸਲੇ ਅਨੁਸਾਰ ਮੈਂਬਰਸ਼ਿਪ ਨਵਿਆਉਣ ਦੀ ਤਾਰੀਖ਼ 31 ਜੁਲਾਈ ਰੱਖੀ ਗਈ ਹੈ। ਇਸ ਤੋਂ ਬਾਦ ਕਿਸੇ ਫਾਰਮ ਉਪਰ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਉਪਰੋਕਤ ਅਹੁਦੇਦਾਰਾਂ ਤੋਂ ਇਲਾਵਾ ਡਾ. ਹਰਜਿੰਦਰ ਸਿੰਘ ਅਟਵਾਲ, ਦੀਪ ਦੇਵਿੰਦਰ ਸਿੰਘ, ਮੱਖਣ ਸਿੰਘ ਕੁਹਾੜ, ਸ਼ਮਸ਼ੇਰ ਮੋਹੀ, ਵਰਗਿਸ ਸਲਾਮਤ, ਦੇਵ ਦਰਦ, ਸੁਰਿੰਦਰ ਪ੍ਰੀਤ ਘਣੀਆਂ, ਸੋਮਾ ਸਬਲੋਕ, ਜਸਬੀਰ ਝੱਜ, ਕਰਮ ਸਿੰਘ ਵਕੀਲ, ਚਰਨ ਕੌਸ਼ਲ, ਦੀਪ ਜਗਦੀਪ, ਪ੍ਰਭਜੋਤ ਸੋਹੀ, ਤਰਲੋਚਨ ਝਾਂਡੇ, ਸੁਰਿੰਦਰ ਰਾਮਪੁਰੀ, ਹਜ਼ਾਰਾ ਸਿੰਘ ਚੀਮਾ ਅਤੇ ਗੁਰਚਰਨ ਕੌਰ ਕੋਚਰ ਵੀ ਮੌਜੂਦ ਸਨ।

# ਮਾਇਆਵਤੀ ਦੀ ਰਣਨੀਤੀ ਨੇ ਉਡਾਈ ਨੀਂਦ

**ਮੁਜੱਫਰਨਗਰ (ਯੂ. ਪੀ.) –** ਯੂ. ਪੀ. ਵਿਚ ਆਗਾਮੀ ਵਿਧਾਨ ਸਭਾ ਚੋਣਾਂ 2017 ਵਿਚ ਬਸਪਾ ਸੁਪਰੀਮੋ ਮਾਇਆਵਤੀ ਨੇ ਇਸ ਵਾਰ ਨਵੀਂ ਰਣਨੀਤੀ ਤਿਆਰ ਕੀਤੀ ਹੈ। ਪਹਿਲਾਂ ਯੂ. ਪੀ. ਦੀ ਸੱਤਾ ਵਿਚ ਮਾਇਆਵਤੀ ਬ੍ਰਾਹਮਣਵਾਦ ਦਲਿਤ ਰਣਨੀਤੀ ਦੇ ਜ਼ਰੀਏ ਸੱਤ ਵਿਚ ਆਈ ਸੀ। ਹੁਣ ਬ੍ਰਾਹਮਣਾਂ ਨੂੰ ਛੱਡ ਕੇ ਦਲਿਤ ਅਤੇ ਮੁਸਲਿਮ ਸਮੀਕਰਨ ਨਾਲ ਕਰਕੇ ਸੱਤਾ ਹਾਸਲ ਕਰਨ ਦਾ ਤਾਣਾ ਬਾਣਾ ਬੁਣਨ ਦਾ ਕੰਮ ਆਰੰਭ ਕਰ ਦਿੱਤਾ ਹੈ। ਜੇਕਰ ਬਸਪਾ ਆਪਣੇ ਇਸ ਮਿਸ਼ਨ ਨੂੰ ਸਫਲਤਾ ਤੱਕ ਪਹੁੰਚਾਉਣ ਵਿਚ ਕਾਮਯਾਬ ਹੋਈ ਤਾਂ ਇਸਦਾ ਸਭ ਤੋਂ ਜ਼ਿਆਦਾ ਨੁਕਸਾਨ ਸਪਾ ਨੂੰ ਹੋਵੇਗਾ।



ਸਪਾ ਨੇ ਮੁਸਲਮਾਨਾਂ ਨੂੰ 18 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਵਾਅਦਾ ਕੀਤਾ ਸੀ, ਜਿਸਨੂੰ ਉਸਨੇ ਨਹੀਂ ਨਿਭਾਇਆ। ਜ਼ਿਲ੍ਹਾ ਪੰਚਾਇਤ ਦੀਆਂ ਹੋਈਆਂ ਚੋਣਾਂ ਵਿਚ ਸਪਾ ਨੇ 32 ਯਾਦਵਾਂ ਨੂੰ ਜ਼ਿਲ੍ਹਾ ਪੰਚਾਇਤ ਚੇਅਰਮੈਨ ਬਣਵਾਇਆ, ਜਿਸ ਵਿਚ ਕੇਵਲ 3 ਮੁਸਲਮਾਨਾਂ ਨੂੰ ਹੀ ਚੋਣ ਲੜਾਈ। ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਚ 16 ਯਾਦਵਾਂ ਨੂੰ ਐਮ. ਐਲ. ਸੀ. ਬਣਾਇਆ ਗਿਆ। ਇਸ ਵਿਚ ਵੀ ਮੁਸਲਮਾਨਾਂ ਨੂੰ ਸਿਰਫ 4 ਹੀ ਸੀਟਾਂ ਮਿਲੀਆਂ। ਜਦਕਿ ਜੇਕਰ ਦੇਖਿਆ ਜਾਵੇ ਤਾਂ ਪ੍ਰਦੇਸ਼ ਵਿਚ ਯਾਦਵਾਂ ਦੀ ਗਿਣਤੀ 7 ਫੀਸਦੀ ਹੈ ਅਤੇ ਮੁਸਲਮਨਾਂ ਦੀ 25 ਫੀਸਦੀ ਹੈ। ਵੋਟ ਦੇਣ ਵਿਚ ਮੁਸਲਮਾਨਾਂ ਦੀ ਗਿਣਤੀ ਜ਼ਿਆਦਾ ਹੈ ਪਰ ਐਮ. ਐਲ. ਸੀ. ਅਤੇ ਜ਼ਿਲ੍ਹਾ ਪੰਚਾਇਤ ਚੇਅਰਮੈਨ ਬਣਨ ਵਿਚ ਯਾਦਵਾਂ ਨੂੰ ਅਹਿਮੀਅਤ ਦੇਣ ਕਾਰਨ ਮੁਸਲਮਾਨ ਸਪਾ ਤੋਂ ਨਰਾਜ਼ ਹਨ। ਬਸਪਾ ਸੁਪਰੀਮੋ ਮਾਇਆਵਤੀ ਨੇ ਫਿਲਹਾਲ ਇਸ ਰਣਨੀਤੀ ਨੂੰ ਮੂਰਤ ਰੂਪ ਦੇਣ ਦੇ ਲਈ ਬਸਪਾ ਦਾ ਕੌਮੀ ਮੁੱਖ ਸਕੱਤਰ ਨਸੀਮੁਦੀਨ ਸਿਦੀਕੀ ਨੂੰ ਲਗਾਇਆ ਹੈ। ਨਸੀਮੁਦੀਨ ਹੁਣ ਸੂਬੇ ਦੇ ਮੁਸਲਿਮ ਬਹੁਗਿਣਤੀ ਵਿਧਾਨ ਸਭਾ ਖੇਤਰਾਂ ਦਾ ਦੌਰਾ ਕਰਨ ਨਿਕਲ ਪਏ ਹਨ। ਹਾਲ ਹੀ ਵਿਚ ਮੁਜੱਫਰਨਗਰ ਦੌਰੇ ਵਿਚ ਨਸੀਮੁਦੀਨ ਸਿਦੀਕੀ ਨੇ ਬੁਢਾਣਾ ਵਿਧਾਨ ਸਭਾ ਖੇਤਰ ਤੋਂ ਨਵੇਂ ਉਮੀਦਵਾਰ ਦਾ ਐਲਾਨ ਕਰਕੇ ਮਾਇਆਵਤੀ ਦੀ ਯੋਜਨਾ ਨੂੰ ਸਿਆਸੀ ਹਲਕੇ ਖਾਸ ਕਰਕੇ ਸਮਾਜਵਾਦੀ ਪਾਰਟੀ ਵਿਚ ਸਿਆਸੀ ਹੰਗਾਮਾ ਮਚਾ ਦਿੱਤਾ ਹੈ। ਇਹ ਗੱਲ ਤਹਿ ਹੁੰਦੀ ਜਾ ਰਹੀ ਹੈ ਕਿ ਮਾਇਆਵਤੀ ਹੁਣ ਨਿਰਣਾਇਕ ਵੋਟ ਦੇਣ ਵਾਲੇ ਵਰਗ ਦਲਿਤ-ਮੁਸਲਮਾਨ ਨੂੰ ਜੇਕਰ ਇਕੱਠ ਕਰਨ ਵਿਚ ਕਾਮਯਾਬ ਹੁੰਦੀ ਹੈ ਤਾਂ ਸਾਰੀਆਂ ਪਾਰਟੀਆਂ ਨੂੰ ਚਿੱਤ ਕਰਨ ਵਿਚ ਕੋਈ ਸ਼ੰਕਾ ਨਹੀਂ ਹੈ। ਵਰਣਨਯੋਗ ਹੈ ਕਿ ਦਲਿਤ ਵੋਟ ਬੈਂਕ ਪੂਰੀ ਤਰ੍ਹਾਂ ਹੁਣ ਵੀ ਹਾਥੀ ਦੇ ਨਾਲ ਹੈ। ਜਦਕਿ ਮੁਸਲਮਾਨ ਹੁਣ ਕੇਵਲ ਭਾਜਪਾ ਉਮੀਦਵਾਰਾਂ ਨੂੰ ਹਰਾਉਣ ਲਈ ਵੋਟ ਦੇਣ ਲਈ ਤਿਆਰੀ ਵਿਚ ਹਨ। ਅਜਿਹੇ ਵਿਚ ਮਾਇਆਵਤੀ ਦੇ ਲਈ ਇਹ ਚੰਗਾ ਮੌਕਾ ਹੈ। ਜਦੋਂ ਸਮਾਜਵਾਦੀ ਪਾਰਟੀ ਵਿਚ ਮੁਸਲਮਾਨ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਮਹਿਸੂਸ ਕਰ ਪਾ ਰਹੇ ਕਿਉਂਕਿ ਸਪਾ ਸਰਕਾਰ ਨੇ ਮੁਸਲਮਾਨਾਂ ਦੇ ਨਾਲ ਇਨਸਾਫ ਨਹੀਂ ਕੀਤਾ। ਇਸ ਕਾਰਨ ਮੁਸਲਮਾਨਾਂ ਨੇ ਸਪਾ ਤੋਂ ਕਿਨਾਰਾ ਕਰਨ ਦਾ ਫੈਸਲਾ ਕਰ ਲਿਆ ਹੈ।





ਡਾ. ਇੰਦੂ ਚੌਧਰੀ ਓਰੀਆ ਜ਼ਿਲ੍ਹੇ ਦੇ ਮਨਯੌਰਾ (ਪੂਰਾ ਕਰਲੀ) ਪਿੰਡ ਵਿਚ ਬੋਧ ਕਥਾ ਆਯੋਜਨ ਦੌਰਾਨ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਮਿਸ਼ਨ ਦਾ ਦੀਵਾ ਜਗਾਉਂਦੀ ਹੋਈ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਮੀਟਿੰਗ



**ਕੈਲੇਫੋਰਨੀਆ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ, ਮਾਉਂਟੇਨ ਮਾਈਕ ਪੀਜਾ, ਆਬਰਨ ਬੁਲੇਵਾਰਡ, ਸੈਕਰਾਮੈਂਟੋ ਤੇ ਐਤਵਾਰ ਬਾਅਦ ਦੁਪਹਿਰ ਹੋਈ। ਲੰਚ ਕਰਨ ਤੋਂ ਬਾਅਦ ਮੀਟਿੰਗ ਨੂੰ ਸ਼ੁਰੂ ਕਰਦਿਆਂ, ਸਕੱਤਰ ਜੋਤੀ ਸਿੰਘ ਨੇ ਆਪਣੀ ਤਾਜ਼ਾ ਕਹਾਣੀ 'ਰੱਬ ਦੀ ਧੀਅ' ਪੜ੍ਹੀ। ਆਦਮੀ ਤੋਂ ਔਰਤ ਬਣਨ ਦੇ ਗੰਭੀਰ ਵਿਸ਼ੇ ਤੇ ਲਿਖੀ ਕਹਾਣੀ ਤੇ ਪ੍ਰਧਾਨ ਦਿਲ ਨਿੱਜਰ, ਇੰਦਰਜੀਤ ਗਰੇਵਾਲ, ਮਹਿੰਦਰ ਸਿੰਘ ਘੱਗ ਅਤੇ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਆਪੋ-ਆਪਣੇ ਵਿਚਾਰ ਅਤੇ ਸੁਝਾਅ ਪੇਸ਼ ਕੀਤੇ। ਉਪਰੰਤ ਤਤਿੰਦਰ ਕੌਰ ਨੇ ਆਪਣੀ ਤਾਜ਼ਾ ਕਹਾਣੀ 'ਆਉਣ ਦੀ ਉਡੀਕ' ਪੜ੍ਹ ਕੇ ਸੁਣਾਈ। ਸਭਾ ਦੀ ਨਵੀਂ ਮੈਂਬਰ ਜੋ ਖਾਸ ਤੌਰ ਤੇ ਸਭਾ ਦੀ ਮੀਟਿੰਗ 'ਚ ਹਾਜ਼ਰ ਹੋਣ ਲਈ ਸੈਂਟਾ ਕਲਾਰਾ ਤੋਂ ਲੰਮੀ ਵਾਟ ਮੁਕਾ ਕੇ ਪਹੁੰਚਦੀ ਹੈ, ਰਸ਼ਮੀ ਸੈਣੀ ਜੀ ਦੀ ਪਲੇਠੀ ਕਹਾਣੀ 'ਮੇਰੀ ਅਧੂਰੀ ਜ਼ਿੰਦਗੀ' ਇੰਦਰਜੀਤ ਗਰੇਵਾਲ ਨੈ ਪੜ੍ਹ ਕੇ ਸੁਣਾਈ।

ਉਪਰੰਤ ਕਵੀ ਦਰਬਾਰ ਵਿਚ ਹਰ ਇਕ ਕਵੀ ਨੇ ਤਿੰਨ, ਚਾਰ ਗੀਤਾਂ, ਗਜ਼ਲਾਂ, ਕਵਿਤਾਵਾਂ ਸੁਣਾ ਕੇ ਮਹਿਫਲ ਨੂੰ ਰੰਗੀਨ ਬਣਾ ਦਿੱਤਾ। ਹਾਜ਼ਰ ਕਵੀਆਂ ਵਿਚ ਪ੍ਰਧਾਨ ਦਿਲਵੀਰ ਦਿਲ ਨਿੱਜਰ, ਇੰਦਰਜੀਤ ਗਰੇਵਾਲ ਥਰੀਕੇ, ਰਾਠੇਸ਼ਵਰ ਸਿੰਘ ਸੂਰਾਪੁਰੀ, ਰਮੇਸ਼ ਕੁਮਾਰ ਬੰਗੜ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਅਜੈਬ ਸਿੰਘ ਚੀਮਾ, ਗੁਰਿੰਦਰ ਸਿੰਘ ਸੂਰਾਪੁਰੀ, ਮਲਿਕ ਇਮਤਿਆਜ਼, ਤਤਿੰਦਰ ਕੌਰ, ਜੋਤੀ ਸਿੰਘ, ਰਸ਼ਮੀ ਸੈਣੀ, ਜੋਗਿੰਦਰ ਕੌਰ ਸ਼ੋਖੀ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ।

ਅਗਲੀ ਮਾਸਿਕ ਇਕੱਤਰਤਾ ਅਪ੍ਰੈਲ 24 ਦਿਨ ਐਤਵਾਰ ਨੂੰ ਸੁੱਖੀ ਕਾਹਲੋਂ ਅਤੇ ਰੌਨ ਕਾਹਲੋਂ ਜੀ ਦੇ ਮਾਉਂਟੇਨ ਮਾਈਕਸ ਪੀਜ਼ਾ, 5640 ਆਬਰਨ ਬੁਲੇਵਾਰਡ 'ਤੇ ਹੋਵੇਗੀ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਪੰਜਾਬੀ ਸਾਹਿਤ ਸਭਾ ਨਾਲ ਜੁੜਨ ਲਈ 916-628-2210 ਜਾਂ 916-248- 1535 ਤੇ ਕਾਲ ਕਰ ਸਕਦੇ ਹੋ।


A & S Auto Repair & Services
Specializing in Brakes & Axles
ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ
10% of any repair of $ 75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673
9:00 AM to 6:00 PM Mon-Sat



Amarjit Sandhu

ਦੇਸ਼ ਦੁਆਬਾ

# ਮਨੂੰਵਾਦ ਬਨਾਮ ਬਹੁਲਤਾਵਾਦ ਵਿਚਕਾਰ ਸੰਘਰਸ਼

ਭਾਰਤ ਵਿਚ ਜਵਾਹਰ ਲਾਲ ਨਹਿਰੂ ਅਤੇ ਹੈਦਰਾਬਾਦ ਯੂਨੀਵਰਸਿਟੀਆਂ ਹਾਲ ਹੀ ਵਿਚ ਅਜਿਹੀਆਂ ਉਦਾਹਰਣਾਂ ਬਣ ਕੇ ਸਾਹਮਣੇ ਆਈਆਂ ਹਨ, ਜਿਹਨਾਂ ਵਿਚ ਮਨੂੰਵਾਦ ਦੇ ਖਿਲਾਫ ਆਵਾਜ਼ ਬੁਲੰਦ ਹੋਈ ਹੈ। 9 ਫਰਵਰੀ ਨੂੰ ਜੇ. ਐਨ. ਯੂ. ਵਿਚ ਕੁਝ ਲੋਕਾਂ ਨੇ ਦੇਸ਼ ਵਿਰੋਧੀ ਨਾਅਰੇ ਲਗਾਏ ਅਤੇ 8 ਮਾਰਚ ਨੂੰ ਕੁਝ ਵਿਦਿਆਰਥੀਆਂ ਨੇ ਮਨੂ ਸਿਮ੍ਰਤੀ ਦੇ ਕੁਝ ਪੰਨੇ ਵੀ ਸਾੜ ਦਿੱਤੇ। ਇਸ ਪ੍ਰੋਗਰਾਮ ਵਿਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਵਿਦਰੋਹੀ ਵਿਦਿਆਰਥੀ ਲੀਡਰਾਂ ਨੇ ਵੀ ਸ਼ਿਰਕਤ ਕੀਤੀ। ਆਈਸਾ, ਡੀ. ਐਸ. ਯੂ. ਅਤੇ ਬਿਰਸਾ ਅੰਬੇਡਕਰ ਫੂਲੇ ਵਿਦਿਆਰਥੀ ਸੰਗਠਨ ਸਮੇਤ ਕਈ ਹੋਰ ਸੰਗਠਨਾਂ ਦੀ ਅਗਵਾਈ ਵਿਚ ਇਹ ਪ੍ਰੋਗਰਾਮ ਕੌਮਾਂਤਰੀ ਔਰਤ ਦਿਵਸ ਦੇ ਮੌਕੇ ਤੇ ਇਹ ਕਹਿੰਦੇ ਹੋਏ ਕੀਤਾ ਕਿ ਇਸ ਪੁਸਤਕ ਵਿਚ ਔਰਤਾਂ ਦੇ ਪ੍ਰਤੀ ਅਪਮਾਨਜਨਕ ਗੱਲਾਂ ਲਿਖੀਆਂ ਗਈਆਂ ਹਨ। ਇਹ ਪ੍ਰੋਗਰਾਮ ਜੇ. ਐਨ. ਯੂ. ਪ੍ਰਸ਼ਾਸਨ ਦੀ ਆਗਿਆ ਨਾ ਮਿਲਣ ਦੇ ਬਾਵਜੂਦ ਕੀਤਾ ਗਿਆ। ਯੂਨੀਵਰਸਿਟੀ ਪ੍ਰਸ਼ਾਸਨ ਦਾ ਤਰਕ ਸੀ ਕਿ ਮਾਹੌਲ ਅਜਿਹਾ ਨਹੀਂ ਹੈ ਕਿ ਇਸ ਕਿਸਮ ਦੇ ਪ੍ਰੋਗਰਾਮ ਦੀ ਆਗਿਆ ਦਿੱਤੀ ਜਾਵੇ।

ਪ੍ਰੋਗਰਾਮ ਆਯੋਜਿਤ ਕਰਨ ਵਾਲੇ ਵਿਦਿਆਰਥੀਆਂ ਦਾ ਕਹਿਣਾ ਸੀ ਕਿ ਆਖਿਰ ਮਨੂ ਸ੍ਰਿਮਤੀ ਸਾੜਨ ਵਿਚ ਇਤਰਾਜ਼ ਕਿਉਂ? ਇਸ ਪ੍ਰੋਗਰਾਮ ਵਿਚ ਸ਼ਾਮਲ ਕੁਝ ਵਿਦਿਆਰਥੀਆਂ ਨੇ ਕਿਹਾ ਕਿ ਮਨੂ ਸਿਮ੍ਰਤੀ ਪੜ੍ਹਨਾ ਵਾਕਿਆ ਹੀ ਗਲਤ ਹੈ। ਮੀਡੀਆ ਨੇ ਇਸ ਘਟਨਾ ਨੂੰ ਜ਼ਿਆਦਾ ਤਵੱਜੋਂ ਨਹੀਂ ਦਿੱਤੀ, ਇਸ ਕਰਕੇ ਇਹ ਵੱਡਾ ਮੁੱਦਾ ਨਹੀਂ ਬਣਿਆ। ਹੁਣ ਇਹ ਵਿਦਿਆਰਥੀ ਸੰਗਠਨ 14 ਅਪ੍ਰੈਲ ਨੂੰ ਡਾ. ਅੰਬੇਡਕਰ ਦੇ ਜਨਮ ਦਿਨ ਤੇ ਮਨੂੰ ਸ੍ਰਿਮਤੀ ਸਾੜਨ ਦਾ ਸੱਦਾ ਦੇ ਰਹੇ ਹਨ। ਅਜਿਹਾ ਇਸ ਕਰਕੇ ਕਿ 1927 ਵਿਚ ਪਹਿਲੀ ਵਾਰ ਡਾ. ਅੰਬੇਡਕਰ ਨੇ ਮਨੂ ਸਿਮ੍ਰਤੀ ਨੂੰ ਹਿੰਦੂ ਸਮਾਜ ਦੀਆਂ ਸਾਰੀਆਂ ਬੁਰਾਈਆਂ ਦੀ ਜੜ੍ਹ ਦੱਸਦੇ ਹੋਏ ਇਸਨੂੰ ਸਾੜਿਆ ਸੀ। ਮਨੂ ਸਿਮ੍ਰਤੀ ਦੇ ਕੁਝ ਸ਼ਲੋਕ ਦਲਿਤਾਂ ਅਤੇ ਔਰਤਾਂ (ਸਮੂਹ ਔਰਤ ਵਰਗ) ਨੂੰ ਘਟੀਆ ਦਰਜੇ ਦੇ ਸਾਬਤ ਕਰਦੇ ਹਨ। ਪਰ ਆਮ ਲੋਕਾਂ ਨੂੰ ਇਸ ਗ੍ਰੰਥ ਪ੍ਰਤੀ ਜਿਆਦਾ ਜਾਣਕਾਰੀ ਨਹੀਂ ਹੈ। ਇਹ ਗ੍ਰੰਥ ਹਿੰਦੂ ਸਮਾਜ ਦੇ ਵਰਣ ਵਿਵਸਥਾ ਦੀ ਵਿਆਖਿਆ ਕਰਦੀ ਹੈ। ਇਸ ਕਰਕੇ ਅਜਿਹੇ ਗ੍ਰੰਥਾਂ ਦੀ ਪੁਰਾਤਨ ਸਮੇਂ ਵਿਚ ਅਤੇ ਅੱਜ ਦੇ ਸਮੇਂ ਵਿਚ ਕੋਈ ਅਹਿਮੀਅਤ ਨਹੀਂ ਹੈ ਜੋ ਸਮਾਜ ਵਿਚ ਊਚ-ਨੀਚ, ਨਾਬਰਾਬਰੀ ਦੀਆਂ ਦੀਵਾਰਾਂ ਖੜ੍ਹੀਆਂ ਕਰਦਾ ਹੈ। ਸਮਾਜ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਅਜਿਹੀਆਂ ਮਾਨਤਾਵਾਂ ਦਾ ਤਿਆਗ ਕਰਨਾ ਹੀ ਬਿਹਤਰ ਹੈ, ਜੋ ਇਕ ਰਾਸ਼ਟਰ ਦੇ ਨਾਗਰਿਕਾਂ ਵਿਚ ਧਰਮ ਦੇ ਨਾਂ ਤੇ ਭੇਦ-ਭਾਵ, ਛੂਤ-ਛਾਤ ਅਤੇ ਵਿਤਕਰਾ ਫੈਲਾਉਂਦੇ ਹੋਣ।

ਭਾਰਤ ਵਿਚ ਮੁਸਲਿਮ ਸਮਾਜ ਵਿਚ ਵੀ ਇਕ ਜ਼ੋਰਦਾਰ ਬਹਿਸ ਚੱਲ ਰਹੀ ਹੈ, ਜਿਸ ਦਾ ਕਾਰਨ ਹੈ ਸੁਪਰੀਮ ਕੋਰਟ ਵਿਚ ਮੁਸਲਿਮ ਔਰਤਾਂ ਦੇ ਅਧਿਕਾਰਾਂ ਦੀ ਸਮੀਖਿਆ ਕਰਨ ਬਾਰੇ। ਜੇਕਰ ਸੁਪਰੀਮ ਕੋਰਟ ਮੁਸਲਿਮ ਸਮਾਜ ਵਿਚ ਤਲਾਕ ਉਤੇ ਕੋਈ ਕਾਨੂੰਨੀ ਪਾਬੰਦੀ ਲਗਾਉਂਦੀ ਹੈ ਤਾਂ ਨਿਸਚਿਤ ਹੀ ਮੁਸਲਿਮ ਸਮਾਜ ਵੀ ਭੜਕੇਗਾ। ਹੁਣ ਤੱਕ ਮੁਸਲਿਮ ਔਰਤਾਂ ਨੂੰ ਬਾਕੀ ਔਰਤਾਂ ਵਾਂਗ ਗੁਜ਼ਾਰਾ ਭੱਤਾ ਅਤੇ ਘਰੇਲੂ ਹਿੰਸਾ ਤੋਂ ਬਚਾਅ ਲਈ ਇਕ ਸਮਾਨ ਕਾਨੂੰਨਾਂ ਦਾ ਫਾਇਦਾ ਮਿਲ ਰਿਹਾ ਹੈ, ਪਰ ਤਲਾਕ ਅਤੇ ਇਕ ਤੋਂ ਵੱਧ ਔਰਤ ਨਾਲ ਵਿਆਹ ਬਾਰੇ ਵਿਵਸਥਾ ਇਸੇ ਤਰ੍ਹਾਂ ਚਲੀ ਆ ਰਹੀ ਹੈ। ਇਹਨਾਂ ਸਮੱਸਿਆਵਾਂ ਦਾ ਹੱਲ ਭਾਰਤੀ ਸੰਵਿਧਾਨ ਵਿਚ ਹੈ ਅਤੇ ਇਸ ਉਤੇ ਡਟ ਕੇ ਪਹਿਰਾ ਦੇਣ ਵਿਚ ਹੀ ਸਭ ਦਾ ਭਲਾ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਭਾਰਤ ਸਰਕਾਰ ਭਾਰਤੀ ਸੰਵਿਧਾਨ ਦੀ ਅਹਿਮੀਅਤ ਨੂੰ ਸਮਝਦੀ ਹੋਈ ਡਾ. ਅੰਬੇਡਕਰ ਦੇ 125ਵੇਂ ਜਨਮ ਦਿਹਾੜੇ ਨੂੰ ਦੇਸ਼-ਵਿਦੇਸ਼ ਵਿਚ ਭਾਰਤੀ ਨਾਗਰਿਕਾਂ ਦੇ ਸਹਿਯੋਗ ਨਾਲ ਮਨਾ ਰਹੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 41



ਮੇਘ ਰਾਜ ਮਿੱਤਰ
+91-98887-87440

? ਉੱਤਲ ਲੈਂਜ ਨਾਲ ਦੇਖਣ ਤੇ ਕੋਈ ਵੀ ਚੀਜ਼ ਵੱਡੀ ਦਿਖਾਈ ਦਿੰਦੀ ਹੈ। ਪਰ ਵਸਤੂ ਤੋਂ ਲੈਂਜ ਦੀ ਦੂਰੀ ਹੋਰ ਵਧਾਉਣ ਤੇ ਵਸਤੂ ਉਲਟੀ ਕਿਉਂ ਦਿਖਾਈ ਦਿੰਦੀ ਹੈ?

* ਇਹ ਸਾਰਾ ਕੁਝ ਪ੍ਰਕਾਸ਼ ਦੇ ਪਰਿਵਰਤਨ ਅਤੇ ਅਪਵਰਤਨ ਦੇ ਨਿਯਮਾਂ ਕਾਰਨ ਹੁੰਦਾ ਹੈ। ਪ੍ਰਕਾਸ਼ ਜਦੋਂ ਵੀ ਵਿਰਲੇ ਮਾਧਿਅਮ ਤੋਂ ਸੰਘਣੇ ਮਾਧਿਅਮ ਵੱਲ ਪ੍ਰਵੇਸ਼ ਕਰਦਾ ਹੈ ਤਾਂ ਉਹ ਉਸ ਵਸਤੂ ਦੇ ਤਲ ਤੋਂ ਟਕਰਾ ਕੇ ਆਪਣੀ ਦਿਸ਼ਾ ਬਦਲ ਲੈਂਦਾ ਹੈ।

? ਤੇਲ ਪਾਣੀ ਦੇ ਤਲ ਤੇ ਫੈਲ ਜਾਂਦਾ ਹੈ ਜਦੋਂ ਕਿ ਪਾਣੀ ਨਹੀਂ ਕਿਉਂ?

* ਤੇਲ ਪਾਣੀ ਨਾਲੋਂ ਹਲਕਾ ਹੁੰਦਾ ਹੈ। ਇਸਦੇ ਕਣ ਧਰਤੀ ਦੇ ਕੇਂਦਰ ਤੋਂ ਆਪਣੀ ਦੂਰੀ ਸਮਾਨ ਰੱਖਣਾ ਚਾਹੁੰਦੇ ਹਨ, ਇਸ ਲਈ ਤੇਲ ਪਾਣੀ ਦੇ ਤਲ ਤੇ ਫੈਲ ਜਾਂਦਾ ਹੈ।

? ਵਾਟਰ ਵਰਕਸ ਪ੍ਰਣਾਲੀ ਵਿਚ ਪਾਣੀ ਨੂੰ ਕਿਵੇਂ ਸ਼ੁੱਧ ਕੀਤਾ ਜਾਂਦਾ ਹੈ?

* ਵਾਟਰ ਵਰਕਸ ਪ੍ਰਣਾਲੀ ਵਿਚ ਪਾਣੀ ਵਿਚ ਕਲੋਰੀਨ ਦੀਆਂ ਗੋਲੀਆਂ ਪਾਈਆਂ ਜਾਂਦੀਆਂ ਹਨ। ਇਨ੍ਹਾਂ ਨਾਲ ਪਾਣੀ ਵਿਚਲੇ ਬੈਕਟੀਰੀਆ ਮਰ ਜਾਂਦੇ ਹਨ।

? ਛੋਟੇ ਕਮਰੇ ਵਿਚ ਈਕੋ ਸੁਣਾਈ ਕਿਉਂ ਨਹੀਂ ਦਿੰਦੀ।

* ਧੁਨੀ ਦੇ ਪ੍ਰਾਵਰਤਿਤ ਹੋਣ ਲਈ ਜੇ ਦੂਰੀ ਨੇੜੇ ਹੋਵੇਗੀ ਤਾਂ ਉਹ ਛੇਤੀ ਹੀ ਪ੍ਰੀਵਰਤਨ ਹੋ ਕੇ ਆ ਜਾਂਦੀ ਹੈ। ਤੇ ਪਹਿਲੀ ਧੁਨੀ ਵਿਚ ਹੀ ਰਲ-ਗਡ ਹੋ ਜਾਂਦੀ ਹੈ। ਇਸ ਲਈ ਛੋਟੇ ਕਮਰਿਆਂ ਵਿਚ ਈਕੋ ਸੁਣਾਈ ਨਹੀਂ ਦਿੰਦੀ। ਵੱਡੇ ਕਮਰੇ ਆਵਾਜ਼ ਨਾਲ ਗੂੰਜਦੇ ਹਨ।

? ਤਾਰ ਨੂੰ ਮਰੋੜਨ ਤੇ ਗਰਮ ਹੋ ਕੇ ਕਿਉਂ ਟੁੱਟ ਜਾਂਦੀ ਹੈ।

* ਕਿਸੇ ਵੀ ਤਾਰ ਵਿਚ ਅਸ਼ੁੱਧੀ ਜਾਂ ਕਾਰਬਨ ਆਦਿ ਦੀ ਮਾਤਰਾ ਹੁੰਦੀ ਹੈ। ਇਸੀ ਕਾਰਨ ਮਰੋੜਨ ਤੇ ਇਹ ਟੁੱਟ ਜਾਂਦੀ ਹੈ।

? ਬੱਸ ਵਿਚ ਸਫ਼ਰ ਕਰਦੇ ਸਮੇਂ ਧਰਤੀ ਤੇ ਮੌਜੂਦ ਵਸਤਾਂ ਤੁਰਦੀਆਂ ਕਿਉਂ ਦਿਖਾਈ ਦਿੰਦੀਆਂ ਹਨ।

* ਬੱਸ ਗਤੀ ਵਿਚ ਹੁੰਦੀ ਹੈ, ਅਤੇ ਆਲਾ ਦੁਆਲਾ ਬੱਸ ਦੇ ਮੁਕਾਬਲੇ ਸਥਿਰ ਹੁੰਦਾ ਹੈ। ਇਸ ਲਈ ਧਰਤੀ 'ਤੇ ਮੌਜੂਦ ਵਸਤੂਆਂ ਤੁਰਦੀਆਂ ਦਿਖਾਈ ਦਿੰਦੀਆਂ ਹਨ।

? ਪਾਰਾ ਉਂਗਲ ਨਾਲ ਕਿਉਂ ਨਹੀ ਚਿਪਕਦਾ ਜਦੋਂ ਕਿ ਪਾਣੀ ਚਿਪਕਦਾ ਹੈ, ਕਿਉਂ।

* ਪਾਰੇ ਦੇ ਕਣ ਭਾਰੀ ਹੋਣ ਕਾਰਨ ਉਂਗਲ ਨਾਲ ਨਹੀਂ ਚਿਪਕਦੇ।

? ਦਹੀਂ ਨੂੰ ਜਮਾਉਣ ਲਈ ਦਹੀਂ ਦੀ ਲੋੜ ਪੈਂਦੀ ਹੈ ਕੀ ਹੋਰ ਕੋਈ ਵਸਤੂ ਹੈ ਜਿਸ ਨਾਲ ਦਹੀਂ ਜੰਮ ਸਕੇ।

* ਦਹੀਂ ਵਿਚ ਜੀਵਾਣੂ ਹੁੰਦੇ ਹਨ ਇਸ ਲਈ ਜਦੋਂ ਦੁੱਧ ਤੋਂ ਦਹੀਂ ਬਣਾਉਣਾ ਹੁੰਦਾ ਹੈ ਤਾਂ ਸਾਨੂੰ ਜੀਵਾਣੂਆਂ ਦੀ ਲੋੜ ਪੈਂਦੀ ਹੈ। ਇਸ ਲਈ ਅਸੀਂ ਇਹ ਜੀਵਾਣੂ ਦਹੀਂ ਦੇ ਰੂਪ ਵਿਚ ਲਾਏ ਜਾਗ ਤੋਂ ਪ੍ਰਾਪਤ ਕਰਦੇ ਹਾਂ। ਹੋਰ ਕੋਈ ਅਜਿਹੀ ਵਸਤੂ ਨਹੀਂ ਜੋ ਦੁੱਧ ਨੂੰ ਦਹੀਂ ਵਿਚ ਤਬਦੀਲ ਕਰ ਸਕਦੀ ਹੋਵੇ।

? ਜਦੋਂ ਫਰਿੱਜ਼ ਵਿਚੋਂ ਬਰਫ਼ ਵਾਲਾ ਬਰਤਨ ਬਾਹਰ ਕੱਢਦੇ ਹਾਂ ਤਾਂ ਉਸ ਬਰਤਨ ਵਿਚਲੀ ਬਰਫ਼ ਦਾ ਕੇਂਦਰ ਵਾਲਾ ਭਾਗ ਉੱਪਰ ਵੱਲ ਨੂੰ ਕਿਉਂ ਉੱਠ ਜਾਂਦਾ ਹੈ।

* ਅਸਲ ਵਿਚ ਪਾਣੀ ਜਦੋਂ ਜੰਮਦਾ ਹੈ ਤਾਂ ਇਹ ਫੈਲਦਾ ਹੈ, ਫਰਿੱਜ਼ ਵਿਚ ਬਰਫ਼ ਜੰਮਣ ਦੀ ਪ੍ਰਕਿਰਿਆ ਬਰਤਨ ਦੀਆਂ ਦੀਵਾਰਾਂ ਤੋਂ ਸ਼ੁਰੂ ਹੁੰਦੀ ਹੈ। ਇਸ ਲਈ ਬਰਫ਼ ਨੂੰ ਫੈਲਣ ਲਈ ਵਿਚਕਾਰ ਵਾਲਾ ਖੁੱਲ੍ਹਾ ਤਲ ਹੀ ਮਿਲਦਾ ਹੈ।

? ਪੰਜਾਬੀ ਛਾਪਾ ਖਾਨਾ ਕਦੋਂ ਤੋਂ ਸ਼ੁਰੂ ਹੋਇਆ।

* ਪੰਜਾਬੀ ਛਾਪੇਖਾਨੇ ਦਾ ਇਤਿਹਾਸ ਬਹੁਤ ਪੁਰਾਣਾ ਨਹੀਂ, 19ਵੀਂ ਸਦੀ ਦੇ ਮੱਧ ਵਿਚ ਸ਼ਾਇਦ ਅੰਮ੍ਰਿਤਸਰ ਸ਼ਹਿਰ ਦੇ ਕੁਝ ਨਾਗਰਿਕਾਂ ਨੇ ਇਸ ਪਾਸੇ ਨੂੰ ਪਹਿਲ ਕਦਮੀ ਕੀਤੀ।

? ਛਾਪੇ ਖਾਨੇ ਦੀ ਕਾਢ ਕਿਸ ਦੇਸ਼ ਦੇ ਵਿਗਿਆਨੀ ਨੇ ਕਿਸ ਸਾਲ ਕੱਢੀ ਅਤੇ ਕਿਹੜੀ ਭਾਸ਼ਾ ਵਿਚ।

* ਛਾਪੇਖਾਨੇ ਦੀ ਕਾਢ 1455 ਵਿਚ ਜਰਮਨੀ ਦੇ ਵਿਗਿਆਨਕ ਜੋਹਾਨਸੁਟੇਨਵਰਗ ਨੇ ਕੱਢੀ ਸੀ।

? ਗੂੜ੍ਹੇ ਰੰਗ ਦਾ ਕੱਪੜਾ ਗਰਮੀ ਕਿਉਂ ਜ਼ਿਆਦਾ ਖਿੱਚਦਾ ਹੈ।

* ਗੂੜ੍ਹੇ ਰੰਗ ਤਾਪ ਸੋਕਦੇ ਹਨ ਅਤੇ ਹਲਕੇ ਰੰਗ ਤਾਪ ਛੱਡਦੇ ਹਨ। ਪ੍ਰਕਾਸ਼ ਸੱਤ ਰੰਗਾਂ ਦਾ ਬਣਿਆ ਹੁੰਦਾ ਹੈ। ਇਹ ਰੰਗ ਹੁੰਦੇ ਹਨ : ਬੈਂਗਣੀ, ਅਸਮਾਨੀ, ਨੀਲਾ, ਹਰਾ, ਪੀਲਾ, ਸੰਤਰੀ ਅਤੇ ਲਾਲ। ਚਿੱਟਾ ਰੰਗ ਸੱਤੇ ਰੰਗ ਮੋੜਦਾ ਹੈ। ਹਰਾ ਦਿਖਾਈ ਦੇਣ ਵਾਲਾ ਰੰਗ ਬਾਕੀ ਦੇ ਰੰਗਾਂ ਨੂੰ ਚੂਸਿਆ ਕਰਦਾ, ਸਿਰਫ ਇਕੋ ਰੰਗ ਹਰਾ ਪ੍ਰੀਵਰਤਤ ਕਰਦਾ ਹੈ, ਇਸ ਲਈ ਹਲਕੇ ਰੰਗ ਗਰਮੀ ਨੂੰ ਪ੍ਰੀਵਰਤਤ ਕਰਦੇ ਹਨ ਅਤੇ ਗੂੜ੍ਹੇ ਰੰਗ ਤਾਪ ਸੋਕਦੇ ਹਨ। ਸਰਦੀਆਂ ਵਿਚ ਸਾਨੂੰ ਜ਼ਿਆਦਾ ਗਰਮੀ ਦੀ ਲੋੜ ਹੁੰਦੀ ਹੈ। ਇਸ ਲਈ ਅਸੀਂ ਜ਼ਿਆਦਾ ਗੂੜ੍ਹੇ ਰੰਗ ਦੇ ਕੱਪੜੇ ਪਹਿਨਦੇ ਹਾਂ। ਗਰਮੀਆਂ ਵਿਚ ਸਾਨੂੰ ਸਰੀਰ ਵਿਚ ਗਰਮੀ ਜਮ੍ਹਾਂ ਕਰਨ ਦੀ ਲੋੜ ਨਹੀਂ ਹੁੰਦੀ। ਇਸ ਲਈ ਅਸੀਂ ਹਲਕੇ ਰੰਗ ਦੇ ਕੱਪੜੇ ਪਹਿਨਣਾ ਪਸੰਦ ਕਰਦੇ ਹਾਂ।

? ਇਕ ਵਾਰ ਮੇਰੇ ਦੋਸਤ ਨੇ ਮੈਨੂੰ ਰਬੜ ਦੀ ਕੁਰਸੀ ਤੇ ਬਿਠਾਇਆ ਤੇ ਆਪਣੇ ਪੈਰ ਧਰਤੀ ਨਾਲ ਛੂਹਣ ਤੋਂ ਮਨ੍ਹਾਂ ਕੀਤਾ। ਉਸ ਨੇ ਇਕ ਕੱਪੜਾ ਲੈ ਕੇ ਕੁਰਸੀ ਦੀ 'ਬੈਕ' ਤੇ ਵਾਰ ਵਾਰ ਮਾਰਿਆ (ਝਟਕਾ ਲਗਾਇਆ)। ਇਸ ਦੌਰਾਨ ਜਦੋਂ ਇਕ ਹੋਰ ਦੋਸਤ ਨੇ ਮੈਨੂੰ ਛੂਹਿਆ ਤਾਂ ਬਿਜਲੀ ਦੀ ਤਰ੍ਹਾਂ ਝਟਕਾ ਮਹਿਸੂਸ ਹੋਇਆ ਤੇ ਚਿੰਗਆੜੀਆਂ ਨਿਕਲੀਆਂ। ਉਪਰੋਕਤ ਕਿਰਿਆ ਮੈਂ ਘਰ ਅਤੇ ਸਕੂਲ ਵਿਚ ਕਈ ਵਾਰ ਦੁਹਰਾਈ। ਮੈਂ ਆਪ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਜਿਹਾ ਕਰਨ ਨਾਲ ਕਰੰਟ ਜਾਂ ਚਿੰਗੀਆੜੀਆਂ ਕਿਉਂ ਪੈਦਾ ਹੁੰਦੀਆਂ ਹਨ?

* ਜਦੋਂ ਅਸੀਂ ਕਿਸੇ ਪਲਾਸਟਿਕ ਦੀ ਵਸਤੂ ਨੂੰ ਕੱਪੜੇ ਨਾਲ ਰਗੜਦੇ ਹਾਂ ਤਾਂ ਇਸ ਵਿਚ ਸਥਿਰ ਬਿਜਲੀ ਪੈਦਾ ਹੋ ਜਾਂਦੀ ਹੈ। ਜਿਵੇਂ ਕੱਚ ਦੇ ਡੰਡੇ ਨੂੰ ਰੇਸ਼ਮੀ ਰੁਮਾਲ ਨਾਲ ਜਾਂ ਸਿਰ ਦੇ ਵਾਲਾਂ ਨੂੰ ਕੰਘੇ ਨਾਲ ਰਗੜਨ ਨਾਲ ਹੋ ਜਾਂਦਾ ਹੈ ਜੇ ਪੈਰ ਧਰਤੀ ਨਾਲ ਲਗਾ ਲਏ ਜਾਣ ਤਾਂ ਇਹ ਬਿਜਲੀ ਸਾਡੇ ਸਰੀਰ ਵਿਚੋਂ ਧਰਤੀ ਵਿਚ ਚਲੀ ਜਾਂਦੀ ਹੈ?

? ਡੀ. ਸੀ. ਬਿਜਲੀ ਨੂੰ ਏ. ਸੀ. ਬਿਜਲੀ ਵਿਚ ਕਿਵੇਂ ਅਤੇ ਕਿਸ ਯੰਤਰ ਦੁਆਰਾ ਬਦਲਿਆ ਜਾ ਸਕਦਾ ਹੈ। * ਬਿਜਲੀ ਦਾ ਕਰੰਟ ਦੋ ਪ੍ਰਕਾਰ ਦਾ ਹੁੰਦਾ ਹੈ ਇਕ ਨੂੰ ਏ. ਸੀ. ਅਰਥਾਤ ਪ੍ਰਤਵੀ ਬਿਜਲੀ ਧਾਰਾ ਕਹਿੰਦੇ ਹਾਂ। ਦੂਸਰੀ ਨੂੰ ਅਪ੍ਰਤਵੀ ਧਾਰਾ ਕਿਹਾ ਜਾਂਦਾ ਹੈ। ਏ. ਸੀ. ਨੂੰ ਡੀ. ਸੀ. 'ਚ ਬਦਲਣ ਲਈ ਜਾਂ ਡੀ. ਸੀ. ਨੂੰ ਏ. ਸੀ. ਵਿਚ ਬਦਲਣ ਲਈ ਉਪਕਰਣ ਬਾਜ਼ਾਰ ਵਿਚੋਂ ਮਿਲ ਜਾਂਦੇ ਹਨ, ਇਨ੍ਹਾਂ ਨੂੰ ਕਨਵਰਟਰ ਕਿਹਾ ਜਾਂਦਾ ਹੈ। ਇਲੀਮੀਨੇਟਰ ਵੀ ਏ. ਸੀ. ਨੂੰ ਡੀ. ਸੀ. 'ਚ ਬਦਲਣ ਦਾ ਇਕ ਉਪਕਰਣ ਹੈ।

# ਪੁਣਛਾਣ

## ਉਤਰ ਪ੍ਰਦੇਸ਼ ਨਾਲ ਸਬੰਧਤ ਚੋਣ ਸਰਵੇਖਣਾਂ 'ਚ ਬਸਪਾ ਨੂੰ ਸਪਸ਼ਟ ਬਹੁਮਤ- ਸਪਾ ਭਾਜਪਾ ਤੇ ਕਾਂਗਰਸ ਦੀ ਹਾਲਤ ਅਧਰੰਗ ਵਾਲੀ



ਪੰਮੀ ਲਾਲੋ ਮਜਾਰਾ
91-95011-43755

(ਪਿਛਲੇ ਅੰਕ ਦੀ ਬਾਕੀ)

ਹੁਣ ਰਾਹੁਲ ਗਾਂਧੀ ਨੇ ਪ੍ਰਸ਼ਾਂਤ ਕਿਸ਼ੋਰ ਦੇ ਕਹਿਣ ਤੇ ਉਤਰ ਪ੍ਰਦੇਸ਼ ਦੇ ਸਭ ਵੱਡੇ ਆਗੂਆਂ ਨੂੰ ਵਿਧਾਨ ਸਭਾ ਚੋਣਾਂ ਲੜਨ ਲਈ ਤਿਆਰ ਰਹਿਣ ਨੂੰ ਕਿਹਾ ਹੈ, ਪਰ ਇਸਦਾ ਵੀ ਉਲਟ ਹੀ ਅਸਰ ਵੇਖਣ ਨੂੰ ਮਿਲਣਾ ਸ਼ੁਰੂ ਹੋ ਗਿਆ ਹੈ, ਉਹ ਹੈ ਮਨਮੋਹਨ ਸਿੰਘ ਸਰਕਾਰ ਵਿਚ ਮੰਤਰੀ, ਕਾਂਗਰਸ ਦਾ ਓ. ਬੀ. ਸੀ. ਚਿਹਰਾ ਬੇਨੀ ਪ੍ਰਸ਼ਾਦਿ ਵਰਮਾ ਮਾਇਆਵਤੀ ਦੇ ਸੰਪਰਕ ਵਿਚ ਦੱਸਿਆ ਜਾਂਦਾ ਹੈ।

ਮਤਲਬ ਇੱਜ਼ਤ ਪਲੀਤ ਕਰਵਾਉਣ ਨਾਲੋਂ ਬਚਾਉਣ ਵਿਚ ਹੀ ਸਮਝਦਾਰੀ ਹੈ। ਜਿਹੜੇ ਚੋਣ ਸਰਵੇ ਆ ਰਹੇ ਹਨ, ਉਹ ਇਕ ਸਾਲ ਪਹਿਲਾਂ ਦੇ ਹਨ, ਇਕ ਸਾਲ ਬਾਅਦ ਜਦ ਉਤਰ ਪ੍ਰਦੇਸ਼ ਦੇ ਚੋਣ ਨਤੀਜੇ ਆਵੁਣਗੇ ਤਾਂ ਕੀ ਹੋਵੇਗਾ, ਸ਼ਾਇਦ ਮਾਇਆਵਤੀ ਐਨਾ ਪ੍ਰਚੰਡ ਬਹੁਮਤ ਲੈ ਜਾਵੇ ਕਿ ਸਿਆਸੀ ਵਿਸ਼ਲੇਸ਼ਕਾਂ ਦੇ ਸਭ ਵਿਸ਼ਲੇਸ਼ਣ ਮੂਧੇ ਮੂੰਹ ਡਿੱਗ ਜਾਣ। ਕਿਉਂਕਿ ਜਦ ਵੀ ਮਾਇਆਵਤੀ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣਦੀ ਹੈ, ਨਾ ਉਥੇ ਦੰਗੇ ਹੁੰਦੇ ਹਨ, ਨਾ ਰੇਤ ਮਾਫੀਆ, ਨਾ ਗੁੰਡਾਗਰਦੀ, ਨਾ ਕਾਨੂੰਨ ਵਿਵਸਥਾ 'ਚ ਕੋਈ ਢਿੱਲ, ਨਾ ਉਹਦੇ ਤੋਂ ਬਗੈਰ ਕੋਈ ਸੱਤਾ ਦਾ ਕੇਂਦਰ ਹੋਰ, ਮਤਲਬ ਇਹ ਸਾਰੇ ਬੇਢੰਗੇ ਕੰਮ ਮਾਇਆਵਤੀ ਦੇ ਅਹੁਦੇ ਦੀ ਸਹੁੰ ਚੁੱਕਣ ਤੋਂ ਪਹਿਲਾਂ ਹੀ ਬੰਦ ਹੋ ਜਾਂਦੇ ਹਨ ਤੇ ਫਿਰ ਸ਼ੁਰੂ ਹੁੰਦੀ ਹੈ, ਉਤਰ ਪ੍ਰਦੇਸ਼ ਦੇ ਵਿਕਾਸ ਦੀ ਗੱਲ ਤੇ ਸੂਬੇ ਦੀ ਤਾਰ-ਤਾਰ ਹੋਈ ਸਦਭਾਵਨਾ ਤੇ ਭਾਈਚਾਰਕ ਸਾਂਝ ਨੂੰ ਇਕ ਸੁਰ ਕਰਨ ਦੀ ਗੱਲ ਤੇ ਇਕ ਲੈਅ-ਬੱਧ ਕਰਨ ਦੀ ਗੱਲ।

# ਪੰਜਾਬੀ ਫਿਲਮ ਸਾਕਾ ਨਨਕਾਣਾ ਸਹਿਬ ਦੇ ਸ਼ਹੀਦ ਦਾ ਪੋਸਟਰ ਫਰਿਜਨੋ ਵਿਖੇ ਰਿਲੀਜ਼



**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਸੁਖਬੀਰ ਸੰਧਰ ਫਿਲਮ ਪ੍ਰਾਈਵੇਟ ਲਿਮਟਿਡ ਪ੍ਰੋਡਾਕਸਨ ਵੱਲੋ ਸਾਕਾ ਨਨਕਾਣਾ ਸਹਿਬ ਦੇ ਸ਼ਹੀਦਾ ਨੂੰ ਸਮਰਪਿਤ ਪੰਜਾਬੀ ਫਿਲਮ "ਸਾਕਾ ਨਨਕਾਣਾ ਸਹਿਬ ਦੇ ਸ਼ਹੀਦ" ਦੁਨੀਆਂ ਭਰ ਵਿੱਚ ਅੱਠ ਅਪ੍ਰੈਲ ਨੂੰ ਰਲੀਜ਼ ਹੋਣ ਜਾਣ ਰਹੀ ਹੈ। ਇਸ ਫਿਲਮ ਦਾ ਪੋਸਟਰ ਪਿਛਲੇ ਐਤਵਾਰ ਫਰਿਜ਼ਨੋ ਵਿਖੇ ਗਦਰੀ ਬਾਬਿਆ ਦੇ ਸੋਲਵੇਂ ਮੇਲੇ ਮੌਕੇ ਇੰਡੋ ਅਮੈਰਕਿਨ ਹੈਰੀਟੇਜ਼ ਫੋਰਮ ਵੱਲੋਂ ਮੁੱਖ ਮਹਿਮਾਨ ਡਾ. ਰਘਵੀਰ ਕੌਰ ਦੇ ਕਰ ਕਮਲਾ ਨਾਲ ਰਲੀਜ਼ ਕਰਵਾਇਆ ਗਿਆ। ਇਸ ਮੌਕੇ ਫਿਲਮ ਦੇ ਮੁੱਖ ਅਦਾਕਾਰ ਅਮਨ ਧਾਲੀਵਾਲ ਨੇ ਫਿਲਮ ਸਬੰਧੀ ਜਾਣਕਾਰੀ ਦਿੱਤੀ। ਇਸ ਫਿਲਮ ਦੇ ਗੀਤ ਉਘੇ ਸ਼ਾਇਰ ਹਰਜਿੰਦਰ ਕੰਗ ਦੁਆਰਾ ਲਿੱਖੇ ਗਏ ਹਨ ਅਤੇ ਫਿਲਮ ਦਾ ਸੰਗੀਤ ਮੁਖਤਾਰ ਸਹੋਤਾ ਨੇ ਕੀਤਾ ਹੈ। ਇਸ ਫਿਲਮ ਦੇ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਹਨ। ਇਸ ਮੌਕੇ ਹਰਜਿੰਦਰ ਕੰਗ ਨੇ ਸਭਨਾਂ ਨੂੰ ਇਹ ਫਿਲਮ ਸਿਨਮਾ ਘਰਾਂ ਵਿੱਚ ਵੇਖਣ ਦੀ ਅਪੀਲ ਕੀਤੀ ਉਹਨਾਂ ਕਿਹਾ ਕਿ ਅਗਰ ਅਸੀਂ ਚੰਗੀ ਸੋਚ ਵਾਲੀਆਂ ਫਿਲਮਾਂ ਨੂੰ ਪ੍ਰਮੋਟ ਕਰਾਗੇ ਫਿਰ ਹੀ ਪ੍ਰਡਿਊਸਰ ਚੰਗੀਆਂ ਫਿਲਮਾਂ ਬਣਾਉਣ ਦਾ ਹੌਸਲਾ ਕਰਗੇ। ਇਸ ਮੌਕੇ ਦੇਸ਼ ਦੁਆਬਾ ਦਾ ਵਿਸ਼ੇਸ਼ ਅੰਕ ਅਤੇ ਡਾ. ਜਸਵੰਤ ਰਾਏ ਦੀ ਕਿਤਾਬ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਕਿਤਾਬ ਰਿਲੀਜ਼ ਕੀਤੀ ਗਈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਫ਼ਿਰਕੂ ਦਹਿਸ਼ਤਗਰਦੀ ਖਿਲਾਫ਼ ਸੈਮੀਨਾਰ

# ਅੰਨ੍ਹੇ ਕੌਮਵਾਦ ਖਿਲਾਫ਼ ਕੌਮੀ-ਜਮਹੂਰੀ ਤਾਕਤਾਂ ਮੈਦਾਨ 'ਚ ਆਉਣ: ਡਾ.ਅਪੂਰਵਾਨੰਦ

**ਜਲੰਧਰ-** ਮੁਲਕ ਦੇ ਲੋਕਾਂ ਦੇ ਜਮਹੂਰੀ ਹੱਕਾਂ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਬੋਲੇ ਜਾ ਰਹੇ ਧਾਵੇ ਦੀਆਂ ਚੁਣੌਤੀਆਂ ਖਿਲਾਫ਼ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਜਮਹੂਰੀਅਤ ਅਤੇ ਇਨਸਾਫ਼-ਪਸੰਦ ਲੋਕਾਂ ਦੀ ਜਨਤਕ ਆਧਾਰ ਵਾਲੀ ਜਾਗਰੂਕ ਲੋਕ ਲਹਿਰ ਸਮੇਂ ਦੀ ਲੋੜ ਹੈ, ਇਹ ਸੁਨੇਹਾ ਦਿੱਤਾ, 27 ਮਾਰਚ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਆਯੋਜਿਤ ਸੈਮੀਨਾਰ ਨੇ।





ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਕਮੇਟੀ ਮੈਂਬਰ ਡਾ. ਪਰਮਿੰਦਰ, ਪ੍ਰੋ. ਵਰਿਆਮ ਸਿੰਘ ਸੰਧੂ, ਕੁਲਬੀਰ ਸਿੰਘ ਸੰਘੇੜਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਇਸ ਮੌਕੇ ਸੈਮੀਨਾਰ ਦੇ ਮੁੱਖ ਵਕਤਾ ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਹਿੰਦੀ ਵਿਭਾਗ ਦੇ ਮੁਖੀ ਡਾ. ਅਪੂਰਵਾਨੰਦ ਹੋਰਾਂ ਨਾਲ ਮੰਚ 'ਤੇ ਸੁਸ਼ੋਭਤ ਸਨ।

ਡਾ. ਪਰਮਿੰਦਰ ਨੇ ਡਾ. ਅਪੂਰਵਾਨੰਦ ਦੀ ਜਾਣ ਪਹਿਚਾਣ ਅਤੇ ਅੱਜ ਦੀ ਵਿਚਾਰ ਚਰਚਾ ਸਬੰਧੀ ਗੱਲ ਕਰਦਿਆਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਹੈਦਰਾਬਾਦ ਯੂਨੀਵਰਸਿਟੀ ਸਮੇਤ ਮੁਲਕ ਦੀਆਂ ਅਨੇਕਾਂ ਥਾਵਾਂ 'ਤੇ ਫ਼ਿਰਕੂ ਦਹਿਸ਼ਤਗਰਦੀ ਦੀਆਂ ਪੰਜਾਬ ਦੀਆਂ ਹਾਲਤਾਂ ਨਾਲ ਜੁੜੀਆਂ ਤੰਦਾਂ ਅਤੇ ਕੌਮੀ ਪੱਧਰ 'ਤੇ ਸਾਂਝੀ ਆਵਾਜ਼ ਲਾਮਬੰਦ ਕਰਨ ਦੀਆਂ ਲੋੜਾਂ ਉਪਰ ਧਿਆਨ ਖਿਚਿਆ।

ਡਾ. ਅਪੂਰਵਾਨੰਦ ਨੇ ਠੋਸ ਤੱਥਾਂ ਦੀ ਰੌਸ਼ਨੀ 'ਚ ਦਰਸਾਇਆ ਕਿ ਅੰਨ੍ਹੀ ਕੌਮਪ੍ਰਸਤੀ ਦੇ ਲਿਬਾਸ ਓਹਲੇ ਲੋਕਾਂ ਦੀਆਂ ਧਾਰਮਕ ਆਜ਼ਾਦੀਆਂ, ਜਮਹੂਰੀ ਕਦਰਾਂ ਕੀਮਤਾਂ, ਲਿਖਣ, ਬੋਲਣ, ਵਿਚਾਰਾਂ ਦੇ ਪ੍ਰਗਟਾਵੇ ਉਪਰ ਸ਼ਾਤਰਾਨਾ ਹੱਲੇ ਵਿੱਢਣ ਦੀਆਂ ਹੋਰ ਵੀ ਵਿਆਪਕ, ਤਿੱਖੀਆਂ ਅਤੇ ਖ਼ਤਰਨਾਕ ਯੋਜਨਾਵਾਂ ਘੜੀਆਂ ਜਾ ਰਹੀਆਂ ਹਨ।

ਉਹਨਾ ਕਿਹਾ ਕਿ ਸੰਵਿਧਾਨ, ਕਾਇਦੇ ਕਾਨੂੰਨ, ਮੌਲਿਕ ਮਾਨਵੀ ਆਜ਼ਾਦੀ ਨੂੰ ਪੈਰਾਂ ਹੇਠਾਂ ਦਰੜਕੇ ਸਤਾਵਾਨ ਸ਼ਕਤੀ, ਅਸਲ 'ਚ ਦੇਸ਼ ਭਗਤ, ਜਮਹੂਰੀ ਸ਼ਕਤੀਆਂ, ਬੁੱਧੀਜੀਵੀਆਂ, ਜ਼ਹੀਨ ਵਿਦਿਆਰਥੀਆਂ ਨੂੰ ਦੇਸ਼ ਧਰੋਹੀ ਆਖਕੇ ਆਪਣੇ ਫ਼ਿਰਕੂ-ਫਾਸ਼ੀ ਏਜੰਡੇ ਦੀ ਮਾਰ ਹੇਠ ਲਿਆਉਣ ਲਈ ਰੱਸੇ ਪੈੜੇ ਵੱਟ ਰਹੀ ਹੈ।

ਡਾ. ਅਪੂਰਵਾਨੰਦ ਨੇ ਹੈਦਰਾਬਾਦ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਤੇ ਮੁਲਕ ਅੰਦਰ ਉਪਰੋਥਲੀ ਵਾਪਰ ਰਹੀਆਂ ਘਟਨਾਵਾਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ 'ਗਊ ਮਾਤਾ', 'ਭਾਰਤ ਮਾਤਾ', 'ਸਰਵ ਉਚਤਮ ਮਾਤਾ' ਦੇ ਬਿੰਬ ਉਸਾਰਕੇ ਮੋਦੀ ਸਰਕਾਰ, ਜਮਹੂਰੀ ਆਵਾਜ਼ ਦਾ ਗਲਾ ਘੁੱਟ ਰਹੀ ਹੈ।

ਡਾ. ਅਪੂਰਵਾਨੰਦ ਨੇ ਕਿਹਾ ਕਿ ਜਦੋਂ ਕਸ਼ਮੀਰ ਦੇ ਹਰ ਘਰ ਅੰਦਰ ਦੁੱਖ, ਪੀੜ ਹੈ। ਚੱਪੇ ਚੱਪੇ 'ਤੇ ਫ਼ੌਜੀ ਅਤੇ ਅਰਧ ਫ਼ੌਜੀ ਦਲ ਤਾਇਨਾਤ ਹਨ। ਕਸ਼ਮੀਰੀ ਲੋਕਾਂ ਨੂੰ ਜਮਹੂਰੀ ਤਰੀਕੇ ਨਾਲ ਵੀ ਆਪਣੀ ਰਾਏ, ਆਪਣਾ ਦੁੱਖ-ਦਰਦ, ਆਪਣਾ ਮਸਲਾ ਰੱਖਣ ਦਾ ਅਧਿਕਾਰ ਨਹੀਂ। ਅਜੇਹੀ ਹਾਲਤ ਪੂਰੇ ਆਦਿਵਾਸੀ ਖੇਤਰ ਅੰਦਰ ਵੀ ਹੈ। ਕਸ਼ਮੀਰੀ ਅਤੇ ਆਦਿਵਾਸੀ ਲੋਕਾਂ ਦੇ ਧੁਰ ਅੰਦਰ ਇਹ ਤੜਫ਼ ਹੈ ਕਿ ਸਾਡੇ ਨਾਲ ਦੇਸ਼ ਵਾਸੀਆਂ ਵਾਲਾ ਵਰਤਾਅ ਹੀ ਨਹੀਂ ਕੀਤਾ ਜਾ ਰਿਹਾ। ਅਜੇਹੀ ਹਾਲਤ ਵਿੱਚ ਉਹ ਸੰਗਰਾਮ ਨਹੀਂ ਕਰਨਗੇ, ਪ੍ਰਤੀਰੋਧ ਨਹੀਂ ਕਰਨਗੇ ਤਾਂ ਹੋਰ ਕੀ ਕਰਨਗੇ?

ਉਹਨਾਂ ਕਿਹਾ ਕਿ ਸਮਾਂ ਸਾਥੋਂ ਕੁੱਝ ਮੰਗ ਕਰਦਾ ਹੈ। ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਜੇ ਖਾਮੋਸ਼ ਰਹੇ। ਜੇ ਇਕੱਲੇ ਇਕੱਲੇ ਰਹੇ ਤਾਂ ਵੱਡੀ ਕੀਮਤ ਅਦਾ ਕਰਨੀ ਪਏਗੀ। ਇਸ ਲਈ ਲੋੜ ਹੈ ਕਿ ਫ਼ਿਰਕੂ ਫਾਸ਼ੀ ਤਾਕਤਾਂ ਦੇ ਅੰਨ੍ਹੇ ਕੌਮੀ ਜਾਨੂੰਨ ਭਰੇ ਚੰਦਰੇ ਮਨਸੂਬੇ ਮਿੱਟੀ 'ਚ ਮਿਲਾਉਣ ਲਈ ਜੋਟੀਆਂ ਪਾਕੇ ਖੜ੍ਹੇ ਹੋ ਜਾਈਏ।

ਬੁੱਧੀਜੀਵੀਆਂ ਉਪਰ ਮੰਡਲਾ ਰਹੇ ਖ਼ਤਰੇ, ਮੀਡੀਆ ਦੀ ਭੂਮਿਕਾ, ਜਾਤ ਅਤੇ ਜਮਾਤ ਦੇ ਸੰਕਲਪ ਆਦਿ ਬਾਰੇ ਆਏ ਸੁਆਲਾਂ ਦੇ ਡਾ. ਅਪੂਰਵਾਨੰਦ ਨੇ ਸਾਰਥਕ ਜਵਾਬ ਦਿੱਤੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਖ਼ਜ਼ਾਨਚੀ ਸੀਤਲ ਸਿੰਘ ਸੰਘਾ ਵੱਲੋਂ ਤਿੰਨ ਮਤੇ ਰੱਖੇ ਗਏ, ਜਿਨ੍ਹਾਂ ਨੂੰ ਪੰਡਾਲ ਨੇ ਹੱਥ ਖੜ੍ਹੇ ਕਰਕੇ ਪਾਸ ਕੀਤਾ।

ਮਤਿਆਂ 'ਚ ਮੰਗ ਕੀਤੀ ਗਈ ਕਿ:

1. ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਫ਼ਿਰੋਜ਼ਪੁਰ ਸ਼ਹਿਰ ਅੰਦਰ ਜਿਸ ਇਮਾਰਤ ਵਿਚ ਮੀਟਿੰਗਾਂ, ਵਿਚਾਰਾਂ ਅਤੇ ਪ੍ਰਕਾਸ਼ਨਾਵਾਂ ਕੀਤੀਆਂ, ਉਸ ਇਮਾਰਤ ਨੂੰ ਇਤਿਹਾਸਕ ਯਾਦਗਾਰ ਵਜੋਂ ਜਨਤਕ ਕੀਤਾ ਜਾਏ। ਹੁਣ ਜਦੋਂ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਇਤਿਹਾਸਕ ਯਾਦਗਾਰ ਦੀ ਪ੍ਰਮਾਣਿਕਤਾ ਦੇ ਚੁੱਕੀ ਹੈ ਫੇਰ ਵੀ ਉਸਦਾ ਯਾਦਗਾਰੀ ਸਰੂਪ ਦੇਣ 'ਚ ਢਿੱਲ ਮੱਠ ਕਰਨਾ ਅਫ਼ਸੋਸਨਾਕ ਹੈ। ਅੱਜ ਦਾ ਇਕੱਠ ਯਾਦਗਾਰ ਨੂੰ ਜਨਤਕ ਕਰਨ ਸਬੰਧੀ ਠੋਸ ਕਦਮ ਚੁੱਕਣ ਦੀ ਮੰਗ ਕਰਦਾ ਹੈ।

2. ਮੋਹਾਲੀ ਤੋਂ ਛਪਦੀ ਪੰਜਾਬੀ ਦੀ ਇੱਕ ਅਖ਼ਬਾਰ ਵੱਲੋਂ ਦੇਸ਼ ਭਗਤ ਯਾਦਗਾਰ ਕਮੇਟੀ ਉਪਰ ਨਿਰਆਧਾਰ ਦੂਸ਼ਣਬਾਜ਼ੀ ਕਰਨ ਦਾ ਇਕੱਠ ਨੇ ਗੰਭੀਰ ਨੋਟਿਸ ਲਿਆ। ਅਖ਼ਬਾਰ ਦੀ ਸੰਪਾਦਕੀ 'ਚ ਬੇ-ਬੁਨਿਆਦ ਦੂਸ਼ਣ ਲਗਾਇਆ ਗਿਆ ਹੈ ਕਿ ਦੇਸ਼ ਭਗਤ ਕਮੇਟੀ ਆਜ਼ਾਦੀ ਸੰਗਰਾਮ ਦੇ ਕਿਸੇ ਸਿੱਖ ਸ਼ਹੀਦ ਦਾ ਨਾਮ ਤੱਕ ਨਹੀਂ ਲੈਂਦੀ। ਦੇਸ਼ ਭਗਤ ਯਾਦਗਾਰ ਹਾਲ ਦਾ ਮਿਊਜ਼ੀਅਮ, ਲਾਇਬ੍ਰੇਰੀ 'ਚ ਪੁਸਤਕ ਭੰਡਾਰ, ਸਾਡਾ ਵਿਰਸਾ ਮੈਗਜ਼ੀਨ, ਗ਼ਦਰੀ ਬਾਬਿਆਂ ਦਾ ਮੇਲਾ, ਸੋਵੀਨਰ, ਨਿਰੰਤਰ ਸਰਗਰਮੀਆਂ ਅਤੇ ਪ੍ਰਕਾਸ਼ਨਾਵਾਂ ਇਸਦਾ ਮੂੰਹ ਬੋਲਦਾ ਸਬੂਤ ਹਨ ਕਿ ਦੇਸ਼ ਭਗਤ ਕਮੇਟੀ, ਗ਼ਦਰ ਪਾਰਟੀ ਦੇ ਮੂਲ ਪ੍ਰੋਗਰਾਮ ਦੀ ਰੌਸ਼ਨੀ 'ਚ ਧਰਮ, ਫ਼ਿਰਕੇ, ਬੋਲੀ, ਇਲਾਕੇ ਆਦਿ ਦੇ ਭਿੰਨ ਭੇਦ ਤੋਂ ਉਪਰ ਉਠਕੇ ਆਪਣੇ ਆਜ਼ਾਦੀ ਸੰਗਰਾਮੀਆਂ ਨੂੰ ਸਤਿਕਾਰਦੀ ਆ ਰਹੀ ਹੈ ਅਤੇ ਸਦਾ ਰਹੇਗੀ।

3. ਅੱਜ ਦਾ ਇਕੱਠ ਸਮਝਦਾ ਹੈ ਕਿ ਭਗਤ ਸਿੰਘ, ਪਹਿਰਾਵੇ ਤੋਂ ਉਪਰ ਉਠਕੇ ਇਕ ਸੋਚ ਦਾ ਨਾਂਅ ਹੈ। ਭਗਤ ਸਿੰਘ ਨੇ ਆਪਣੇ ਜੀਵਨ ਸੰਗਰਾਮ ਦੀਆਂ ਲੋੜਾਂ ਮੁਤਾਬਕ ਪਹਿਰਾਵਾ ਅਤੇ ਭੇਸ ਧਾਰਨ ਕੀਤਾ ਹੈ। ਅੱਜ ਉਸਨੂੰ ਪੱਗ ਜਾਂ ਟੋਪੀ ਦੇ ਲਿਬਾਸ 'ਚ ਵੰਡਣਾ ਉਸਦੀ ਸੋਚ, ਆਦਰਸ਼ਾਂ, ਅਮਲ ਅਤੇ ਕੁਰਬਾਨੀ ਨਾਲ ਇਨਸਾਫ਼ ਨਹੀਂ।

ਸੋ ਕਮੇਟੀ ਆਪਣੇ ਲੋਕਾਂ ਨੂੰ ਅਜੇਹੇ ਕੋਝੇ ਯਤਨਾਂ ਤੋਂ ਚੌਕੰਨੇ ਰਹਿਣ ਦਾ ਸੱਦਾ ਦਿੰਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਡਾ. ਅਪੂਰਵਾਨੰਦ ਨੂੰ ਗ਼ਦਰ ਲਹਿਰ ਨਾਲ ਸਬੰਧਿਤ ਪੁਸਤਕਾਂ ਦੇ ਸੈੱਟ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਕਮੇਟੀ ਮੈਂਬਰ ਗੁਰਮੀਤ, ਗੁਰਮੀਤ ਸਿੰਘ ਢੱਡਾ, ਹਰਵਿੰਦਰ ਭੰਡਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਦੇਵਰਾਜ ਨਈਅਰ, ਚਰੰਜੀ ਲਾਲ ਕੰਗਣੀਵਾਲ, ਮਨਜੀਤ ਸਿੰਘ ਵੀ ਹਾਜ਼ਰ ਸਨ।

ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਡਾ. ਅਪੂਰਵਾਨੰਦ ਦੇ ਕੁੰਜੀਵਤ ਭਾਸ਼ਨ ਨੂੰ ਮੁੱਲਵਾਨ ਅਤੇ ਇਤਿਹਾਸਕ ਕਰਾਰ ਦਿੰਦਿਆਂ ਅਜੇਹੇ ਯਤਨ ਪੰਜਾਬ ਦੀਆਂ ਹੋਰਨਾਂ ਥਾਵਾਂ 'ਤੇ ਵੀ ਜਾਰੀ ਰੱਖਣ ਦੀ ਅਪੀਲ ਕੀਤੀ।

ਸੈਮੀਨਾਰ ਵਿੱਚ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ 23 ਮਾਰਚ ਦੇ ਸ਼ਹੀਦਾਂ ਨੂੰ ਕੀਤਾ ਯਾਦ







ਤਸਵੀਰਾਂ- ਰੇਸ਼ਮ ਕਰਨਾਣਵੀ

**ਖਟਕੜ ਕਲਾਂ, ਸ਼ਹੀਦ ਭਗਤ ਸਿੰਘ ਨਗਰ,(ਰੇਸ਼ਮ ਕਰਨਾਣਵੀ)-** 23 ਮਾਰਚ 1931 ਨੂੰ ਦੇਸ਼ ਦੀ ਅਜ਼ਾਦੀ ਦੇ ਲੰਬੇ ਸੰਘਰਸ਼ 'ਚ ਸ਼ਾਮਲ ਰਹੇ ਯੋਧਿਆਂ ਭਗਤ ਸਿੰਘ, ਸ਼ਿਵਰਾਮ ਹਰੀ ਰਾਜਗੁਰੂ ਅਤੇ ਸੁਖਦੇਵ ਥਾਪਰ ਨੂੰ ਅੰਗਰੇਜ਼ ਹਕੂਮਤ ਵਲੋਂ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ। 23 ਮਾਰਚ ਦੇ ਦਿਨ ਦੇਸ਼ ਭਰ ਵਿਚ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇਣ ਵਾਸਤੇ ਦੇਸ਼ ਭਰ ਵਿਚ ਸਮਾਗਮ ਕੀਤੇ ਜਾਂਦੇ ਹਨ। ਪੰਜਾਬ ਵਿਚ ਹੋਰਨਾਂ ਥਾਵਾਂ ਤੋਂ ਇਲਾਵਾ ਹੁਸੈਨੀਵਾਲਾ ਫਿਰੋਜ਼ਪੁਰ ਅਤੇ ਸ਼ਹੀਦ ਭਗਤ ਸਿੰਘ ਦੇ ਪੁਰਖਿਆਂ ਦੇ ਪਿੰਡ ਖਟਕੜ ਕਲਾਂ ਵਿਚ ਸੂਬਾ ਪੱਧਰੀ ਸਮਾਗਮ ਕਰਵਾਏ ਗਏ। ਪੰਜਾਬ ਸਰਕਾਰ ਵਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਵਿਸ਼ੇਸ਼ ਤੌਰ ਤੇ ਪੁੱਜ ਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਇਨ੍ਹਾਂ ਸ਼ਹੀਦੀ ਸਮਾਗਮਾਂ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਤੋਂ ਇਲਾਵਾ ਹੋਰ ਸਮਾਜਿਕ ਜਥੇਬੰਦੀਆਂ, ਸਰਕਾਰੀ ਅਮਲੇ ਫੈਲੇ ਅਤੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਸ਼ਹੀਦੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਸਿਆਸੀ ਪਾਰਟੀਆਂ ਵਲੋਂ ਆਪੋ ਆਪਣੀ ਸਟੇਜ ਤੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦੇ ਨਾਲ ਨਾਲ ਇੱਕ ਦੂਜੀ ਪਾਰਟੀ ਦੀਆਂ ਕਮਜ਼ੋਰੀਆਂ ਅਤੇ ਖਾਮੀਆਂ ਅਤੇ ਆਪਣੀਆਂ ਕਾਰਗੁਜ਼ਾਰੀਆਂ ਦੀ ਗਿਣਤੀ ਵੀ ਕਰਵਾਈ ਗਈ। ਇਕ ਦੂਜੀ ਪਾਰਟੀ ਵਿਰੁੱਧ ਦੂਸ਼ਣਬਾਜ਼ੀ ਦਾ ਰੰਗ ਵੀ ਦੇਖਣ ਨੂੰ ਮਿਲਿਆ।

ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ 'ਭਾਰਤ ਰਤਨ' ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੰਜਾਬ ਸਰਕਾਰ ਵੱਲੋਂ ਇੱਕ ਮੰਗ ਪੱਤਰ ਵੀ ਲਿਖਿਆ ਜਾਵੇਗਾ। ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ. ਬਾਦਲ ਕਿਹਾ ਕਿ ਦੇਸ਼ ਦੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਇਹ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਪੰਜਾਬ ਦੇ ਸਾਰੇ ਨੌਜੁਆਨ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਿਆਂ ਖਿਲਾਫ਼ ਦੇਸ਼ ਪੱਧਰੀ ਜੰਗ ਵਿੱਚ ਸਾਥ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮੋਹਾਲੀ ਹਵਾਈ ਅੱਡੇ ਦਾ ਨਾਮ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਨਾਂ 'ਤੇ ਰੱਖਣ ਸਬੰਧੀ ਐਲਾਨ ਜਲਦ ਕੀਤਾ ਜਾਵੇ। ਐਸ.ਵਾਈ.ਐਲ. ਮੁੱਦੇ 'ਤੇ ਉਨ੍ਹਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵਲੋਂ ਪੰਜਾਬ ਦਾ ਪਾਣੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਪੂਰੀ ਵਾਹ ਲਾਈ ਜਾਵੇਗੀ ਅਤੇ ਜੇਕਰ ਪਾਣੀਆਂ ਦੀ ਰਾਖੀ ਲਈ ਸਬੰਧਤ ਐਕਟ ਵਿੱਚ ਕੋਈ ਵੀ ਸੋਧ ਕਰਨੀ ਪਈ ਤਾਂ ਸਰਕਾਰ ਇਸ ਲਈ ਤਿਆਰ ਹੈ। ਪੱਤਰਕਾਰਾਂ ਵਲੋਂ ਸਤਲੁਜ -ਯਮਨਾ ਲਿੰਕ ਨਹਿਰ ਸਬੰਧੀ ਜ਼ਮੀਨ ਐਕੁਆਇਰ ਕਰਨ ਸਮੇਂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ ਸਰਕਾਰ ਵਲੋਂ ਨਿਭਾਈ ਗਈ ਭੂਮਿਕਾ ਸਬੰਧੀ ਪੁੱਛਣ ਤੇ ਉਨ੍ਹਾਂ ਨੇ ਦੋਵਾਂ ਦੀ ਕਿਸੇ ਵੀ ਭੂਮਿਕਾ ਤੋਂ ਆਪਣੇ ਕੋਲ ਪੂਰਾ ਰਿਕਾਰਡ ਹੋਣ ਦੀ ਗੱਲ ਕਰਦੇ ਹੋਏ ਇਨਕਾਰ ਕੀਤਾ। ਪੱਤਰਕਾਰਾਂ ਵੱਲੋਂ ਪੁੱਛੇ ਸੁਆਲ 'ਤੇ ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਦੋਗਲਾ ਚਿਹਰਾ ਵੀ ਸਾਹਮਣੇ ਆ ਗਿਆ ਹੈ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਵਿਸਥਾਰ ਨਾਲ ਗਿਣਾਈਆਂ। ਆਉਂਦੇ ਦਿਨੀਂ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਵਿਚ ਤਿਆਰ ਨੀਤੀਆਂ ਅਤੇ ਯੋਜਨਾਵਾਂ ਬਾਰੇ ਵੀ ਦੱਸਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਜੇਲ੍ਹ ਅਤੇ ਸੈਰ ਸਪਾਟਾ ਮੰਤਰੀ ਸ. ਸੋਹਣ ਸਿੰਘ ਠੰਡਲ, ਮਾਰਕਫੈੱਡ ਪੰਜਾਬ ਦੇ ਚੇਅਰਮੈਨ ਸ. ਜਰਨੈਲ ਸਿੰਘ ਵਾਹਦ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਡਾ. ਐਸ. ਕੇ. ਸੁੱਖੀ, ਪੰਜਾਬ ਸਮਾਜ ਭਲਾਈ ਬੋਰਡ ਦੀ ਚੇਅਰਪਰਸਨ ਵਰਿੰਦਰ ਕੌਰ ਥਾਂਦੀ, ਉੱਪ ਮੁੱਖ ਮੰਤਰੀ ਦੇ ਓ.ਐਸ.ਡੀ. ਚਰਨਜੀਤ ਸਿੰਘ ਬਰਾੜ, ਯੂਥ ਅਕਾਲੀ ਦਲ ਦੇ ਦੋਆਬਾ ਜ਼ੋਨ ਦੇ ਪ੍ਰਧਾਨ ਸਰਬਜੋਤ ਸਿੰਘ ਸਾਬੀ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਬਾਬਾ ਰਾਮ ਸਿੰਘ ਦੁਧਾਲਾ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਭਾਰਦਵਾਜ ਨੇ ਵੀ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਮੁੱਖ ਪਾਰਲੀਮਾਨੀ ਸਕੱਤਰ ਚੌ. ਨੰਦ ਲਾਲ, ਸਾਬਕਾ ਵਿਧਾਇਕ ਮੋਹਣ ਸਿੰਘ ਬੰਗਾ, ਆਈ.ਜੀ. ਅਰਪਿਤ ਸ਼ੁਕਲਾ, ਡੀ.ਆਈ.ਜੀ. ਐਸ.ਕੇ. ਕਾਲੀਆ, ਡੀ.ਸੀ. ਵਿਪੁਲ ਉਜਵਲ, ਐਸ.ਐਸ.ਪੀ. ਸਨੇਹਦੀਪ ਸ਼ਰਮਾ, ਐਸ.ਜੀ.ਪੀ.ਸੀ. ਮੈਂਬਰ ਗੁਰਬਖਸ਼ ਸਿੰਘ ਖਾਲਸਾ, ਪੰਜਾਬ ਮੰਡੀ ਬੋਰਡ ਦੇ ਡਾਇਰੈਕਟਰ ਜਗਜੀਤ ਸਿੰਘ ਲਾਲੀ, ਅਕਾਲੀ ਆਗੂ ਸਤਨਾਮ ਸਿੰਘ ਲਾਦੀਆਂ, ਅਕਾਲੀ ਦਲ ਦੇ ਐਸ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੋਹਣ ਲਾਲ ਢੰਡਾ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸੁਕਾਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਕਰਮਵੀਰ ਸਿੰਘ ਘੁੰਮਣ, ਜ਼ਿਲ੍ਹਾ ਪ੍ਰਧਾਨ ਆਈ.ਟੀ. ਵਿੰਗ ਦੇ ਪ੍ਰਧਾਨ ਬਰਿੰਦਰ ਸਿੰਘ ਪਰਮਾਰ ਮੌਜੂਦ ਸਨ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਖਟਕੜ ਕਲਾਂ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਪੰਜਾਬ ਵਿੱਚ ਕਾਂਗਰਸ ਅਕਾਲੀਆਂ ਨਾਲੋਂ ਸੂਬੇ ਦੇ ਲੋਕਾਂ ਨੂੰ ਸੁਰੱਖਿਅਤ ਭਵਿੱਖ ਦੇ ਸਕਦੀ ਹੈ। ਇਸ ਲਈ ਕਾਂਗਰਸ ਨੂੰ ਸੱਤਾ ਵਿੱਚ ਲਿਆਂਦਾ ਜਾਣਾ ਸੂਬੇ ਦੇ ਲੋਕਾਂ ਦੇ ਹਿੱਤ ਵਿਚ ਹੈ। ਅੰਗਰੇਜ਼ਾਂ ਤੋਂ ਅਜ਼ਾਦੀ ਤੋਂ ਬਾਅਦ ਹੁਣ ਪੰਜਾਬ ਵਿਚ ਮਨਮਾਨੀਆਂ ਕਰਨ ਵਾਲੇ ਲੋਕਾਂ ਤੋਂ ਨਿਜਾਤ ਪਾਉਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਦਿੱਲੀ ਦੀ ਅਸਫਲ ਕਾਰਗੁਜ਼ਾਰੀ ਦੱਸਦਿਆਂ ਲੰਮੇ ਹੱਥੀਂ ਲਿਆ। ਪਾਣੀਆਂ ਦੇ ਮਸਲੇ ਤੇ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਨਾਲ ਸਹਿਮਤ ਹੋਣ ਦੀ ਗੱਲ ਕੀਤੀ।

ਪੱਤਰਕਾਰਾਂ ਦੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਪੰਜਾਬ ਵਿੱਚ ਬਸਪਾ ਵਲੋਂ ਸਾਰੀਆਂ ਸੀਟਾਂ ਤੇ ਚੋਣ ਲੜਨ ਸਬੰਧੀ ਕਿਹਾ ਕਿ ਇਸ ਨਾਲ ਅਕਾਲੀਆਂ ਦੀ ਮੱਦਦ ਦਾ ਸੰਕੇਤ ਮਿਲਦਾ ਹੈ। ਇਸ ਮੌਕੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀ ਕਿਸਾਨੀ ਦੀ ਭਲਾਈ ਵਾਸਤੇ ਸਿਰਫ ਮਗਰਮੱਛ ਦੇ ਹੰਝੂ ਵਹਾਉਣ ਦਾ ਯਤਨ ਹੀ ਕਰ ਰਹੀ ਹੈ ਜਦ ਕਿ ਕਿਸਾਨ ਖ਼ੁਦਕਸ਼ੀਆਂ ਦੇ ਰਾਹ ਪਏ ਹੋਏ ਹਨ।

ਇਸ ਮੌਕੇ ਵਿਧਾਇਕ ਤਰਲੋਚਨ ਸਿੰਘ ਸੂੰਢ, ਵਿਧਾਇਕ ਗੁਰਇਕਬਾਲ ਕੌਰ ਬਬਲੀ, ਸਾਬਕਾ ਵਿਧਾਇਕ ਗੁਰਬਿੰਦਰ ਸਿੰਘ ਅਟਵਾਲ, ਜੋਗਿੰਦਰ ਸਿੰਘ ਮਾਨ ਅਤੇ ਸੀਨੀਅਰ ਕਾਂਗਰਸੀ ਆਗੂ ਸਤਵੀਰ ਸਿੰਘ ਪੱਲੀਝਿੱਕੀ ਹਾਜ਼ਰ ਸਨ। ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕਰਨ ਲਈ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਵਲੋਂ ਆਪਣੇ ਸਾਥੀਆਂ ਸਮੇਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਮਾਰਕ ਤੇ ਪਹੁੰਚੇ। ਉਨ੍ਹਾਂ ਨੇ ਸ਼ਹੀਦ ਦੇ ਬੁੱਤ ਅਤੇ ਸਮਾਰਕ

(ਬਾਕੀ ਸਫ਼ਾ 22 ਤੇ)

# ਪਿੰਡ ਕਰਨਾਣਾ ਦੀ ਸਹਿਕਾਰੀ ਸੁਸਾਇਟੀ ਨੇ ਵਧੀਆ ਕਾਰਗੁਜ਼ਾਰੀ ਕਰਕੇ ਪੰਜਾਬ 'ਚੋਂ ਪਹਿਲਾ ਅਤੇ ਭਾਰਤ ਚੋਂ ਤੀਜਾ ਸਥਾਨ ਪ੍ਰਾਪਤ ਕੀਤਾ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਪਿੰਡ ਕਰਨਾਣਾ ਦੀ ਬਹੁਮੰਤਵੀ ਸਹਿਕਾਰੀ ਸਭਾ ਨੇ ਆਪਣੀ ਬਿਹਤਰ ਕਾਰਗੁਜ਼ਾਰੀ ਕਰਦੇ ਹੋਏ ਦਿੱਲੀ ਵਿੱਚ ਹੋਏ ਸਲਾਨਾ ਸਮਾਗਮ ਵਿੱਚ ਭਾਰਤ ਭਰ ਦੀਆਂ ਸਭਾਵਾਂ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਅਤੇ ਪੰਜਾਬ ਭਰ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸੁਭਾਸ਼ ਯਾਦਵ ਐਵਾਰਡ ਹਾਸਲ ਕੀਤਾ। ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਸਿਰਮੌਰ ਸਹਿਕਾਰੀ ਸਭਾਵਾਂ ਚੋਂ ਆਪਣਾ ਕੱਦ ਹੋਰ ਉ੍ਚਾ ਕੀਤਾ।



ਨੈਸ਼ਨਲ ਫੈਡਰੇਸ਼ਨ ਆਫ਼ ਸਟੇਟ ਕੋਆਪਰੇਟਿਵ ਬੈਂਕਸ ਲਿਮਟਿਡ ਨਵੀਂ ਮੁੰਬਈ ਮਹਾਂਰਾਸ਼ਟਰ ਅਤੇ ਐਨ.ਆਰ.ਸੀ.ਯੂ.ਆਈ. ਵਲੋਂ ਕਰਵਾਏ ਗਏ ਸਮਾਗਮ ਵਿਚ ਸੁਭਾਸ਼ ਯਾਦਵ ਐਵਾਰਡ ਸਭਾ ਦੇ ਸਕੱਤਰ ਮਲਕੀਤ ਰਾਮ ਨੇ ਪ੍ਰਾਪਤ ਕੀਤਾ। ਸੁਸਾਇਟੀ ਵਿੱਚ ਕਰਵਾਏ ਗਏ ਸਵਾਗਤ ਵਜੋਂ ਕਰਵਾਏ ਗਏ ਸਾਦਾ ਸਮਾਗਮ ਵਿਚ ਹਾਜ਼ਰ ਸਭਾ ਦੇ ਪ੍ਰਧਾਨ ਰਣਧੀਰ ਸਿੰਘ ਕਰਨਾਣਾ ਨੇ ਦੱਸਿਆ ਕਿ 1934 ਵਿਚ ਸਥਾਪਤ ਹੋਈ ਇਹ ਸਭਾ ਆਪਣੇ ਫੰਡਾਂ ਅਤੇ ਸ਼ੇਅਰਾਂ ਨਾ਼ਲ ਹੀ ਬੁਲੰਦੀਆਂ ਛੂਹ ਰਹੀ ਹੈ। ਇਸ ਵਿਚ ਕੋਈ ਵੀ ਸਰਕਾਰੀ ਮੱਦਦ ਨਹੀਂ ਮਿਲਦੀ। ਉਨ੍ਹਾਂ ਦੱਸਿਆ ਕਿ ਇਸ ਸਭਾ ਵਲੋਂ ਪਹਿਲਾਂ ਵੀ ਦੋ ਵਾਰ ਪਹਿਲਾ ਇਨਾਮ ਜ਼ਿਲ੍ਹਾ ਪੱਧਰੀ ਅਤੇ ਸੂਬਾ ਪੱਧਰੀ ਇਨਾਮ ਜਿੱਤ ਚੁੱਕੀ ਹੈ। ਇਸ ਵਾਰ ਪੰਜਾਬ 'ਚੋਂ ਪਹਿਲਾ ਅਤੇ ਭਾਰਤ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ ਜਿਸ ਦਾ ਸਿਹਰਾ ਸਭਾ ਦੇ ਅਹੁਦੇਦਾਰਾਂ, ਸਮੂਹ ਸਟਾਫ ਅਤੇ ਪਿੰਡ ਦੇ ਹਿੱਸੇਦਾਰਾਂ ਨੂੰ ਜਾਂਦਾ ਹੈ। ਇਸ ਮੌਕੇ ਰਣਧੀਰ ਸਿੰਘ ਪ੍ਰਧਾਨ, ਸੁਖਵਿੰਦਰ ਸਿੰਘ ਮੀਤ ਪ੍ਰਧਾਨ, ਮਲਕੀਤ ਰਾਮ ਸੈਕ-ਟਰੀ, ਇੰਦਰਜੀਤ ਸਿੰਘ ਧੀਰ ਖਜ਼ਾਨਚੀ, ਕਮਲਜੀਤ ਸਿੰਘ, ਮਹਿੰਦਰ ਲਾਲ, ਰਵਿੰਦਰ ਸਿੰਘ ਪਰਿਹਾਰ, ਅਮਰਜੀਤ ਸਿੰਘ, ਸੁਰਿੰਦਰ ਸਿੰਘ, ਸੰਸਾਰ ਸਿੰਘ, ਉਂਕਾਰ ਸਿੰਘ, ਦਲਜੀਤ ਸਿੰਘ, ਕਸ਼ਮੀਰਾ ਸਿੰਘ, ਹਰਪ੍ਰੀਤ ਸਿੰਘ, ਜਗਮੋਹਨ ਸਿੰਘ ਆਦਿ ਹਾਜ਼ਰ ਸਨ।

# ਡਾ. ਕੌਲ ਨੂੰ ਸਦਮਾ- ਭਰਾ ਦਾ ਦੇਹਾਂਤ

**ਜਲੰਧਰ–** ਡਾ. ਗਿਆਨ ਚੰਦ ਕੌਲ, ਸਾਬਕਾ ਮੁਖੀ ਪੰਜਾਬੀ ਵਿਭਾਗ ਡੀ. ਏ. ਵੀ. ਕਾਲਜ, ਜਲੰਧਰ ਦੇ ਭਰਾ ਕੁਮਾਰ ਮਹਿੰਦਰ ਕੌਰ ਬੀਤੇ ਦਿਨੀਂ ਇੰਗਲੈਂਡ ਵਿਖੇ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੀ ਆਤਮਕ ਸ਼ਾਂਤੀ ਲਈ ਨਮਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਹਨਾਂ ਦਾ ਗ੍ਰਹਿ ਪਿੰਡ ਜੰਡੂਸਿੰਘਾ ਵਿਖੇ 27 ਮਾਰਚ ਦਿਨ ਐਤਵਾਰ ਪਾਏ ਗਏ। ਉਪਰੰਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ ਹੋਇਆ, ਜਿਸ ਮੌਕੇ ਅਹਿਮ ਸ਼ਖਸੀਅਤਾਂ ਅਤੇ ਸੰਗਤ ਨੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਉਪਰੰਤ ਸੰਤ ਸਰਵਣ ਦਾਸ ਲੁਧਿਆਣਾ, ਪ੍ਰਧਾਨ ਆਲ ਇੰਡੀਆ ਆਦਿ ਧਰਮ ਸੰਤ ਸਮਾਜ ਤੇ ਸੰਤ ਨਿਰਮਲ ਦਾਸ ਬਾਬੇ ਜੌੜੇ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਕੌਲ ਪਰਿਵਾਰ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਇੰਗਲੈਂਡ ਦੀ ਧਰਤੀ 'ਤੇ ਰਹਿੰਦਿਆਂ ਮਹਿੰਦਰ ਕੌਲ ਨੇ ਚਾਰੇ ਬੇਟੀਆਂ ਨੂੰ ਉਚ ਸਿੱਖਿਆ ਦਿਵਾਈ। ਡਾ. ਕੌਲ ਦਾ ਪਰਿਵਾਰ ਮਿਸ਼ਨਰੀ ਪਰਿਵਾਰ ਹੈ ਤੇ ਇਸ ਪਰਿਵਾਰ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਸੰਤਾਂ ਤੋਂ ਪਹਿਲਾਂ ਇੰਜੀਨੀਅਰ ਜਸਵੰਤ ਰਾਏ, ਕਾਂਸ਼ੀ ਰਾਮ ਕਲੇਰ, ਪ੍ਰਿੰ: ਚਰਨਾ ਰਾਮ, ਬੀਰ ਚੰਦਰ ਸੁਰੀਲਾ ਤੇ ਪ੍ਰਿੰ: ਪਰਮਜੀਤ ਜੱਸਲ ਨੇ ਵੀ ਸ਼ਰਧਾਂਜਲੀ ਭੇਂਟ ਕੀਤੀਆਂ। ਇਸ ਮੌਕੇ ਸਾਕ-ਸਬੰਧੀਆਂ ਤੋਂ ਇਲਾਵਾ ਬੁੱਧੀਜੀਵੀ, ਪੰਚ-ਸਰਪੰਚ ਤੇ ਰਾਜਨੀਤਿਕ ਸ਼ਖਸੀਅਤਾਂ ਹਾਜ਼ਰ ਸਨ। ਡਾ. ਗਿਆਨ ਚੰਦ ਕੌਲ ਦੇ ਪਰਿਵਾਰ ਨੇ ਸਭਨਾਂ ਦਾ ਧੰਨਵਾਦ ਕੀਤਾ। ਅਦਾਰਾ 'ਦੇਸ਼ ਦੁਆਬਾ' ਡਾ. ਜੀ. ਸੀ. ਕੌਲ ਅਤੇ ਸਮੂਹ ਕੌਲ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦਿਲੀ ਦੁੱਖ ਪ੍ਰਗਟ ਕਰਦਾ ਹੈ।





# ਨਗਰ ਕੌਂਸਲ ਨੰਗਲ ਦੇ ਪੱਤਰਕਾਰਾਂ ਦੇ ਕੌਂਸਲ ਮੀਟਿੰਗ ਵਿੱਚ ਦਾਖਲੇ ਦੀ ਪਾਬੰਦੀ ਸਬੰਧੀ ਤੁਗਲਕੀ ਫੁਰਮਾਨ ਵਿਰੁੱਧ ਵੱਖ ਵੱਖ ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਨੇ ਰੋਸ ਧਰਨਾ ਦਿੱਤਾ

**ਨੰਗਲ–** ਲੋਕ ਤੰਤਰ ਦਾ ਚੋਥਾ ਥੱਮ ਮੰਨੇ ਜਾਣ ਵਾਲੇ ਪੱਤਰਕ-ਾਰਾ ਦੀ ਨਗਰ ਕੌਂਸਲ ਨੰਗਲ ਦੀਆਂ ਮੀਟਿੰਗਾਂ ਵਿੱਚ ਦਾਖਲ ਹੋਣ ਸਬੰਧੀ ਲਗਾਈ ਗਈ ਪਾਬੰਦੀ ਦਾ ਮਾਮਲਾ ਦਿਨ ਪ੍ਰਤੀ ਦਿਨ ਭਖਦਾ ਜਾ ਰਿਹਾ ਹੈ। ਪਿਛਲੇ ਲੰਬੇ ਸਮੇਂ ਤੋਂ ਪੱਤਰਕਾਰਾਂ ਦੇ ਨਾਲ ਸੇਵਾ ਕਰ ਰਹੀ ਹੈ ਅਤੇ ਨੰਗਲ ਸ਼ਹਿਰ ਦੀਆਂ ਸੱਮਸਿਆਵਾਂ ਨੂੰ ਵੀ ਬੜੇ ਜੋਰ ਨਾਲ ਕੋਂਸਲ ਅਤੇ ਪ੍ਰਸ਼ਾਸ਼ਨੀਕ ਅਧਿਕਾਰੀਆਂ ਕੋਲੋਂ ਚੁੱਕ ਰਹੀ ਹੈ।

ਉਨ੍ਹਾਂ ਆਖਿਆ ਕਿ ਬੜੇ ਹੀ ਲੰਬੇ ਅਰਸੇ ਬਾਅਦ



ਦਾਖਲੇ ਦੀ ਮੰਗ ਕਰਨ ਵਾਲੀ ਮਿਉਂਸਿਪਲ ਕੌਂਸਲਰ ਮੈਡਮ ਸ਼ਿਵਾਨੀ ਜਸਵਾਲ ਅਤੇ ਸਮਾਜ ਸੇਵਕ ਵਕੀਲ ਅਨੁਜ ਠਾਕੁਰ ਦੀ ਅਗਵਾਈ ਵਿੱਚ ਅੱਜ ਇਸ ਮਾਮਲੇ ਨੂੰ ਲੈਕੇ ਮੇਨ ਮਾਰਕੀਟ ਨੰਗਲ ਵਿੱਚ ਇੱਕ ਰੋਸ ਧਰਨਾ ਲਗਾਇਆ ਗਿਆ ਜਿਸ ਵਿੱਚ ਵੱਖ ਵੱਖ ਸਮਾਜਿਕ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ਵਿੱਚ ਪਹੁੰਚੇ। ਇਸ ਮੌਕੇ ਹਾਜਰ ਪੱਤਰਕਾਰ ਸੁਭਾਸ਼ ਸ਼ਰਮਾ, ਗਰੁਪ੍ਰੀਤ ਗਰੇਵਾਲ, ਸ਼ਿਵ ਕੁਮਾਰ ਕਾਲੀਆ, ਪ੍ਰਭਾਤ ਭੱਟੀ, ਕੁਲਦੀਪ ਚੰਦ, ਰਕੇਸ਼ ਸੈਣੀ, ਰਣਵੀਰ ਸੈਣੀ, ਮਨੋਜ ਕੁਮਾਰ, ਸ਼ਿਵ ਕੁਮਾਰ ਕਾਲੀਆ, ਸਤਨਾਮ ਸਿੰਘ, ਅਭੀ ਰਾਣਾ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਸੰਜੈ ਸਾਹਨੀ, ਕੋਂਸਲਰ ਪਰਮਜੀਤ ਪੰਮਾ, ਸਾਬਕਾ ਕੋਂਸਲਰ ਸੁਰਿੰਦਰ ਪੰਮਾ, ਡਾਕਟਰ ਸੰਜੀਵ ਗੋਤਮ, ਓ ਪੀ ਖੰਨਾ, ਡਾਕਟਰ ਅਸ਼ੋਕ ਸ਼ਰਮਾ, ਫੁਲਵੰਤ ਸਿੰਘ ਮਨੋਚਾ, ਓਮਾ ਕਾਂਤ ਸ਼ਰਮਾ, ਮੋਤੀ ਲਾਲ, ਗੁਲਫਾਮ ਅਹਿਮਦ, ਹਰਦੀਪ ਸਹਿਗਲ, ਕੈਪਟਨ ਸਵਿਤਰ ਚੰਦ, ਕਰਨੈਲ ਸਿੰਘ ਸੈਣੀ, ਵਿਜੈ ਕੁਮਾਰ, ਪਰਮਜੀਤ ਸੈਣੀ, ਮਾਨ ਸਿੰਘ, ਅਮਰਿਤ ਪਾਲ, ਰਾਜ ਸਿੰਘ ਹੈਪੀ, ਗੋਵਰਧਨ ਰਾਣਾ, ਕੋਂਸਲਰ ਬਲਜੀਤ ਕੋਰ, ਰਾਜੀ ਖੰਨਾ, ਕਰਣ ਖੰਨਾ, ਵਕੀਲ ਮੁਨੀਸ਼ ਕੁਮਾਰ, ਮੇਨ ਮਾਰਕੀਟ ਪ੍ਰਧਾਨ ਮ੍ਰਿਤਿੰਜੈ ਪ੍ਰਸ਼ਾਦ ਹੈਪੀ, ਦਿਵਾਨ ਸਿੰਘ ਮਦਾਨ, ਨਗਰ ਕੌਂਸਲ ਦੇ ਸਾਬਕਾ ਚੇਅਰਮੈਨ ਅਤੇ ਭਾਜਪਾ ਆਗੂ ਰਕੇਸ਼ ਕੁਮਾਰ ਪਿੰਕੀ, ਉਪੇਂਦਰ ਠਾਕੁਰ, ਵਿਵੇਕ ਸਿੰਘ ਕੋਹਲੀ, ਪ੍ਰੇਮ ਪ੍ਰਕਾਸ਼, ਗੋਰਵ ਗੁਪਤਾ, ਬਲਵਿੰਦਰ ਸਿੰਘ, ਦੀਪਕ, ਕਪੂਰ ਸਿੰਘ, ਵੀਨਾ ਰਾਣੀ, ਰੀਮਾ ਆਦਿ ਹਾਜਰ ਵਿਅਕਤੀਆਂ ਨੇ ਕਾਲਾ ਰੀਬਨ ਬੰਨਕੇ ਅਪਣਾ ਰੋਸ ਪ੍ਰਦਰਸ਼ਨ ਕੀਤਾ। ਇਸ ਧਰਨੇ ਵਿੱਚ ਹਾਜਰ ਬਹੁਤੇ ਲੋਕਾਂ ਨੇ ਕਿਹਾ ਕਿ ਸ਼ਿਵਾਨੀ ਜਸਵਾਲ ਆਪਣੇ ਵਾਰਡ ਦੀ ਪੂਰੀ ਲਗਨ ਨੰਗਲ ਸ਼ਹਿਰ ਵਿੱਚ ਇੱਕ ਨਿਡਰ ਇਮਾਨਦਾਰ, ਪੜੀ-ਲਿਖੀ, ਸਮਾਜ ਸੇਵੀ ਔਰਤ ਕੋਂਸਲਰ ਦੇ ਰੂਪ ਵਿੱਚ ਸਾਹਮਣੇ ਆਈ ਹੈ। ਇਹੋ ਜਿਹੀ ਸਮਾਜ ਸੇਵੀਕਾਂ ਨੂੰ ਅੱਗੇ ਵੀ ਜੇ ਕੋਂਸਲ ਵਿੱਚ ਉੱਚ ਅਹੁਦੇ ਤੇ ਮੋਕਾ ਦਿੱਤਾ ਜਾਵੇ ਤਾਂ ਨੰਗਲ ਸ਼ਹਿਰ ਨੂੰ ਇੱਕ ਮਾਡਲ ਸ਼ਹਿਰ ਦੇ ਰੂਪ ਵਿੱਚ ਵੇਖਣ ਲਈ ਕੋਈ ਜਿਆਦਾ ਸਮਾਂ ਨਹੀਂ ਲਗੇਗਾ।

ਉਨ੍ਹਾਂ ਕਿਹਾ ਕਿ ਇਹ ਕੋਂਸਲਰ ਆਪਣੀ ਮਹੀਨੇ ਦੀ ਤਨਖਾਹ ਜੋ ਕਿ ਕੋਂਸਲ ਤੋਂ 7500/- ਰੁਪਏ ਦੇ ਲਗਭਗ ਮਿਲਦੀ ਹੈ ਅਤੇ ਬਾਕੀ ਪੈਸੇ ਅਪਣੇ ਕੋਲੋਂ ਪਾਕੇ ਆਪਣੇ ਵਾਰਡ ਵਿੱਚ ਰੱਖੇ ਅਪਣੇ ਵਲੋਂ ਸਫਾਈ ਸੇਵਕਾਂ ਉੱਤੇ 12000/- ਰੁਪਏ ਦੇ ਲਗਭਗ ਪ੍ਰਤੀ ਮਹਿਨਾ ਖਰਚ ਕਰ ਰਹੀ ਹੈ। ਕੌਂਸਲਰ ਸ਼ਿਵਾਨੀ ਜਸਵਾਲ ਨੇ ਧਰਨੇ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ। ਸ਼ਿਵਾਨੀ ਜਸਵਾਲ ਨੇ ਦੱਸਿਆ ਕਿ ਜੇਕਰ ਰਾਜ ਸਭਾ, ਲੋਕ ਸਭਾ, ਵਿਧਾਨ ਸਭਾ ਆਦਿ ਦੀ ਕਾਰਵਾਈ ਦਾ ਸਿੱਧਾ ਪ੍ਰਸਾਰਨ ਹੋ ਸਕਦਾ ਹੈ ਤਾਂ ਸਾਡੀ ਸਲਾਨਾ 75/- ਕਰੋੜ ਰੁਪਏ ਦਾ ਬਜਟ ਰੱਖਣ ਵਾਲੀ ਨਗਰ ਨੰਗਲ ਕੋਂਸਲ ਨੂੰ ਕਿਸ ਗੱਲ ਦੀ ਘਾਟ ਹੈ ਉਨ੍ਹਾਂ ਕਿਹਾ ਕਿ ਪੱਤਰਕਾਰਾਂ ਅਤੇ ਸ਼ਹਿਰ ਦੇ ਲੋਕਾਂ ਨੂੰ ਹਾਉਸ ਦੀਆਂ ਮੀਟਿੰਗਾਂ ਤੋਂ ਬਾਂਝਾ ਰੱਖਣਾ ਕੋਂਸਲ ਦੀ ਕਾਰਗੁਜਾਰੀ ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਪੈਦਾ ਹੁੰਦਾ ਹੈ। ਉਨ੍ਹਾ ਕਿਹਾ ਕਿ ਉਹ ਸ਼ਹਿਰ ਵਾਸੀਆਂ ਨੂੰ ਕੌਂਸਲ ਦੀ ਹਰ ਕਾਰ-ਗੁਜ਼ਾਰੀ ਤੋਂ ਜਾਣੂ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਜੇਕਰ ਨਗਰ ਕੌਂਸਲ ਨੇ ਮੀਟਿੰਗਾਂ ਵਿੱਚ ਪੱਤਰਕਾਰਾਂ ਦੇ ਦਾਖਲੇ ਦੀ ਪਬੰਦੀ ਨਾਂ ਹਟਾਈ ਤਾਂ ਲੋਕਾਂ ਨਾਲ ਮਿਲਕੇ ਅਗਲੇ ਸੰਘਰਸ਼ ਦੀ ਕਾਰਵਾਈ ਕੀਤੀ ਜਾਵੇਗੀ

**ਰਿਪੋਰਟ- ਕੁਲਦੀਪ ਚੰਦ (91-94175-63054)**

# ਸਾਹਿਤਕ ਸਮਾਗਮ ਵਿਚ 'ਦੀਵਾ ਬਲਦਾ ਰਹੇ' ਪੁਸਤਕ ਲੋਕ ਅਰਪਣ ਕੀਤੀ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ (ਰਜਿ ) ਰਾਜਪੁਰਾ ਵਲੋਂ ਸੀਨੀਅਰ ਸਿਟੀਜਨ ਕੌਸਲ ਦੇ ਸਹਿਯੋਗ ਨਾਲ ਸੀਨੀਅਰ ਸਿਟੀਜਨ ਕੋਸਲ ਭਵਨ ਵਿਖੇ ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਅਤੇ ਕੌਂਸਲ ਪ੍ਰਧਾਨ ਡਾ ਹਰਬੰਸ ਸਿੰਘ ਆਹੂਜਾ ਦੀ ਸਾਂਝੀ ਅਗਵਾਈ ਵਿਚ ਸਮਾਰੋਹ ਕਰਵਾਇਆ ਗਿਆ। ਇਸ ਮੋਕੇ ਸ੍ਰੀਮਤੀ ਹਰਜਿੰਦਰ ਕੋਰ




ਸਧਰ ਦੀ ਕਿਤਾਬ 'ਦੀਵਾ ਬਲਦਾ ਰਹੇ 'ਲੋਕ ਅਰਪਣ ਕੀਤੀ। ਸਮਾਗਮ ਦੇ ਮੁਖ ਮਹਿਮਾਨ ਬਿਕਰਮ ਸਿੰਘ ਸ਼ੇਰਗਿਲ ਐਸ ਡੀ ਐਮ ਰਾਜਪੁਰਾ ਨੇ ਕਿਹਾ ਕਿ ਸਾਹਿਤ ਨਰੋਏ ਸਮਾਜ ਦੀ ਨੀਹਂ ਹੁੰਦਾ ਹੈ ਅਤੇ ਸਾਹਿਤ ਰਚੇਤਾ ਸਚੇ ਮਨ ਨਾਲ ਸਮਾਜਿਕ ਤਾਣੇ ਬਾਣੇ ਨੂੰ ਸਿਰਜਦਾ ਹੈ।

ਸਮਾਗਮ ਦੀ ਪ੍ਰਧਾਨਗੀ ਪਵਨ ਹਰਚੰਦ ਪੂਰੀ ਨੇ ਕੀਤੀ ਪ੍ਰਧਾਨਗੀ ਮੰਡਲ ਵਿਚ ਪ੍ਰੋ ਹਰਿੰਦਰ ਸ਼ਰਮਾ, ਸੰਤ ਸਿੰਘ ਸੋਹਲ ਸ਼ਾਮਿਲ ਸਨ। ਜਿਸ ਵਿਚ ਉਘੇ ਸਾਹਿਤਕਾਰ ਬਲਦੇਵ ਸਿੰਘ ਖੁਰਾਣਾ, ਪ੍ਰੋ ਸ਼ਤਰੂਘਨ ਗੁਪਤਾ ,ਗੁਰਚਰਨ ਸਿੰਘ ਭੱਟੀ ਹਰਪ੍ਰੀਤ ਸਿੰਘ ਰਾਣਾ, ਰਘਬੀਰ ਸਿੰਘ ਮੇਹਮੀ, ਗੁਰਚਰਨ ਸਿੰਘ ਪਾਬਾਰਾਲੀ, ਧਰਮ ਸਿੰਘ ਮਠਿਆੜਾ, ਜੀ ਪੀ ਸਿੰਘ, ਦਇਆ ਸਿੰਘ, ਬਲਬੀਰ ਜਲਾਲਾਬਾਦੀ, ਹਰਿ ਸਿੰਘ ਚਮਕ, ਅਸ਼ੋਕ ਝਾ, ਮਹਿੰਦਰ ਮਿੰਦੀ ਅਤੇ ਕਮਲ ਸੇਖੋਂ ਨੇ ਆਪਣੀਆਂ ਰਚਨਾਵਾਂ ਨਾਲ ਚੰਗਾ ਰੰਗ ਬੰਨਿਆ।

ਇਸ ਮੋਕੇ ਬੀਬੀ ਹਰਜਿੰਦਰ ਕੌਰ ਸਧਰ ਦੀ ਪੁਸਤਕ 'ਦੀਵਾ ਬਲਦਾ ਰਹੇ' ਲੋਕ ਅਰਪਣ ਕੀਤੀ ਗਈ। ਡਾ ਹਰਜੀਤ ਸਿੰਘ ਸਧਰ ਅਤੇ ਹਰਜਿੰਦਰ ਕੌਰ ਦੀ ਸਪੁਤਰੀ ਅਮਨ ਪ੍ਰੀਤ ਕੌਰ ਸੋਨੀਆ ਅਤੇ ਭਵਜੀਤ ਕੋਰ ਆਸਟ੍ਰੇਲੀਆ ਨੇ ਆਪਣੀ ਮਾਤਾ ਦੇ ਲਿਖੇ ਗੀਤ ਗਾ ਕੇ ਪੰਜਾਬੀ ਚੇਂਨਲ ਵਲੋਂ ਜਿਤੇ ਖਿਤਾਬ ਦਾ ਪ੍ਰਮਾਣ ਦੇ ਦਿਤਾ। ਇਸ ਮੋਕੇ ਬਲਵਿੰਦਰ ਕੌਰ ਸੇਖੋਂ, ਇਕਬਾਲ ਸਿੰਘ ਸੇਖੋਂ, ਦਰਸ਼ਨ ਸਿੰਘ ਬਨੂੜ, ਕਰਮ ਸਿੰਘ ਹਕੀਰ, ਦਾ ਹਰਜੀਤ ਸਿੰਘ ਸਧਰ, ਕੁਲਵੰਤ ਸਿੰਘ ਜੱਸਲ ,ਸੰਗਮ ਦੇ ਪ੍ਰਧਾਨ ਦਾ ਗੁਰਵਿੰਦਰ ਅਮਨ, ਭੀਮ ਸੇਨ ਝੂਲੇਲਾਲ, ਅਲੀ ਰਾਜਪੁਰਾ, ਆਤਮ ਜੋਤ ਕੌਰ, ਡਾ ਬਲਜੀਤ ਕੌਰ ਚੀਮਾ ਅਤੇ ਅਮਰੀਕਾ ਤੋਂ ਵਿਸ਼ੇਸ਼ ਤੋਰ ਤੇ ਜਤਿੰਦਰ ਦੱਤ ਨੇ ਬੁਲੰਦ ਆਵਾਜ ਵਿਚ ਬਾਬਾ ਬੁੱਲੇ ਸ਼ਾਹ ਦਾ ਕਲਾਮ ਪੇਸ਼ ਕੀਤਾ। ਸਟੇਜ ਦੀ ਕਾਰਵਾਈ ਦਰਸ਼ਨ ਬਨੂੜ ਨੇ ਬਾਖੂਬੀ ਨਿਭਾਈ।

# ਸਬਕ

ਮਾਰਚ ਦੀ ਤੀਹ ਤਰੀਕ ਠੇਕੇ 'ਟੁੱਟੇ' ਹੋਏ ਸੀ। ਸੜਕ ਤੇ ਪਿੰਡੋਂ ਹਟਵੇਂ ਠੇਕੇ ਤੋਂ ਕਾਫ਼ੀ ਅੱਗੇ ਜਾ ਕੇ ਇੱਕ ਟੈਂਪੂ (ਫੋਰਵੀਲ੍ਹਰ) ਰੁਕਿਆ। ਮਕਾਣ ਤੋਂ ਆਏ ਇਸ ਟੈਂਪੂ 'ਚੋਂ ਚਾਰ ਪੰਜ ਬੰਦੇ ਛਾ਼ਲਾਂ ਮਾਰ ਕੇ ਦੂਹਾ-ਦੂਹ ਠੇਕੇ ਵੱਲ ਨੂੰ ਹੋ ਤੁਰੇ ਬਾਕੀ ਸਾਰੇ ਬੰਦੇ ਤੀਵੀਂਆਂ ਵਿਚ ਹੀ ਬੈਠੇ ਰਹੇ। ਡਰਾਇਵਰ ਦੇ ਨਾ਼ਲ ਬੈਠੇ ਮੇਰੇ ਇੱਕ ਜਾਣਕਾਰ ਨੇ ਮੈਨੂੰ ਹਾਕ ਮਾਰ ਲਈ ਤਾਂ ਮੈਂ ਕੋ਼ਲ ਜਾ ਕੇ ਪੁੱਛਿਆ, "ਕੀ ਗੱਲ ਹੋ ਗਈ, ਕਿੱਥੋਂ ਆਏ ਹੋ?"

ਉਸ ਨੇ ਦੱਸਿਆ, "ਯਾਰ ਆਉਣਾ ਕਿੱਥੋਂ ਗਿਆਨ ਸਿਆਂ, ਆ ਭੋਗ ਤੋਂ ਆਏ ਆਂ ਬਹਾਦਰ ਕਾ ਪ੍ਰਾਹੁਣਾ ਗੁਜ਼ਰ ਗਿਆ ਸੀ, ਸਿਰ 'ਚ ਸੱਟ ਲੱਗੀ ਸੀ। ਕਈ ਦਿਨ ਹਸਪਤਾਲ ਦਾਖਲ ਰਿਹਾ ਤੇ ਅਖੀਰ ਮੁੱਕ ਗਿਆ।"

"ਸੱਟ ਕਿੱਦਾਂ ਲੱਗ ਗਈ?"

"ਪੌੜੀਆਂ ਤੋਂ ਡਿਗ ਪਿਆ ਸੀ।"

"ਅੱਛਾ, ਉਹ ਕਿੱਦਾਂ?"

"ਪੀਤੀਉ ਸੀ।" ਉਸ ਨੇ ਹੌ਼ਲੀ ਦੇਣੇ ਕਿਹਾ।

ਜਦ ਨੂੰ ਠੇਕੇ ਨੂੰ ਗਏ ਬੰਦਿਆਂ ਨੇ ਸਸਤੇ ਭਾਅ ਮਿਲਦੀ ਸ਼ਰਾਬ ਦੀ ਇੱਕ-ਇੱਕ ਪੇਟੀ ਲਿਆ ਕੇ ਟੈਂਪੂ 'ਚ ਟਿਕਾ ਕੇ ਚੱਲਣ ਦਾ ਇਸ਼ਾਰਾ ਕਰ ਦਿੱਤਾ।

**-ਰੇਸ਼ਮ ਕਰਨਾਣਵੀ**

# ਬਾਬਾ ਭਗਤ ਸਿੰਘ ਬਿਲਗਾ ਨਾਲ ਮੁਲਾਕਾਤ

## ਇਹ ਇੰਟਰਵਿਊ ਬਾਬਾ ਬਿਲਗਾ ਜੀ ਨਾਲ ਸਾਥੀ ਬਚਨ ਸਿੰਘ ਘੋਲੀਆ ਨੇ ਕੀਤੀ ਹੈ

**(ਅਜ਼ਾਦੀ ਪ੍ਰਾਪਤੀ ਲਈ, ਜੀਵਨ ਅਤੇ ਜਾਇਦਾਦ ਵਾਰਨ ਵਾਲੇ, ਅਜੋਕੇ ਜ਼ਿਲਾ ਮੋਗੇ ਦੇ ਹਲਕਾ ਬਾਘਾਪੁਰਾਣਾ ਦੇ ਪਹਿਲੇ ਐਮ.ਐਲ.ਏ.ਗਦਰੀ ਬਾਬਾ ਸਾਥੀ ਬਚਨ ਸਿੰਘ ਘੋਲੀਆ ਦੇ ਉੱਤਰ)**

ਮੇਰਾ ਜਨਮ ਸਧਾਰਾਨ ਕਿਸਾਨ ਪਿਤਾ ਭਗਵਾਨ ਸਿੰਘ, ਮਾਤਾ ਪ੍ਰੇਮ ਕੌਰ ਦੇ ਘਰ ਜ਼ਿਲਾ ਫਿਰੋਜ਼ਪੁਰ ਤਹਿਸੀਲ ਮੋਗਾ ਅਜੋਕਾ ਜ਼ਿਲਾ, ਪਿੰਡ ਘੋਲੀਆਂ ਖੁਰਦ 'ਚ 6 ਸਤੰਬਰ 1896 ਨੂੰ ਹੋਇਆ। ਸੁਰਤ ਸੰਭਾਲਣ ਸਮੇਂ ਦੇਸ਼ ਦੀ ਹਾਲਤ ਇਹ ਸੀ ਬਈ ਕਮਾਈ ਬਹੁਤ ਕਰਦੇ ਸੀ ਪਰ ਪੱਲੇ ਕੁੱਝ ਨਹੀਂ ਪੈਂਦਾ ਸੀ। ਮਜ਼ਾਰੇ ਸਮਝੋ, ਪੈਲੀ ਹਿੱਸੇ 'ਤੇ ਲੈਣੀ, ਕੰਮ ਬੜਾ ਕਰਨਾ, ਪੱਲੇ ਕੁੱਝ ਨਾ ਪੈਣਾਂ। ਅਸੀਂ 4 ਭਾਈ ਸੀ, ਛੋਟਾ ਭਰਾ ਭਜਨ ਸਿੰਘ ਮਾਤਾ ਦੇ ਕੁੱਛੜ ਹੀ ਸੀ, ਜਦੋਂ ਪਹਿਲਾਂ ਸਾਡਾ ਬਾਪ ਪਲੇਗ ਨਾਲ, ਤੇ ਛੇ ਮਹੀਨੇ ਬਾਅਦ ਕੱਤੇ ਵਿੱਚ ਮਾਈ ਮਰ ਗਈ।





ਵੱਡੇ ਭਰਾ ਚੰਨਣ ਸਿੰਘ ਤੇ ਨਿਰੰਜਣ ਸਿੰਘ ਸਨ, ਬੱਸ ਵੱਡਾ ਭਰਾ ਚੰਨਣ ਸਿੰਘ ਹੀ ਸੇਧ ਦਿੰਦਾ ਸੀ। ਇੱਕ ਮੇਰੀ ਭੂਆ ਸੀ, ਨਿਰੰਜਣ ਕੌਰ ਜੋ ਮਾਝੇ ਵਿੱਚ ਵਿਆਹੀ ਹੋਈ ਤੇ ਫੁੱਫੜ ਮਲਾਇਆ ਰਹਿੰਦਾ ਸੀ। ਬੱਸ ਸਾਡੀ ਉਸ ਭੂਆ ਨੇ ਸਾਨੂੰ ਪਾਲਿਆ ਤੇ ਅਸੀਂ ਗੱਭਰੂ ਹੋ ਗਏ।

ਸਾਡੇ ਖੇਤਾਂ ਕੋਲੋਂ ਦੀ ਨਹਿਰ ਸਰਹਿੰਦ ਵਗਦੀ ਹੈ ਤੇ ਨਹਿਰ ਦੀ ਕੋਠੀ ਹੈ, ਉੱਥੇ ਜਿਸ ਵੇਲੇ ਚੇਤ ਦੇ ਮਹੀਨੇ ਛੋਲਿਆਂ ਨੂੰ ਟਾਟਾਂ ਪੈ ਜਾਣੀਆਂ, ਮੋਹਕਮ ਆਉਂਦਾ, ਊਠਾਂ 'ਤੇ ਭਾਰ ਲੱਦਿਆਂ ਆਉਂਦਾ, ਫੇਰ ਨੇੜੇ ਤੇੜੇ ਦੇ ਸਾਰੇ ਪਿੰਡ ਇੱਥੇ ਇੱਕਠੇ ਹੋ ਜਾਣੇ, ਜ਼ੈਲਦਾਰ ਆਉਣੇ, ਸਫੈਦਪੋਸ਼ ਆਉਣੇ, ਨੰਬਰਦਾਰ ਆਉਣੇ, ਦੁਕਾਨਾਂ ਲਗ ਜਾਣੀਆਂ, ਪਿੰਡਾਂ ਦੇ ਪਿੰਡ ਪੰਜ-ਪੰਜ ਛੇ-ਛੇ ਦਿਨ ਰਹਿਣੇ ਤੇ ਉਂਨੇ ਦਿਨ ਸਾਨੂੰ ਬਿਪਤਾ ਪਈ ਰਹਿਣੀ, ਕਿਉਂਕਿ ਉੱਥੇ ਸਾਡੀ ਕੁੱਝ ਪੈਲੀ ਅਪਣੀ ਸੀ ਤੇ ਕੁੱਝ ਹਿੱਸੇ 'ਤੇ ਹੁੰਦੀ ਸੀ। ਉਨ੍ਹਾਂ ਨੇ ਉੱਥੇ ਖੇਤਾਂ 'ਚ ਘੋੜੀਆਂ ਛੱਡ ਦੇਣੀਆਂ ਸਾਡੀਆਂ ਫਸਲਾਂ ਵਿੱਚ ਚਰਨ ਲਈ, ਅਸੀਂ ਚੋਰੀ ਰਾਖੀ ਕਰਨ ਬੈਠਣਾ, ਮੈਂ ਨੌਜਵਾਨ ਸੀ, ਅਸੀਂ ਫਸਲਾਂ ਦੀ ਰਾਖੀ ਲਈ ਲੁਕ ਛਿਪਕੇ ਟੰਬੇ ਫੜ੍ਹ ਕੇ ਬੈਠੇ ਰਹਿਣਾ, ਜਦੋਂ ਉਨ੍ਹਾਂ ਦੀਆਂ ਘੋੜੀਆਂ ਮੋੜਨੀਆਂ ਤਾਂ ਉਨ੍ਹਾਂ ਸਾਨੂੰ ਗਾਲ੍ਹਾਂ ਕੱਢਣੀਆਂ, ਫੇਰ ਉਨ੍ਹਾਂ ਘੋੜੀਆਂ ਰਾਤ ਨੂੰ ਛੱਡ ਦੇਣੀਆਂ, ਅਸੀਂ ਫਿਰ ਰਾਤ ਨੂੰ ਵੀ ਰਾਖੀ ਕਰਨੀ।

ਉਹ ਸਿਰਫ ਇੱਕ ਸਾਹਿਬ ਤੇ ਇੱਕ ਮੇਮ ਅਤੇ ਦੋ ਬੱਚੇ, ਵੇਖ ਕੇ ਮੈਨੂੰ ਖਿਆਲ ਆਉਣਾ ਬਈ ਇਹ ਜਿਹੜੇ ਦੋ ਬੱਚੇ ਆਏ ਐ, ਪਤਾ ਨਹੀਂ ਕਿਹੜੇ ਮੁਲਕ ਦੇ ਐ, ਕਿੰਨੇ ਸਾਰੇ ਲੋਕ ਇਨ੍ਹਾਂ ਦੇ ਪੈਰੀਂ ਹੱਥ ਲਾਉਂਦੇ ਐ, ਕਿਵੇਂ ਦੁਕਾਨਾਂ ਕਰਦੇ ਐ, ਇਹ ਕਿਹੜੇ ਮੁਲਕ ਦੇ ਹੋਏ, ਇਨ੍ਹਾਂ ਦਾ ਮੁਲਕ ਕਿਹੋ ਜਿਹਾ ਹੋਵੇਗਾ, ਇਨ੍ਹਾਂ ਦਾ ਮੁਲਕ ਦੇਖਣਾ ਚਾਹੀਦੈ, ਬਸ ਇਸ ਗੱਲ ਕਰਕੇ ਮੇਰੇ ਮਨ ਵਿੱਚ ਬਾਹਰ ਜਾਣ ਦਾ ਵਿਚਾਰ ਪੈਦਾ ਹੋਇਆ।

ਏਥੇ ਪਿੰਡ ਵੀ ਕੀ ਕਰਦੇ, ਮਾਪੇ ਮਰ ਗਏ ਸਨ, ਵੱਡਾ ਭਰਾ ਮੈਨੂੰ ਬਾਹਰ ਨਹੀਂ ਜਾਣ ਦੇਣਾ ਚਾਹੁੰਦਾ ਸੀ, ਕਿਉਂ ਜੋ ਸਾਰਿਆ ਭਰਾਵਾਂ ਤੋਂ ਪਹਿਲਾਂ ਮੇਰੀ ਹੀ ਸ਼ਾਦੀ 1912 'ਚ ਹੋਈ ਸੀ, ਬੱਚੇ ਨਿੱਕੇ-ਨਿੱਕੇ ਸੀ। ਇੱਕ ਬੱਚਾ ਜਗਮੇਲ ਸਿੰਘ ਇੱਕ ਸਾਲ ਦਾ ਸੀ ਦੂਜਾ ਜਸਮੇਰ ਸਿੰਘ ਤੇ ਵੱਡੀ ਲੜਕੀ ਜਸਮੇਲ ਕੌਰ ਚਾਰ ਸਾਲ ਦੀ ਸੀ।

ਉਸ ਸਮੇਂ ਲੋਕਾਂ ਸਿਰ ਆਮ ਕਰਜਾ ਸੀ, ਲਾਮ ਲੱਗੀ ਹੋਈ ਸੀ 1914 ਵਾਲੀ, ਉਦੋਂ ਮੈਂ ਵੀ ਭਰਤੀ ਹੋਣ ਲਈ ਗਿਆ, ਭਰਤੀ ਵੀ ਉਸੇ ਨਹਿਰੀ ਕੋਠੀ ਵਿੱਚ ਹੋਈ, ਮੇਰੇ ਸਾਥੀਆਂ ਨੂੰ ਰੱਖ ਲਿਆ, ਪਰ ਮੈਨੂੰ ਨਾ ਰੱਖਿਆ ਤਾਂ ਮੈਂ ਅਪਣੇ ਚਾਚੇ ਨੂੰ ਲੈ ਕੇ ਗਿਆ, ਉਹ ਕਹਿੰਦੇ ਤੇਰੀ ਛਾਤੀ ਕੁੱਝ ਨਰਮ ਹੈ, ਊਂ ਤੂੰ ਠੀਕ ਐਂ, ਇਸ ਲਈ ਤੂੰ ਫੌਜ 'ਚ ਨਹੀਂ ਜਾ ਸਕਦਾ। ਪਰ ਮੇਰੀ ਖਾਹਸ਼ ਸੀ ਬਾਹਰ ਨਿਕਲ ਕੇ ਪਤਾ ਪੁਤਾ ਲਈਏ ਬਈ ਇਹ ਲੋਕ ਕਿਵੇਂ ਰਹਿੰਦੇ ਕਰਦੇ ਹਨ। ਉਦੋਂ ਪੂਰਾ ਪੈਂਦਾ ਹੀ ਨਹੀਂ ਸੀ, ਲੋਕ ਬਹੁਤ ਔਖੇ ਸਨ। ਮੈਂ ਫਿਰ ਬਾਹਰ ਜਾਣ ਲਈ ਅਪਣੇ ਵੱਡੇ ਭਰਾ ਤੋਂ ਚੋਰੀ ਪਾਸਪੋਰਟ ਬਣਵਾਇਆ ਸੀ। ਸਾਡੇ ਨੇੜੇ ਇੱਕ ਪਿੰਡ ਬੁਰਜ ਦੂੱਨਾ ਹੈ, ਉੱਥੋਂ ਦਾ ਇੱਕ ਦਰਜੀ ਪ੍ਰਤਾਪ ਸਿੰਘ ਵਲੈਤ ਰਹਿਕੇ ਆਇਆ ਸੀ, ਉਹਦੀ ਜਮੀਨ ਸਾਡੀ ਜਮੀਨ ਦੇ ਨਾਲ ਲਗਦੀ ਸੀ, ਉਸ ਨੇ ਕਿਹਾ, ਚੱਲ ਬਾਹਰ ਚਲਦੇ ਐਂ, ਤੈਨੂੰ ਮੈਂ ਬਾਹਰ ਲੈ ਕੇ ਜਾਵਾਂਗਾ। ਜਦੋਂ ਪਾਸਪੋਰਟ ਬਣਿਆ, ਮੈਂ ਪੈਲੀ ਬੀਜਦਾ ਸੀ, ਕੱਤੇ ਦਾ ਮਹੀਨਾ ਸੀ, ਮੈਨੂੰ ਬੁਖਾਰ ਚੜ੍ਹ ਗਿਆ, ਬਾਹਰ ਖੇਤ ਵਿੱਚ ਹੀ ਪੈ ਗਿਆ, ਘਰੇ ਚਪੜਾਸੀ ਪਾਸਪੋਰਟ ਲੈ ਕੇ ਆਇਆ ਤੇ ਪੁੱਛਣ ਲੱਗਾ, ਬਚਨ ਸਿਓਂ ਕਿੱਥੇ ਐ, ਪੁੱਛ ਕੇ ਡੇੜ ਦੋ ਕੋਹ ਖੇਤ ਆਇਆ, ਮੈਂ ਬੁਖ਼ਾਰ ਚੜ੍ਹੇ ਪਿਆ ਸੀ, ਬਲਦ ਕੋ਼ਲ ਖੜ੍ਹੇ ਸਨ। ਉਸ ਨੇ ਕਿਹਾ, ਬਈ ਬਚਨ ਸਿੰਘ ਤੇਰਾ ਨਾਂ ਐ, ਅਸੀਂ ਤੇਰਾ ਪਾਸਪੋਰਟ ਲੈ ਕੇ ਆਏ ਹਾਂ, ਪ੍ਰਵਾਨ ਹੋਵੇ, ਮੈਂ ਕਿਹਾ ਸ਼ੁਕਰ ਹੈ, ਪਰ ਮੈਂ ਤਾਂ ਤਾਪ ਚੜ੍ਹੇ ਵਾਹਣ 'ਚ ਪਿਆ ਸੀ। ਸੰਨ 1922 'ਚ ਕੱਤੇ ਦੇ ਮਹੀਨ 'ਚ ਪਾਸਪੋਰਟ ਆਇਆ ਸੀ, ਮੈਂ ਮਾਰਚ 1923 ਵਿੱਚ ਬਾਹਰ ਜਾਨੈ। ਅਸੀ ਪਿੰਡੋਂ ਚੱਲਕੇ ਕਲਕੱਤੇ ਪਹੁੰਚੇ, 5-6 ਦਿਨ ਬਾਅਦ ਸ਼ਿੱਪ 'ਤੇ ਚੱੜ੍ਹਕੇ ਰੰਗੂਨ ਅਪੜੇ, 2 ਦਿਨ ਠਹਿਰਕੇ ਸ਼ਿੱਪ ਸਿੰਘਾਪੁਰ ਅੱਪੜਿਆ, ਸਾਡੇ ਪਿੰਡ ਦੇ ਹੋਰ ਵੀ ਸਨ, ਪਰ ਇੱਕ ਸਾਡੇ ਪਿੰਡ ਦਾ ਸੁੰਦਰ ਸਿੰਘ ਸੀ, ਕਹਿਣ ਲੱਗਾ ਸਿੰਘਾਪੁਰ ਖੁਸ਼ੀ ਰਹੀਂ, ਉੱਥੇ ਕੁੱਝ ਨਹੀਂ, ਤੂੰ ਅਗਾਂਹ ਚੱਲ, ਸਿੰਘਾਪੁਰ ਤੋਂ ਮੇਰਾ ਪਾਸਪੋਰਟ ਸ਼ੰਘਈ (ਚੀਨ) ਦਾ ਬਣ ਗਿਆ। ਇੱਥੋਂ 11 ਦਿਨ ਬਾਅਦ ਸ਼ਿੱਪ ਚੱਲਕੇ ਸ਼ੰਘਈ ਅੱਪੜਿਆਂ ਤੇ ਉੱਤਰ ਕੇ ਅਸੀਂ ਸੰਘਈ ਦੇ ਗੁਰਦੁਆਰੇ ਗਏ, ਉੱਥੇ ਪਹਿਲਾਂ ਵੀ 6-7 ਵੀਹਾਂ ਬੰਦਾ ਗੁਰਦੁਆਰੇ ਬੈਠਾ ਸੀ। ਅਸੀਂ ਗੁਰਦੁਆਰੇ ਦੇ ਗ੍ਰੰਥੀ ਸੁੱਚਾ ਸਿੰਘ ਨੂੰ ਉਸ ਦੇ ਮਾਮੇ ਪ੍ਰਤਾਪ ਸਿੰਘ ਬੁਰਜ ਦੂੰਨੇ ਵਾਲੇ ਦੀ ਚਿੱਠੀ ਦਿੱਤੀ, ਉਸ ਨੇ ਸਾਡੇ ਬਾਰੇ ਚਿੱਠੀ 'ਚ ਲਿਖ ਦਿੱਤਾ ਸੀ। ਗ੍ਰੰਥੀ ਸੁੱਚਾ ਸਿੰਘ ਨੇ ਮੇਰਾ ਨਾਂ ਥਾਣੇ 'ਚ ਲਿਖਵਾ ਦਿੱਤਾ ਤਾਂ ਕਿ ਨੌਕਰੀ ਲਈ ਮੈਨੂੰ ਬੁਲਾ ਲਿਆ ਜਾਵੇ।

ਕੁੱਝ ਚਿਰ ਬਾਅਦ ਚੀਨ ਦੇ ਛੋਟੇ ਜਿਹੇ ਸ਼ਹਿਰ ਠਿਮਕਨ/ਥਿਮਕਨ ਤੋਂ ਤੇਲ ਕੰਪਨੀ ਨੇ ਗ੍ਰੰਥੀ ਸੁਚਾ ਸਿੰਘ ਨੂੰ ਚਿੱਠੀ ਭੇਜੀ ਕਿ ਛੇ ਬੰਦੇ ਭੇਜ ਦਿਓ, ਭੇਜਿਓ ਨਵੇਂ ਆਏ ਹੋਣ। ਮੈ ਤੇ ਲੋਹਗੜ੍ਹ ਦਾ ਰੂੜ ਸਿੰਘ, ਚਾਰ ਪੱਬੀਆਂ ਸੋਹੀਆਂ ਦੇ, ਅਸੀ ਛੇ ਬੰਦੇ ਥਿਮਕਨ ਗਏ। ਇੰਨ੍ਹਾ 'ਚ ਸ਼ੇਰ ਸਿੰਘ ਪੱਬੀਆਂ ਦਾ ਸੀ ਜੋ ਪਹਿਲਾਂ ਅਮਰੀਕਾ ਵੀ ਰਹਿ ਆਇਆ ਸੀ। ਅਸੀਂ ਥਿਮਕਨ ਸ਼ਹਿਰ ਤੇਲ ਦੀ ਕੰਪਨੀ ਦੀ ਪਹਿਰੇਦਾਰੀ ਕਰਨੀ ਸੀ, ਉੱਥੇ ਅਸੀ ਇੱਕ ਸਾਲ ਰਹੇ, $23 ਚੀਨ ਦੇ ਮਿਲਦੇ, ਅਪਣੇ ਦੇਸ਼ ਦੇ ਇੱਕ ਡਾਲੇ ਦੇ ਪੌਣੇ ਦੋ ਰੁਪਏ ਬਣਦੇ, ਚੀਨ ਦੀ ਹਾਲਤ ਵੀ ਚੰਗੀ ਨਹੀਂ ਸੀ, ਜਪਾਨ ਤੇ ਅੰਗ੍ਰੇਜ, ਆਪਸ 'ਚ ਲੜੀ ਜਾਂਦੇ ਸਨ, ਕੰਮ ਸਾਰਾ ਖਤਰੇ 'ਚ ਸੀ, 1923 ਦਾ ਸਮਾਂ ਆਪਸੀ ਲੜਾਈ ਦਾ ਸੀ।

ਸਾਨੂੰ ਸ਼ੰਘਈ ਜਾ ਕੇ ਪਤਾ ਲਗਾ ਬਈ ਮਸਕਾਲੀ ਖੁੱਲੀ ਹੈ ਜੋ ਮੈਕਸੀਕੋ ਦਾ ਇਲਾਕਾ ਸੀ। ਇੱਕ ਅੰਗ੍ਰੇਜ਼ ਨੇ $5 ਲੈ ਕੇ ਮਸਕਾਲੀ ਦੀ ਮੋਹਰ ਲੁਆਤੀ, ਪਰ ਮੇਰੇ ਘਰ ਦੀ ਹਾਲਤ ਇਹ ਸੀ ਕਿ ਮੈਂ ਕਿਸੇ ਤੋਂ 200 ਰੁਪਏ ਕਰਜਾ ਲੈਕੇ ਘਰੋਂ ਤੁਰਿਆ ਸੀ, ਭਰਾ ਮੈਨੂੰ ਬਾਹਰ ਘੱਲਕੇ ਰਾਜ਼ੀ ਨਹੀਂ ਸੀ, ਸੋ ਅਗਾਂਹ ਜਾਣ ਲਈ ਮੇਰੇ ਪਾਸ ਪੈਸੇ ਨਹੀਂ ਸਨ, ਉੱਥੇ ਰਹਿੰਦਿਆਂ ਕੋਸ਼ਸ਼ ਕੀਤੀ ਬਈ ਪੈਸੇ ਬਣਾਵਾਂ ਤੇ ਅਗਾਹ ਜਾਵਾਂ। ਫੇਰ ਮੈਂ ਦੋ ਸਾਲ ਲਾ ਕੇ ਅੱਗਾਂਹ ਜਾਣ ਦੀ ਕੋਸ਼ਸ਼ ਕੀਤੀ, ਪਰ ਪੱਬੀਆਂ ਵਾਲਾ ਸ਼ੇਰ ਸਿੰਘ ਮੇਰੇ ਗਲ਼ ਪੈ ਗਿਆ, ਉਹ ਆਂਹਦਾ ਪਹਿਲਾਂ ਮੈਨੂੰ ਘੱਲੋ ਤੇ ਤੁਹਾਨੂੰ ਬਾਅਦ ਵਿੱਚ ਫੇਰ ਮੈਂ ਘੱਲੂੰ। ਉਹ ਦਸ ਜਮਾਤਾਂ ਪਾਸ ਸੀ। ਉਸ ਦਾ ਇੱਕ ਭਰਾ ਸੀ ਤੇ ਇੱਕ ਚਾਚਾ, ਉਹਦੇ ਨਾਲ ਸਨ। ਉਹ ਸੁਨਿਆਰੇ ਸਨ, ਮੈਂ ਉਸ ਨੂੰ $100 ਅਪਣੇ ਕੋਲੋਂ ਦਿੱਤਾ ਤੇ $100 ਅਪਣੀ ਜਾਮਨੀ 'ਤੇ ਦੁਆ ਕੇ ਅੱਗੇ ਤੋਰਿਆ। ਸਾਡੇ ਨਾਲ ਜੈਤੋ ਦੇ ਦੋ ਹੌਲਦਾਰ ਹੀਰਾ ਸਿੰਘ ਤੇ ਬਚਨ ਸਿੰਘ ਕੰਮ ਕਰਦੇ ਸਨ, ਉਹ ਪੂਰੇ ਭਜਨੀਕ ਸਨ, ਦੋਵੇਂ ਉਹ ਤੇ ਉਨ੍ਹਾਂ ਦੇ ਦੋ ਲੜਕੇ ਨਾਲ ਸਨ, ਉਹ ਗੁਰਦੁਆਰੇ ਰਹਿੰਦੇ ਸਨ। ਪੰਜਾਬੀ ਮੈਂ ਫਿਰ ਉੱਥੇ ਉਨ੍ਹਾਂ ਕੋਲੋਂ ਪੜ੍ਹੀ, ਸਾਰੀ ਪੰਜ ਗ੍ਰੰਥੀ ਦਾ ਪਾਠ ਵੀ ਉਨ੍ਹਾਂ ਤੋਂ ਸਿੱਖਿਆ, ਪੂਰੀ ਪਾਬੰਦੀ ਨਾਲ ਮੈਂ ਅਪਣੀ ਪੜ੍ਹਾਈ ਪੂਰੀ ਕੀਤੀ, ਅਸੀ ਕਿਤੇ ਬਾਹਰ ਇੱਕਠਿਆਂ ਜਾਣਾ ਤੇ ਸ਼ਬਦ ਬਾਣੀ ਪੜ੍ਹਨੀ।

ਘੱਲਕਲਾਂ ਦਾ ਵਰਿਆਮ ਸਿੰਘ, ਭਾਗ ਸਿੰਘ ਤੇ ਦਲੇਲ ਸਿੰਘ ਅਤੇ ਦੋ ਤਿੰਨ ਹੋਰ, ਅਸੀਂ ਰਲਕੇ ਕਿਹਾ ਚੱਲੀਏ। ਭਾਗ ਸਿੰਘ ਤੇ ਮੈਂ ਦੋਹਾ ਨੇ ਇਕੱਠੇ ਚੀਨ ਵਿੱਚ ਕੰਮ ਕੀਤਾ ਸੀ, ਉਹ ਦੇ ਕੋ਼ਲ ਪੈਸੇ ਚੰਗੇ ਸਨ ਉਹ ਕਹਿੰਦਾ ਬਚਨ ਸਿੰਘ ਤੂੰ ਚੱਲ, ਜੇ ਤੇਰੇ ਕੋਲ ਪੈਸੇ ਥੁੜ ਗਏ ਤਾਂ ਮੈਂ ਦੇ ਦੇਊਂ, ਤੂੰ ਫਿਕਰ ਨਾ ਕਰ ਤੇ ਚੱਲ। ਅਸੀ 1924 ਵਿੱਚ ਚੱਲੇ, ਜਦੋਂ ਜਪਾਨ ਆ ਕੇ ਮੋਹਰ ਲਵਾਉਣ ਗਏ, ਲੇਟ ਹੋ ਗਏ ਸਾਂ। ਪਤਾ ਲੱਗਾ ਕਿ ਮਸਕਾਲੀ ਪਹਿਲੀ ਜਨਵਰੀ 1925 ਤੋਂ ਬੰਦ ਹੈ। ਅਸੀਂ ਅੱਗੇ ਜਰਮਨੀ ਚਲੇ ਗਏ, ਇੱਥੇ ਪਹਿਲਾਂ ਹੀ ਫਿਰਦਾ ਸੀ ਢਾਣਾ ਪੰਜਾ-ਬੀਆਂ ਦਾ, 7 ਅਸੀਂ ਫਿਰਦੇ ਰਹੇ ਤੇ ਸਾਨੂੰ ਉੱਥੇ ਇੱਕ ਦੁਆਬੇ ਦਾ ਸਿੰਘ ਮਿਲ ਗਿਆ ਜੋ ਪਨਾਮਾ ਤੋਂ ਆਇਆ ਸੀ, ਉਹ ਵੇਖ ਕੇ ਆਖਣ ਲੱਗਾ, ਮਲਵਈਓ ਕਿਵੇਂ ਫਿਰਦੇ ਹੋ? ਅਸੀਂ ਆਖਿਆ ਕਾਹਦੇ ਫਿਰਦੇ ਐਂ, ਕੋਈ ਹਾਲ ਨਹੀਂ, ਅਸੀਂ ਆਏ ਸੀ ਮਸਕਾਲੀ ਨੂੰ, ਇਹ ਬੰਦ ਹੋ ਗਈ ਐ ਤੇ ਹੁਣ ਕੀ ਕਰੀਏ? ਅਸੀਂ ਤਾਂ ਹੁਣ ਪਾਸਪੋਰਟਾਂ 'ਤੇ ਮੋਹਰਾਂ ਲੁਆ ਲਈਆਂ ਕਿਊਬਾ ਦੀਆਂ, ਉਹ ਆਖਣ ਲੱਗਾ, ਕਿਊਬੇ ਤਾਂ ਸਾਡੇ ਦੁਆਬੇ ਦੇ ਨੀਂ ਕੰਮ ਕਰ ਸਕਦੇ, ਤੁਸੀਂ ਕਿਵੇਂ ਕਰ ਲਉਗੇ? ਅਸੀਂ ਆਖਿਆ ਫਿਰ ਅਸੀਂ ਕੀ ਕਰੀਏ? ਉਹ ਕਹਿੰਦਾ ਤੁਸੀਂ ਵਾਇਆ ਪਨਾਮਾ ਦੀਆਂ ਮੋਹਰਾਂ ਲੁਆ ਲਉ ਤੇ ਮੈਂ ਚਿੱਠੀ ਦੇ ਦਿਨੈਂ, ਸਾਡੀ ਉੱਥੇ ਕਮੇਟੀ ਹੈ, ਉੱਥੇ ਰਲਾ ਸਿੰਘ ਸਾਡਾ ਮੈਂਬਰ ਹੈ, ਉਹ ਤੁਹਾਨੂੰ ਉਤਾਰ ਲੈਣਗੇ ਤੇ ਸਾਂਭਣਗੇ ਵੀ। ਅਸੀਂ ਸੱਤੇ ਵਾਇਆ ਪਨਾਮਾ ਦੀਆਂ ਮੋਹਰਾਂ ਲੁਆ ਕੇ ਜਪਾਨੀ ਜਹਾਜ਼ ਵਿੱਚ ਚੜ੍ਹ ਗਏ ਤਾਂ ਖਾਣਾ ਵੇਖ ਕੇ ਅਸੀਂ ਆਖਿਆ, ਅਸੀਂ ਇਹ ਖਾਣਾ ਨਹੀਂ ਖਾਣਾ, ਉਨ੍ਹਾਂ ਤੋਂ ਸੁੱਕਾ ਰਾਸ਼ਨ ਲੈ ਲੈਣਾਂ ਤੇ ਅਪਣਾ ਖਾਣਾ ਆਪ ਪਕਾ ਕੇ ਖਾਣਾ। ਜਦ 45 ਦਿਨਾ ਬਾਅਦ ਸਾਡਾ ਜਹਾਜ਼ ਸਨਫਰਾਂਸਿਸਕੋ ਅਮਰੀਕਾ ਅੱਪੜਿਆ ਤੇ ਬੰਦਰਗਾਹ ਤੋਂ ਦੂਰ ਹੀ 2-3 ਦਿਨ ਜਹਾਜ਼ ਖੜ੍ਹਾ ਰਿਹਾ। ਉੱਥੇ ਸਾਨੂੰ ਉਤਾਰ ਲਿਆ ਤੇ ਬਾਹਰ ਨਹੀਂ ਜਾਣ ਦਿੱਤਾ ਕਿਉਂਕਿ ਲੜਾਈ ਲੱਗੀ ਹੋਈ ਸੀ। ਪਰ ਜਹਾਜ਼ 'ਚ ਧੂੰਆ ਧਾਅ ਕਰਕੇ ਸਫਾਈ ਕੀਤੀ ਗਈ ਸੀ।

ਜਦੋਂ ਜਹਾਜ਼ ਚੱਲਿਆ, ਥੋੜੀ ਦੂਰ ਗਿਆ, ਇੱਕ ਬੋਟ (ਕਿਸ਼ਤੀ) ਆਈ, ਜਹਾਜ਼ 'ਚੋਂ ਦੋ ਤਿੰਨ ਬੰਦੇ ਉਤਾਰ ਕੇ ਲੈ ਗਏ, ਸਾਨੂੰ ਪਤਾ ਲੱਗਾ ਕਿ ਜਹਾਜ਼ 'ਚੋਂ ਬੰਦੇ ਚੋਰੀ ਲੈ ਗਏ ਹਨ। ਅਸੀਂ ਜਹਾਜ਼ ਦੇ ਕਪਤਾਨ ਨੂੰ ਮਿਲੇ ਤੇ ਕਿਹਾ 'ਆਹ ਜਿਹੜੇ ਬੰਦੇ ਉੱਤਰੇ ਐ' ਇਵੇਂ ਸਾਨੂੰ ਵੀ ਉਤਾਰ ਦੇਹ ਤੇ ਜਿਹੜਾ 100-100 ਡਾਲਾ ਤੇਰੇ ਕੋਲ ਜੋ ਜਾਮਨੀ ਰੱਖਿਆ ਹੈ ਉਹ ਤੂੰ ਰੱਖ ਲੈ। ਕਪਤਾਨ ਨੇ ਕਿਹਾ ਜੇ ਤੁਸੀਂ ਮੈਨੂੰ ਜਪਾਨ ਵਿੱਚ ਮਿਲਦੇ ਤਾਂ ਮੈਂ ਉਤਾਰ ਸਕਦਾ ਸੀ, ਪਰ ਹੁਣ ਤੁਸੀਂ ਲਿਖੇ ਗਏ ਹੋ, ਹੁਣ ਤੁਹਾਨੂੰ ਉਤਾਰ ਨਹੀਂ ਸਕਦਾ। ਅਸੀਂ ਪਨਾਮਾ ਆ ਉੱਤਰੇ, ਸਾਨੂੰ ਰਲਾ ਸਿੰਘ, ਧਰਮ ਸਿੰਉਂ ਤੇ ਗੁਰਬਚਨ ਸਿੰਘ ਮਿਲੇ, ਮੈਂ ਤੇ ਗੁਰਬਚਨ ਸਿੰਘ ਇੱਕਠੇ ਸ਼ਬਦ ਬਾਣੀ ਪੜ੍ਹਦੇ ਰਹੇ ਸੀ, ਗੁਰਬਚਨ ਸਿੰਘ ਨੂੰ ਗੁਰਦੁਆਰੇ ਵਾਲਾ ਵੀ ਕਹਿੰਦੇ ਸਨ। ਇੰਨ੍ਹਾ ਸਾਨੂੰ ਲੈ ਜਾ ਕੇ ਇੱਕ ਹੋਟਲ ਵਿੱਚ ਬਿਠਾ ਦਿੱਤਾ ਤੇ ਕਿਹਾ, ਇੱਥੇ ਰਾਸ਼ਨ ਕਮੇਟੀ ਦਾ ਸਾਂਝਾ ਹੈ, ਜਿਸ ਚੀਜ਼ ਦੀ ਲੋੜ ਹੈ ਲਓ ਤੇ ਖਾਓ, ਪਰ ਏਥੇ ਕੰਮ ਸਾਡੇ ਕੋਲ ਹੈ ਨਹੀਂ। ਅਸੀਂ ਉੱਥੇ ਮਹੀਨਾ ਰਹੇ।

ਵਰਿਆਮ ਸਿੰਘ ਘਾਲੀ ਪੁਰਾਣਾ ਸੀ, ਉਹ ਪੰਜ ਸਾਲ ਅਮਰੀਕਾ ਲਾ ਕੇ ਆਇਆ ਸੀ ਤੇ ਦੂਜਾ ਸੀ ਕਿਸ਼ਨ ਸਿੰਘ ਖੋਸਿਆਂ ਦਾ, ਇੰਨ੍ਹਾ ਨੂੰ ਦੇਖਕੇ ਪਹਿਲਾਂ ਰਹਿਣ ਵਾਲੇ ਡਰ ਗਏ ਕਿ ਮਲਵਈ ਤੰਗ ਕਰਨਗੇ। ਉਨ੍ਹਾਂ ਸਾਨੂੰ ਕੱਲੇ-ਕੱਲੇ ਨੂੰ ਉੱਥੋਂ ਅਗਾਂਹ ਪਿੱਛਾਹ ਹੋਰ ਮੁਲਕਾਂ ਵਿੱਚ ਨਿਕਲਣ ਲਈ ਕਿਹਾ, ਸਾਡੇ ਪਾਸਪੋਰਟ ਬਣਵਾ ਦਿੱਤੇ ਗੁਆਟੇਮਾਲਾ ਦੇ ਤੇ ਕਿਹਾ, ਉੱਥੋਂ ਅੱਗੇ ਮੈਕਸੀਕੋ ਨਿਕ਼ਲ ਜਾਇਓ। ਅਸੀਂ ਸਾਰੇ ਅਪੜ ਗਏ ਗੁਆਟੇਮਾਲਾ, ਉੱਥੇ ਪੁੱਛਿਆ, ਏਥੇ ਕੋਈ ਸਾਡੇ ਦੇਸ਼ ਦਾ ਬੰਦਾ ਹੈਗਾ? ਕਹਿੰਦੇ ਸਿੱਧੇ ਤੁਰੇ ਜਾਓ ਰੇਲ ਦੀ ਲਾਈਨ ਦੇ ਨਾਲ-ਨਾਲ 7 ਮੀਲ 'ਤੇ ਬੈਰਕਾਂ ਹਨ, ਉੱਥੇ ਜਾ ਕੇ ਹਿੰਦੋਸਤਾਨ ਵਾਲੇ ਕਾਲੇ ਕੁਲੀਆਂ ਬਾਰੇ ਪੁੱਛ ਲੈਣਾ। ਅਸਲ 'ਚ 1911 'ਚ ਆਏ ਹੁਸ਼ਿਆਰਪੁਰੀਏ ਉੱਥੇ ਰਹਿੰਦੇ ਸਨ। ਇੱਥੇ ਮੈਕਸੀਕੋ ਜਾਣ ਦੀਆਂ ਕਈ ਸਕੀਮਾਂ ਕੀਤੀਆਂ ਤੇ ਆਪਸ ਵਿੱਚ ਵੀ ਇੱਕ ਦੂਜੇ ਤੋਂ ਅੱਗਾ ਪਿੱਛਾ ਕਰਨ ਦੀਆਂ ਘਤਿੱਤਾਂ ਵੀ ਹੋਈਆਂ, ਪਰ ਕੋਈ ਵੀ ਸਿਰੇ ਨਾ ਚੜ੍ਹੀ, ਪਰ ਕਿਸ਼ਨ ਸਿੰਘ ਉੱਥੇ ਹੀ ਰਹਿ ਗਿਆ ਸੀ।

ਅਸੀਂ ਪੰਜੇ ਗੁਆਟੇਮਾਲਾ ਤੋਂ ਮੋਹਰਾਂ ਲੁਆ ਕੇ ਜਾ ਉੱਤਰੇ ਸੰਨਤਿਆਗੋ (ਕਿਊਬਾ), ਉੱਥੇ ਲੋਕ ਆਮ ਗੰਨਾ ਹੀ ਵਢਦੇ ਸਨ। ਇੱਕ ਹੋਰ ਜਹਾਜ ਆ ਗਿਆ, ਜਿਸ 'ਤੇ 300 ਆਦਮੀ ਦੁਆਬੇ ਦੇ ਸਨ। ਜਿਨ੍ਹਾਂ 'ਚ ਖੜੌਦੀਵਾਲਾ ਬੂੜਾ ਸੀ, ਬੋਲਾ ਬੜਾ ਪੁਰਾਣਾ ਸੀ, ਉਸ ਜਹਾਜ਼ 'ਚ ਖੜੌਦੀ, ਚਹੇੜੂ, ਮਹੇੜੂ ਪਿੰਡਾਂ ਦੇ ਤਕੜੇ ਲੋਕ ਸਨ। ਜਹਾਜ਼ ਨੂੰ ਸਫਾਈ ਲਈ ਕੁਲਾਟੀਨ ਪੈ ਗਈ, ਜਹਾਜ਼ 'ਚ ਧੂਆਂ ਛਡਿਆ ਤੇ ਜਹਾਜ ਉੱਥੇ 15 ਦਿਨ ਠਹਿਰਨਾ ਸੀ। ਉੱਥੇ ਮਰਾਂਡਾ ਗੰਨਾ ਮਿਲ ਨਾਲ ਹੀ ਸੀ, ਉਸ ਸਾਲ ਸਾਨੂੰ ਗੰਨਾ ਵੱਢਣਾ ਪਿਆ ਸੀ।

ਗੰਨੇ ਦੇ ਕੰਮ ਦੇ ਵੱਖ-ਵੱਖ ਥਾਂ 85, 90, 75, ਪੈਂਸ ਟਨ ਦੇ ਮਿਲਦੇ ਸਨ, ਤਕੜਾ ਆਦਮੀ ਦੋ ਟਨ ਗੰਨਾ ਵੱਢਕੇ ਲੱਦ ਲੈਂਦਾ ਸੀ ਗੱਡੇ ਤੇ, ਮਾੜਾ ਤਾਂ ਅੱਧਾ ਟਨ ਹੀ ਵੱਢ ਸਕਦਾ ਸੀ। ਕਿਊਬਾ ਦੇ ਲੋਕਾਂ ਦਾ ਬੁਰਾ ਹਾਲ ਸੀ, ਜਿਹੜਾ ਪਹਿਲਾ ਪ੍ਰਧਾਨ ਸੀ, ਉਸ ਨੇ ਅਮਰੀਕਾ ਤੋਂ ਪੈਸਾ ਲੈ ਲਿਆ ਸੀ ਗੰਨੇ 'ਤੇ, ਅਮਰੀਕਾ ਨੇ ਕਿਹਾ, ਜਿੰਨਾ ਚਿਰ ਤੂੰ ਮੇਰਾ ਪੈਸਾ ਨਹੀਂ ਲਾਹੁੰਦਾ, ਮੈਂ ਤੁਹਾਨੂੰ ਉੰਨਾਂ ਹੀ ਗੰਨਾ ਪੀੜ੍ਹਨ ਦੇਵਾਗਾ ਜਿੰਨੀ ਮੈਨੂੰ ਲੋੜ ਹੋਵੇ ਗੀ, ਅਮਰੀਕਾ ਨੇ ਐਲਾਨ ਕਰਤਾ ਬਈ ਮਿੱਲ ਐਨੇ ਦਿਨ ਚੱਲੇਗੀ, ਉਤਨੇ ਦਿਨਾਂ ਤੋਂ ਵੱਧ ਮਿੱਲ ਨਹੀ ਚੱਲ ਸਕਦੀ ਸੀ। ਪਰ ਉੱਥੇ ਐਨਾਂ ਗੰਨਾ ਹੁੰਦਾ ਸੀ ਭਾਵੇਂ ਲੱਖ ਟਨ ਆ ਜੇ, ਮਿਲ ਨੇ ਤਾਂ ਵੀ ਪੀੜ ਦੇਣਾ ਸੀ। ਅੱਗੋਂ ਏਜੰਟ ਅਫਵਾਹ ਫੈਲਾ ਦਿੰਦੇ ਸਨ ਕਿ ਉੱਥੇ ਮਿਲਾਂ ਸਾਰਾ ਸਾਲ ਚਲਦੀਆਂ। ਇਸ ਬਹਾਨੇ ਉਹ ਏਜੰਟ ਮਿਲਾਂ ਵਾਲਿਆਂ ਤੋਂ 1 ਪੌਂਡ ਪ੍ਰਤੀ ਆਦਮੀ ਲੈ ਲੈਂਦੇ, ਆਦਮੀਆਂ ਨੂੰ ਕੰਮ ਭਾਵੇਂ ਮਿਲੇ ਜਾਂ ਨਾ। ਪਰ ਅਮਰੀਕਾ ਮਿੱਲਾਂ ਕਦੋਂ ਚਲਣ ਦਿੰਦਾ ਸੀ? ਵੈਸੇ ਕਿਊਬਾ ਬਹੁਤ ਗਰੀਬ ਮੁਲਕ ਸੀ ਉਸ ਵੇਲੇ, ਜਦੋਂ ਮਿਲ ਬੰਦ ਕਰਨ ਦਾ ਸਮਾਂ ਆਉਂਦਾ ਮਿਲ ਮਾਲਕਾ ਦਾ ਵੀ ਅੱਧਾ ਗੰਨਾ ਖੜਾ ਹੀ ਰਹਿ ਜਾਂਦਾ ਸੀ। ਮੀਂਹ ਬਹੁਤੇ ਪੈਣ ਸਦਕਾ ਗੰਨਾ 7-7, 8-8 ਹੱਥ, 10-12 ਫੁੱਟ ਲੰਮਾਂ ਮਾਰੂ ਖੇਤ 'ਚ ਹੀ ਹੋ ਜਾਂਦਾ ਅਤੇ ਕਮਾਦ 10 ਸਾਲ ਤੱਕ ਮੋਢੀ ਹੀ ਰਹਿ ਜਾਂਦਾ ਸੀ। ਬਚਦੇ ਗੰਨੇ ਨੂੰ ਅੱਗ ਲਾ ਦਿੱਤੀ ਜਾਂਦੀ ਸੀ। ਮੈਂ ਉੱਥੇ ਦੋ ਸਾਲ ਹੀ ਕੱਟੇ, ਵਰਿਆਮ ਸਿੰਘ ਉੱਥੇ ਹੀ ਮਰ ਗਿਆ ਸੀ, ਭਾਵੇਂ ਉਸ ਨੂੰ ਕੰਮ ਅਸੀਂ ਕਰਨ ਨਹੀਂ ਦਿੰਦੇ ਸੀ ਤੇ ਉਹ ਰੋਟੀ ਲੈ ਕੇ ਹੀ ਆਉਂਦਾ ਸੀ, ਪਰ ਸ਼ਰਾਬ ਪੀਣੋਂ ਨਹੀਂ ਹਟਿਆ ਤੇ ਮਰ ਗਿਆ।

"ਮੈਨੂੰ ਹਵਾਨਾ ਤੋਂ ਚਿੱਠੀ ਆਈ ਕਿ ਅਸੀਂ 28-30 ਬੰਦੇ ਅਰਜਨਟਾਈਨਾਂ ਜਾਣ ਲੱਗੇ ਹਾਂ, ਜੇ ਬਚਨ ਸਿੰਘ ਤੂੰ ਆ ਜਾਵੇਂ ਤਾਂ ਚੰਗਾ ਹੈ" ਖੈਰ! ਮੈਂ ਅਗਲੇ ਦਿਨ ਹੀ ਹੈਵਾਨਾ ਆ ਗਿਆ ਤੇ ਕਿਹਾ ਮੇਰੇ ਕੋਲ ਪੈਸੇ ਨਹੀਂ, ਅਸਲ 'ਚ $80 ਅਮਰੀਕਨ ਮੇਰੇ ਕੋਲ ਸਨ। ਉਨ੍ਹਾਂ ਮੇਰੀ ਜੇਬ 'ਚੋਂ ਪਾਸਪੋਰਟ ਕੱਢਿਆ ਤੇ ਮੋਹਰ ਲੁਆ ਲਿਆਏ, ਮੈਂ ਅਮਰੀਕ ਸਿੰਘ ਨੂੰ ਪੈਸੇ ਦੇਕੇ ਹਵਾਨਾ ਭੇਜਿਆ ਸੀ, ਤਾਰ ਦੇ ਕੇ ਸੱਦਿਆ ਕਿ ਪੈਸੇ ਲੈ ਕੇ

**(ਬਾਕੀ ਅਗਲੇ ਸਫੇ ਤੇ)**

# ਬਾਬਾ ਭਗਤ ਸਿੰਘ ਬਿਲਗਾ ਨਾਲ ਮੁਲਾਕਾਤ

ਆਵੇ। ਗੁਰਬਚਨ ਸਿੰਘ ਤੇ ਅਮਰੀਕ ਸਿੰਘ ਬਿਨਾਂ ਪੈਸਿਆਂ ਦੇ ਹੀ ਆ ਗਏ ਸਨ।

ਜਹਾਜ਼ 'ਤੇ ਅਸੀਂ ਪੀਰੂ ਦੀ ਬੰਦਰਗਾਹ 'ਤੇ ਜਾ ਉਤਰੇ, ਰੇਲ ਰਾਹੀਂ ਲੀਮਾਂ ਪਹੁੰਚੇ, ਪੀਰੂ 'ਚ ਬਹੁਤ ਗਰੀਬੀ ਸੀ। ਪਰ ਸਾਡੇ ਪਾਸਪੋਰਟਾਂ 'ਤੇ ਤਾਂ ਬੋਲੀਵੀਆ ਦੀਆਂ ਮੋਹਰਾਂ ਸਨ, ਅਸੀਂ ਤੀਜੇ ਦਿਨ ਬੋਟ ਜਿਹੇ ਛੋਟੇ ਜਹਾਜ਼ 'ਚ ਬੈਠ ਕੇ ਅਗੇ ਰੇਲ ਗੱਡੀ ਰਾਹੀਂ ਬੋਲੀਵੀਆ ਜਾ ਪਹੁੰਚੇ, ਇੱਥੋਂ ਅੱਗੇ ਅਰਜਨਟਾਈਨਾ ਜਾਣਾ ਸੀ, ਪਰ ਪਤਾ ਲੱਗਾ ਕਿ ਅਰਜਨਟਾਈਨਾਂ ਬੰਦ ਹੈ। ਅਸੀਂ ਰਾਤ ਨੂੰ 8-9 ਵਜੇ ਲਾਈਨ ਦੇ ਨਾਲ-ਨਾਲ ਪੈਦਲ ਚੱਲ ਪਏ, ਠੰਡ ਆਖੇ ਮੈਂ ਵੀ ਹੁਣੇ ਈ ਐਂ, ਅਸੀਂ ਰਲੇ ਰਲਾਏ ਕਈ ਸਟੇਸ਼ਨ ਲੰਘ ਗਏ, ਆਖਰ ਤੜਕਾ ਹੋਣ ਤੋਂ ਕੁੱਝ ਚਿਰ ਪਹਿਲਾਂ ਕਿਸ਼ਨ ਸਿੰਘ ਤੇ ਮੰਗਾ ਸਿੰਘ ਨੂੰ ਤਾਪ ਚੜ੍ਹ ਗਿਆ ਸੀ। ਉਹ ਕਹਿੰਦੇ, ਸਾਡੀ ਬੇਵਾਹ, ਸਾਨੂੰ ਲੀੜੇ ਕੱਪੜੇ ਦੇ ਦਿਓ ਤੇ ਤੁਸੀਂ ਜਾਓ, ਅਗੋਂ ਅਸੀਂ ਆਪੇ ਆ ਜਾਵਾਂਗੇ। ਅਸੀਂ ਅੱਗੇ ਤੁਰ ਪਏ, ਧੁੱਪ ਚੜ੍ਹੀ ਤਾਂ ਅਸੀਂ ਲਾਈਨ ਤੋਂ ਪਾਸੇ ਹੋ ਕੇ ਜੰਗਲ ਵਿੱਚ ਸਾਰੇ ਜਣੇ ਪੈ ਗਏ ਤੇ ਜੱਗੇ ਨੂੰ ਕਿਹਾ ਬਈ ਜਾ ਕੇ ਸਟੇਸ਼ਨ 'ਤੇ ਦੇਖ ਭੱਲਾ ਕੀ ਕੁੱਝ ਐ, ਉਹ ਸਟੇਸ਼ਨ ਤੋਂ ਆ ਕੇ ਕਹਿਣ ਲੱਗਾ, ਗੱਡੀ ਤਾਂ ਰਾਤ ਲੰਘਗੀ ਤੇ ਅੱਜ ਨਹੀਂ ਆਉਣੀ, ਸਵੇਰੇ ਆਵੇਗੀ। ਉਥੇ ਸਟੇਸ਼ਨ 'ਤੇ ਵਾਰੇ ਵਿਹਲੇ ਪਏ ਐ, ਅਸੀਂ ਸਾਰੇ ਸਟੇਸ਼ਨ 'ਤੇ ਚਲੇ ਗਏ।

ਧੂੰਨਾ ਸਿੰਘ ਨਾਲ ਉਹਦਾ ਚਾਚਾ ਤੇ ਚਾਚੇ ਦਾ ਪੁੱਤ ਸੀ, ਕਿਸ਼ਨ ਸਿੰਘ ਤੇ ਮੰਗਾ ਸਿੰਘ, ਜਿਹੜੇ ਪਿੱਛੇ ਰਹਿ ਗਏ ਸਨ, ਮੈਂ ਕਿਹਾ, ਧੂੰਨਾ ਸਿੰਆਂ ਤੂੰ ਅਪਣੇ ਚਾਚੇ ਤੇ ਚਾਚੇ ਦੇ ਪੁੱਤ ਦਾ ਪਤਾ ਲੈ, ਗੱਲ ਸੁਣਦਿਆ ਹੀ ਉਸ ਦੀਆਂ ਅੱਖਾਂ 'ਚੋਂ ਪਾਣੀ ਡਿੱਗਣ ਲੱਗਾ, ਆਹਦਾ ਮੈਂ ਜਾਵਾਂ ਗਾ ਤਾਂ ਗੁਆਚ ਜੂੰ। ਮੈ ਆਖਿਆਂ ਚੱਲ ਆਪਾਂ ਚਲਦੇ ਐਂ, ਮੈਂ ਤੇ ਧੂੰਨਾ ਸਿੰਘ ਤੁਰ ਪਏ ਪਿੱਛੇ ਵੱਲ ਰੇਲ ਦੀ ਲੀਹੋ ਲੀਹ, ਅਜੇ ਥੋੜ੍ਹੀ ਦੂਰ ਹੀ ਗਏ ਤਾਂ ਉਹ ਤੁਰੇ ਆਉਣ ਸਿਰ 'ਤੇ ਰਜਾਈਆਂ ਚੁੱਕੀ, ਅਸੀਂ ਪੁੱਛਿਆਂ ਕਿਵੇ ਰਹੇ, ਕਹਿੰਦੇ ਬਚਨ ਸਿਆਂ ਬਚ ਗਏ ਆਂ ਅੱਜ ਤਾਂ। ਅਸੀਂ ਸਟੇਸ਼ਨ 'ਤੇ ਆ ਗਏ। ਰਾਤ ਨੂੰ ਗੱਡੀ ਚੜ੍ਹਕੇ ਸੰਨਪੈਟਰੋ ਅਰਜਨਟਾਈਨਾਂ ਲਿਚਮਿਲ ਪਹੁੰਚ ਗਏ ਸੀ।

ਇੱਥੇ ਪਹਿਲੇ ਪੰਜਾਬੀ ਕਾਮਿਆਂ ਨੇ ਸਾਡੀ ਰੋਟੀ ਪਾਣੀ ਦੀ ਸੇਵਾ ਕੀਤੀ ਤੇ ਕਹਿੰਦੇ ਕਿ ਇੱਥੇ ਕੰਮ ਨਹੀਂ, ਕੰਮ ਦੀ ਭਾਲ ਆਪ ਕਰਨੀ ਪਊਗੀ। ਅਸੀਂ ਆਵਦੇ ਕੋਲੋਂ ਇੱਕ ਆਦਮੀ ਨੂੰ $10 ਦੇ ਦਿਆ ਕਰਾਂਗੇ, ਜਿਹਨੇ ਰਹਿਣਾ ਰਹਿ ਪਓ, ਗੰਨਾ ਮਿੱਲ ਚੱਲ ਰਹੀ ਸੀ। ਉਥੇ ਮੇਰੇ ਜਾਣੂ ਸਨ, ਧੱਲੇਕਿਆ ਦਾ, ਲੱਖੇਕਿਆਂ ਦਾ ਕਿਸ਼ਨ ਸਿੰਘ, ਸੰਤਾ ਸਿੰਘ, ਨਿੱਕਾ ਸਿਓਂ, ਕਾਕਾ ਸਿਓਂ, ਮੈਂ ਕਿਹਾ, ਮੈਂ ਤਾਂ ਜਿੱਥੇ ਆਉਣਾ ਸੀ ਆ ਗਿਆ ਹਾਂ। ਮੇਰੇ ਨਾਲ ਦਲੇਲ ਸਿੰਘ ਰਹਿ ਪਿਆ, ਕਿਸ਼ਨ ਸਿਓਂ ਮੇਰੇ ਕੋਲ ਧੂੰਨਾ ਸਿਓਂ ਨੂੰ ਛੱਡ ਗਿਆ ਤੇ ਅਰਜਣ ਸਿਓਂ ਅਸੀਂ ਚਾਰੇ ਰਹਿ ਪਏ ਤੇ ਕਾਕਾ ਸਿੰਘ ਨੇ ਸਾਨੂੰ ਕੰਮ ਦਵਾਇਆ। ਮੈਂ 'ਤੇ ਦਲੇਲ ਸਿੰਘ 20 ਕੁ ਦਿਨ ਇੱਕਠੇ ਕੰਮ ਕਰਦੇ ਰਹੇ। ਫੇਰ ਕਾਕਾ ਸਿੰਘ ਨੇ ਸਾਨੂੰ ਰੇਲਵੇ ਦਾ ਪਾਸ ਮੰਗਵਾ ਦਿੱਤਾ, ਉਹਦਾ ਮੇਹਟ ਸੀ ਮਹੇਸਰੀ ਵਾਲਾ ਇੰਦਰ ਸਿੰਘ, ਲਾਈਨ ਦਾ ਕੰਮ ਚਲਦਾ ਸੀ ਮਿਲ ਤੱਕ, ਸਾਡੇ ਕੰਮ ਨੂੰ ਕੁਤੱਰੀਆ ਕਹਿੰਦੇ ਸਨ, ਬਈ ਤੁਰਦੇ ਫਿਰਦੇ ਕੰਮ ਕਰਦੇ, ਅਸੀਂ 12 ਆਦਮੀ ਚਲੇ ਗਏ, ਉਥੇ ਸਾਨੂੰ 1927-28 ਤੱਕ ਕੰਮ ਮਿਲਦਾ ਰਿਹਾ ਸੀ।

**ਗਦਰ ਦੀ ਮੁੜ ਸੁਰਜੀਤੀ**

ਤੇਜਾ ਸਿੰਘ ਸੁਤੰਤਰ 7 ਸਾਲ ਟਰਕੀ 'ਚ ਜਰਨੈਲੀ ਪਾਸ ਕਰਨ ਬਾਅਦ ਕੈਲੇਫੋਰਨੀਆਂ ਪਹੁੰਚਿਆ ਤੇ ਨਿਧਾਨ ਸਿੰਘ ਮਹੇਸਰੀ ਨੂੰ ਪ੍ਰਧਾਨ ਚੁਣਿਆਂ ਤੇ ਪਨਾਮਾ ਆ ਕੇ ਪਾਰਟੀ ਬੰਨ੍ਹੀ, ਬਾਬਾ ਦੁੱਲਾ ਸਿੰਘ ਨੂੰ ਪਾਰਟੀ 'ਚ ਲਿਆਂਦਾ ਸੀ।

1927 'ਚ ਅਸੀਂ ਭਗਤ ਸਿੰਘ ਬਿਲਗਾ ਨੂੰ ਅਰਜਨਟਾਈਨਾਂ 'ਚ ਪਹਿਲੀ ਵਾਰ ਉਸ ਦੇ ਹੈਡਕੁਆਰ ਸਾਹਰੀ 'ਚ ਮਿਲੇ ਸੀ ਫੇਰ ਇੱਥੋਂ ਸੇਧ ਲੈਂਦੇ ਰਹੇ ਸਾਂ। 1928 'ਚ ਮੈਂ ਅਰਜਨਟਾਈਨਾਂ 'ਚ ਪਿਦਰੀਤੇ ਸਟਸ਼ਨ 'ਤੇ ਕੰਮ ਕਰਦਾ ਸੀ, ਜਦੋਂ ਸਟੇਸ਼ਨ 'ਤੇ ਮਾਲ ਗੱਡੀ 'ਚੋਂ ਦੋ ਆਦਮੀ ਉਤਰਕੇ ਆਏ, ਇੱਕ ਈਸ਼ਰ ਸਿੰਘ ਤੇ ਦੂਜਾ ਕੁੱਝ ਲੰਗ ਜਿਹਾ ਮਾਰਦਾ ਸੀ। ਉਨ੍ਹਾਂ ਦੱਸਿਆ ਅਮਰੀਕਾ 'ਚੋਂ ਗਦਰ ਪਾਰਟੀ ਵਾਲਿਆ ਨੇ ਸਾਨੂੰ ਘੱਲਿਆ ਹੈ। ਅਸੀਂ ਰਾਤ ਨੂੰ ਅਪਣੇ ਬੰਦਿਆਂ ਦੀ ਮੀਟਿੰਗ ਕਰਵਾਈ ਤੇ ਉਨ੍ਹਾਂ ਤੋਂ $5-$5 ਵੀ ਇੱਕਠੇ ਕਰਕੇ ਦਿੱਤੇ, ਮੇਰੇ ਕੋਲ $19 ਸਨ ਸਾਰੇ ਦੇ ਦਿੱਤੇ, ਦੂਜੇ ਦਿਨ ਐਤਵਾਰ ਨੂੰ ਗੱਡੀ ਦਾ ਟਾਈਮ ਨਾ ਹੋਣ ਕਰਕੇ ਅਸੀਂ ਤੁਰਕੇ ਬਾਰਾਂ ਕੁ ਵਜੇ ਤੱਕ ਅਗਲੇ ਸਟੇਸ਼ਨ 'ਤੇ ਪਹੁੰਚੇ, ਉਥੇ ਮੀਟਿੰਗ ਕਰਵਾਕੇ $10-$10, $5-$5 ਵੀ ਇੱਕਠੇ ਕਰਕੇ ਦਿੱਤੇ, ਉਸ ਤੋਂ ਅਗਲੇ ਸਟੇਸ਼ਨ 'ਤੇ ਵੀ 30-35 ਬੰਦੇ ਸਨ, ਸਾਨੂੰ ਉਥੇ ਜਾਣ ਲਈ ਟਰਾਲੀ ਮਿਲ ਗਈ, ਖਾਓ ਪੀਏ ਤੱਕ ਅਸੀਂ ਵੀਜ਼ਾ ਮਦਰੇਨਾ, 'ਏ ਤਲਿਮਅਗਏ ਮਾਡਲ ਗਰਮ ਸਟੇਸ਼ਨ 'ਤੇ ਅਪੜੇ ਤੇ ਮੀਟਿੰਗ ਕਰਵਾ ਕੇ ਮੈਂ ਫਿਰ ਰਾਤੋ ਰਾਤ ਵਾਪਸ 30 ਕਿ: ਮੀ: ਤੁਰਕੇ ਦਿਨ ਚੜ੍ਹਦੇ ਨੂੰ 7 ਵਜੇ ਅਪਣੇ ਸਟੇਸ਼ਨ 'ਤੇ ਕੰਮ 'ਤੇ ਆ ਗਿਆ ਸੀ। ਮੇਰਾ ਮੇਹਟ ਇਟਲੀ ਦਾ ਸੀ, ਉਸ ਨੇ ਕਿਹਾ ਕਿੱਥੋਂ ਆਏ ਹੋ? ਮੈਂ ਟਾਲ ਗਿਆ ਸਾਂ।

1930 'ਚ ਅਰਜਨਟਾਈਨਾ ਵਿਖੇ ਮੈਨੂੰ ਤੇਜਾ ਸਿੰਘ ਸੁਤੰਤਰ ਮਿਲਿਆ ਤੇ ਕਹਿੰਦਾ ਮੀਟਿੰਗ ਕਰਾਉਣੀ ਐਂ, ਗ਼ਦਰ ਪਾਰਟੀ ਬੰਨਣੀ ਐਂ ਤੇ ਮੇਰੇ ਸਟੇਸ਼ਨ ਦਾ ਮੇਟ ਇੰਦਰ ਸਿੰਘ ਮਹੇਸਰੀ ਵਾਲਾ ਸੀ। ਮੇਰਾ ਸਟੇਸ਼ਨ ਸ਼ਹਿਰ ਤੋਂ ਦੂਰ ਇਕੱਲਾ ਸਟੇਸ਼ਨ ਸੀ। ਤੇਜਾ ਸਿੰਘ ਨੇ ਕਿਹਾ, ਦੇਖੋ ਸ਼ਹਿਰ ਕੋਈ ਨੇੜੇ ਨਹੀਂ, ਆਪਾਂ ਰੇਲਵੇ ਦੇ ਜਿੰਨੇ ਅਪਣੇ ਆਦਮੀ ਹਨ, ਇੱਥੇ ਇੱਕਠੇ ਕਰ ਲਓ, 10-12 ਬੰਦੇ ਸਨ, ਅਸੀਂ 'ਵੀਜ਼ਾ ਮੁੰਦਰੇਨਾ' (ਮਾਡਲ ਗਰਾਮ) 'ਚ ਮੀਟਿੰਗ ਰੱਖੀ ਜੋ ਚਾਰ ਦਿਨ ਚੱਲੀ, ਗ਼ਦਰ ਪਾਰਟੀ ਕੀ ਹੈ, ਕਿਵੇਂ ਪਾਰਟੀ ਬੰਨ੍ਹਣੀ ਹੈ, ਚਾਰੇ ਦਿਨ ਸਟਡੀ ਸਰਕਲ ਕਰਕੇ ਗ਼ਦਰ ਪਾਰਟੀ ਦੇ ਨਿਸ਼ਾਨਿਆਂ ਬਾਰੇ ਦੱਸਿਆ ਗਿਆ ਤੇ ਮੈਂਬਰਸ਼ਿਪ ਲੈਕੇ ਪਾਰਟੀ ਮੈਂਬਰ ਬਣਾਇਆ, ਜੋ ਵੱਧ ਪੈਸੇ ਦੇਊ, ਵੱਡਾ ਮੈਂਬਰ ਤੇ ਵੱਡਾ ਲੀਡਰ ਬਣ ਸਕਦੇ ਕਿਉਂਕਿ ਪੈਸਾ ਦੇਸ਼ ਨੂੰ ਘੱਲਣੈ, ਬੰਦੇ ਘੱਲਣੇ ਤੇ ਹੱਥਿਆਰ ਦੇ ਕੇ ਵੀ ਤੋਰਨੇ ਐਂ, ਅੰਗ੍ਰੇਜ਼ਾਂ ਨੂੰ ਦੇਸ਼ 'ਚੋਂ ਕੱਢਣੈ, ਸਾਡਾ ਫਰਜ਼ ਬਣਦੈ ਅਪਣੀ ਜਾਨ ਦੀ ਵੀ ਪ੍ਰਵਾਹ ਨਾ ਕਰੀਏ। ਉਥੇ ਸੀ ਬੂਝਾ ਸਿੰਘ ਕਾਉਕਿਆਂ ਵਾਲਾ, ਨਿਰੰਜਨ ਸਿੰਘ ਵੀ ਉਥੇ ਸੀ ਤੇ ਧਲੇਤੇ ਵਾਲੇ ਕਰਮ ਸਿਓਂ ਨੂੰ ਪ੍ਰਧਾਨ ਤੇ ਮੈਨੂੰ ਖਜ਼ਾਨਚੀ ਬਣਾ ਕੇ ਬੂਝਾ ਸਿੰਘ ਕਮੇਟੀ ਦਾ ਰਜਿਸਟਰ ਬਣਾ ਕੇ ਦੇ ਆਇਆ। ਅਸੀਂ 10ਵੇਂ ਮਹੀਨੇ ਉਗਰਾਹੀ ਸ਼ੁਰੂ ਕਰਕੇ ਉਸ ਰਜਿਸਟਰ ਵਿੱਚ ਦਰਜ ਕਰ ਦੇਣੀ, 12ਵੇਂ ਮਹੀਨੇ ਦੀ 25 ਤਰੀਕ ਨੂੰ ਗਦਰ ਪਾਰਟੀ ਦੇ ਦਫਤਰ ਹਿਸਾਬ ਦੇ ਆਉਣਾ, $12 ਤੋਂ ਘੱਟ ਮੈਂਬਰਸ਼ਿਪ ਨਹੀਂ ਲਿਖਦੇ ਸੀ, ਇਸ ਤੋਂ ਵੱਧ $50, ਜਾਂ $100 ਜਿੰਨੇ ਮਰਜੀ ਕੋਈ ਦੇਵੇ, ਇੱਕ ਵਾਰ ਪੁਰਾਣੇ ਵਾਲੇ ਦੇ ਕੇਹਰ ਸਿੰਘ ਨੇ $200 ਵੀ ਦਿੱਤਾ ਸੀ।

ਮੈਂ ਪਹਿਲੇ ਸਾਲ $1400 ਸੰਤੋਖ ਸਿੰਘ ਕੋਲ ਜਮ੍ਹਾਂ ਕਰਾਏ ਸਨ। ਉਥੇ ਵੱਖ-ਵੱਖ ਖੇਤਰਾਂ ਦੇ ਅਸੀਂ ਛੇ ਖਜ਼ਾਨਚੀ ਸੀ, ਇੱਕ ਪੈਸੇ ਲੈ ਕੇ ਵੀ ਭੱਜ ਗਿਆ ਸੀ, ਮੈਨੂੰ ਪਹਿਲਾਂ ਖਜ਼ਾਨਚੀ, ਫੇਰ ਸੈਂਟਰ ਕਮੇਟੀ ਵਿੱਚ ਤੇ ਫਿਰ ਕਮਿਸ਼ਨ ਵਿੱਚ ਲੈ ਲਿਆ ਸੀ। ਤੇਜਾ ਸਿੰਘ ਸੁਤੰਤਰ ਨੇ ਗਦਰ ਦੀ ਗੂੰਜ ਅਖ਼ਬਾਰ ਦੀ ਇੱਕ ਕਾਪੀ ਮੈਨੂੰ ਭੇਜਣੀ ਸ਼ੁਰੂ ਕਰ ਦਿੱਤੀ, ਜਿਸ ਤੋਂ ਜੋਸ਼ੀਲੀਆਂ ਕਵਿਤਾਵਾਂ ਪੜ੍ਹਕੇ ਸਭ ਸਾਥੀਆਂ ਦਾ ਦੇਸ਼ ਅਜਾਦ ਕਰਵਾਣ ਦਾ ਜਜ਼ਬਾ ਬੁਲੰਦ ਹੁੰਦਾ ਸੀ।






ਅਸੀਂ ਪਹਿਲਾ ਜੱਥਾ 20-25 ਬੰਦਿਆਂ ਦਾ ਸੱਭ ਤੋਂ ਵੱਡਾ ਮਾਸਕੋ ਭੇਜਿਆ, ਜਿਸ ਦਾ ਮੁੱਖੀ ਨੈਣਾਂ ਸਿੰਘ ਧੂਤ ਸੀ, ਇੱਕ ਜੱਥਾ ਮੈਂ ਤੇ ਸੰਤੋਖ ਸਿਓਂ ਨੇ ਭੇਜਿਆ, ਜਿਸ ਦਾ ਮੁੱਖੀ ਦਲੀਪ ਸਿੰਘ ਸੀ, 1934 'ਚ ਲਹਿਰੇ ਵਾਲੇ ਉਜਾਗਰ ਸਿਓਂ ਦੁਸਾਂਝ ਨੂੰ ਖਜ਼ਾਨਚੀ ਬਣਾਇਆ ਤੇ ਮੈਂ ਮਾਸਕੋ ਗਿਆ, ਬਚਨ ਸਿੰਘ ਤਖਾਣਵੱਧ, ਕਿਹਰ ਸਿੰਘ ਵੱਡਾ ਮਾਹਲਾ, ਅਮਰ ਸਿੰਘ ਜੰਡਿਆਲਾ, ਜਵਾਲਾ ਸਿੰਘ ਤੇ ਕਰਤਾਰ ਸਿੰਘ ਮੁਸੇਵਾਲ ਪੰਜਾਂ ਸਮੇਤ ਮੈਂ ਵੀ ਰੂਸ ਟ੍ਰੇਨਿੰਗ ਲਈ ਗਿਆ।

1934 'ਚ ਜਦੋਂ ਸੰਤੋਖ ਸਿੰਘ ਸਾਨੂੰ ਛੇ ਸਾਥੀਆਂ ਨੂੰ ਬੋਏਨਸਅਰੇਜ਼ ਸ਼ਹਿਰ ਤੱਕ ਛੱਡਣ ਗਿਆ, ਨਵਾਂ ਪਾਸਪੋਰਟ ਬਣਾ ਕੇ ਜਰਮਨ ਲਈ ਰਵਾਨਾ ਹੋਣ ਤੋਂ ਪਹਿਲਾਂ ਮੈਂ ਜਰਮਨ ਰਹਿੰਦੇ ਰਤਨ ਸਿੰਘ ਨੂੰ ਛੇ ਨਗ (ਕੋਡ ਵਰਡ) ਲਿਖ ਕੇ ਜਰਮਨ ਦੀ ਬੰਦਰਗਾਹ ਬਰੇਮਰ 'ਤੇ ਜਹਾਜ਼ ਦੇ ਪਹੁੰਚਣ ਦੀ ਤਾਰੀਖ ਲਿਖ ਕੇ ਤਾਰ ਦੇ ਦਿੱਤੀ ਸੀ। ਅਗਲੇ ਦਿਨ ਰੇਲ ਰਾਹੀਂ ਬੈਲਜੀਅਮ ਪਹੁੰਚੇ, ਸਟੇਸ਼ਨ 'ਤੇ ਸਾਨੂੰ ਰਤਨ ਸਿੰਘ ਮਿਲਿਆ। ਯੂਰਪ ਦੇ ਦੇਸ਼ਾਂ ਨੂੰ ਰੂਸੀ ਜਹਾਜ਼ ਲਕੜੀ ਲੈ ਕੇ ਜਾਂਦੇ ਯੂਰਪੀ ਬੰਦਰਗਾਹਾਂ 'ਤੇ ਲਗਦੇ ਸਨ, ਜਿਨ੍ਹਾਂ ਜਹਾਜ਼ਾਂ 'ਚ ਭੇਜਣ ਦੀ ਡਿਊਟੀ ਰਤਨ ਸਿੰਘ ਨੇ ਅੱਗੇ ਲਾਈ ਹੋਈ ਸੀ। ਤੀਜੇ ਦਿਨ ਜਹਾਜ਼ ਚੱਲਿਆ ਤੇ ਬੈਲਜੀਅਮ ਦੀ ਹੱਦ ਪਾਰ ਕਰ ਕੇ ਰੂਸ ਦੇ ਮਾਣ ਮੱਤੇ ਲੈਨਨਗਰਾਦ ਪਹੁੰਚਿਆ, ਇੱਥੇ ਬਹੁਤ ਇੱਕਠ ਸੀ। ਰੂਸੀ ਲੋਕ ਸਰਮਾਏਦਾਰ ਦੇਸ਼ਾਂ ਵੱਲ ਜਹਾਜ਼ ਤੋਰਨ ਵੇਲੇ ਤੇ ਵਾਪਸੀ ਵੇਲੇ ਇਨ੍ਹਾਂ ਦੇਸ਼ਾਂ ਨਾਲ ਲਮਾ ਸਮਾਂ ਲੜਾਈ ਰਹਿਣ ਸਦਕਾ ਕੋਈ ਘਟਨਾ ਵਾਪਰ ਜਾਣ ਦੇ ਖਦਸ਼ੇ ਤੋਂ ਸੁਰਖੁਰੂ ਹੋ ਕੇ ਇੱਕਠੇ ਹੋ ਕੇ ਲੋਕ ਜਹਾਜ਼ ਦਾ ਸੁਆਗਤ ਕਰਕੇ ਖੁਸ਼ੀ ਮਨਾਉਂਦੇ ਸਨ।

ਜਿਓਂ ਹੀ ਜਹਾਜ਼ ਲੈਨਨਗਰਾਦ ਬੰਦਰਗਾਹ 'ਤੇ ਰੁਕਿਆ, ਸਾਹਮਣਿਓਂ ਇੱਕ ਕਾਰ ਆ ਕੇ ਸਾਨੂੰ ਛੇਆਂ ਨੂੰ ਹੋਟਲ ਵਿੱਚ ਲੈ ਗਈ, ਪੰਜ ਛੇ ਦਿਨ ਬਾਅਦ ਕਾਰ ਸਟੇਸ਼ਨ 'ਤੇ ਲੈ ਗਈ ਜੋ ਪੂਰੇ ਹੋਟਲ ਵਾਂਗ ਸਜਿਆ ਸੀ, ਵਧੀਆ ਬੈਡ ਲੱਗੇ ਸਨ, ਹੋਰ ਗੱਡੀ ਜਾਂ ਸਟੇਸ਼ਨ ਬਦਲੇ ਬਿਨਾ ਸਾਡਾ ਜੱਥਾ ਪੰਜ ਦਿਨਾਂ ਬਾਅਦ ਮਾਸਕੋ ਰੇਲਵੇ ਸਟੇਸ਼ਨ 'ਤੇ ਪਹੁੰਚ ਗਿਆ। ਉਤਰਨ ਸਾਰ ਸਾਨੂੰ ਇੱਕ ਆਦਮੀ ਨੇ ਸਪੇਨੀ 'ਚ ਪੁੱਛਿਆ, ਮੇਰੇ ਹਾਂ ਕਰਨ 'ਤੇ ਉਹ ਕਾਰ 'ਚ ਬਿਠਾ ਕੇ 'ਇੰਟਰਨੈਸ਼ਨਲ' ਯੂਨੀਵਰਸਟੀ ਮਾਸਕੋ ਲੈ ਗਿਆ। ਯੂਨੀਵਰਸਟੀ ਦਾ ਖਰਚ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਤੋਂ ਪ੍ਰਾਪਤ ਹੁੰਦਾ ਤੇ ਇਕੱਲਾ ਰੂਸ ਇਸ ਦਾ ਖਰਚ ਬਰਦਾਸ਼ਤ ਨਹੀਂ ਕਰਦਾ ਸੀ, ਕਿਉਂਕਿ ਕੌਮਾਂਤਰੀ ਜੱਥੇਬੰਦੀ ਹੋਣ ਕਰਕੇ ਸਾਰੇ ਦੇਸ਼ ਇਸ ਦਾ ਖਰਚ ਰਲ ਮਿਲ ਕੇ ਕਰਦੇ ਸਨ।

ਯੂਨੀਵਰਸਟੀ ਵਿੱਚ ਸੱਭ ਤੋਂ ਪਹਿਲੇ ਪ੍ਰੋ: ਦਿਆਕੂਫ ਨੇ ਪੰਜਾਬੀ 'ਚ ਜਾਣ ਪਛਾਣ ਕਰਾਈ ਤੇ ਪੁੱਛਿਆ, ਤੁਹਾਡੇ 'ਚੋਂ ਬਚਨ ਸਿੰਘ ਕੌਣ ਹੈ? ਮੈਂ ਅਪਣਾ ਤੁਆਰਫ ਕਰਾਇਆ। ਤੇਜਾ ਸਿੰਘ ਸੁਤੰਤਰ ਦੇਸ਼ ਵਾਪਸੀ ਤੋਂ ਪਹਿਲਾਂ ਪ੍ਰੋ: ਦਿਆਕੂਫ ਨੂੰ ਮੇਰੇ ਬਾਰੇ ਦੱਸਕੇ ਆਇਆ ਸੀ। ਪ੍ਰੋ: ਦਿਆਕੂਫ ਨੇ ਸਾਨੂੰ ਬੱਚਿਆਂ, ਜ਼ਮੀਨਾਂ, ਪਿਛੇ ਚਲਦੇ ਕੰਮਾਂ ਤੇ ਘਰੋਂ ਬਾਹਰ ਆਉਣ ਦੇ ਮਕਸਦ ਬਾਰੇ ਪੁੱਛਿਆ, ਤੇ ਕਿਹਾ ਕਿ ਤੁਸੀਂ ਪੈਸੇ ਕਮਾਉਣ ਲਈ ਘਰੋਂ ਬਾਹਰ ਨਿਕਲੇ ਹੋ ਤਾਂ ਕਿ ਬਾਲ ਬੱਚਿਆਂ ਦਾ ਗੁਜ਼ਾਰਾ ਵਧੀਆ ਹੋ ਸਕੇ, ਪਰ ਹੁਣ ਤੁਸੀਂ ਰੂਸ ਪਹੁੰਚ ਗਏ ਹੋ, ਇੱਥੋਂ ਘਰ ਚਿੱਠੀ ਵੀ ਨਹੀਂ ਲਿਖ ਸਕਦੇ। ਗਦਰ ਪਾਰਟੀ ਤੁਹਾਡੇ ਪਰਿਵਾਰ ਦੀ ਕੋਈ ਮਦਦ ਨਹੀਂ ਕਰ ਸਕਦੀ। ਫਿਰ ਤੁਹਾਡੇ ਪਰਿਵਾਰਾਂ ਦਾ ਕੀ ਬਣੇਗਾ? ਮੈਂ ਕਿਹਾ, ਸਾਡਾ ਦੇਸ਼ ਗੁਲਾਮ ਹੈ, ਅਸੀਂ ਦੇਸ਼ ਨੂੰ ਹਰ ਹੀਲੇ ਅਜ਼ਾਦ ਕਰਵਾਉਣਾ ਚਾਹੁੰਦੇ ਹਾਂ। ਸਾਡੇ ਪਰਿਵਾਰ ਜ਼ਮੀਨ ਵੇਚਣ ਜਾਂ ਜਿਵੇਂ ਕਿਵੇਂ ਵੀ ਗੁਜ਼ਾਰਾ ਕਰਨ, ਅਸੀਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਰ ਕੁਰਬਾਨੀ ਕਰਨੀ ਹੈ।

ਪਹਿਲਾਂ ਸਾਡੇ ਸਭ ਦੇ ਅਸਲੀ ਨਾਂ ਪਤੇ ਲਿਖੇ ਤੇ ਫੇਰ ਸਾਨੂੰ ਅਰਜਨਟੀਨਾ ਦੇ ਆਦਮੀ ਸ਼ੋਅ ਕੀਤਾ ਗਿਆ। ਟ੍ਰੇਨਿੰਗ ਸ਼ੁਰੂ ਹੋਣ 'ਚ ਅਜੇ ਮਹੀਨਾ ਰਹਿੰਦਾ ਸੀ, ਜਦੋਂ ਕੈਲੇਫਰਨੀਆਂ ਤੋਂ ਆਏ ਮੁਹਿੰਦਰ ਸਿੰਘ ਸੋਢੀ ਨੇ ਅਨਪੜ੍ਹਾਂ ਨੂੰ ਪੰਜਾਬੀ ਪੜ੍ਹਨ ਲਿਖਣ ਜੋਗੇ ਕੀਤਾ। ਪ੍ਰੋ: ਦਿਆਕੂਫ ਨੇ ਦੱਸਿਆ ਕਿ ਸਾਰੇ ਦੇਸ਼ਾਂ 'ਚ ਕਮਿਊਨਿਸਟ ਪਾਰਟੀਆਂ ਬਣ ਚੁੱਕੀਆਂ ਹਨ। ਇਹ ਸੱਭ ਤੋਂ ਅਖ਼ੀਰਲਾ ਗਰੁੱਪ ਸੀ, ਬਾਅਦ 'ਚ ਕੋਈ ਵੀ ਗਰੁੱਪ ਟ੍ਰੇਨਿੰਗ ਲਈ ਰੂਸ ਨਹੀਂ ਪਹੁੰਚਿਆ। ਯੂਨੀਵਰਸਟੀ ਸ਼ਹਿਰ ਤੋਂ 30 ਕੁ ਮੀਲ ਜੰਗਲ 'ਚ ਸੀ। ਬੈਲਸਵਿਨ ਤੋਂ ਬਿਨਾਂ ਉਥੇ ਕਿਸੇ ਹੋਰ ਨੂੰ ਜਾਣ ਦੀ ਆਗਿਆ ਨਹੀਂ ਸੀ। ਪ੍ਰੋ: ਦਿਆਕੂਫ ਨਾਲ ਮਿ: ਕੋਜ਼ਲੈਫ, ਮਿ: ਸਿਵਰਨੋਟ ਮਿਲੱਸ ਤੇ (ਏ) ਤੇ ਮਿ: ਨਚਾਲਨੀਕ ਜੋ ਹਥਿਆਰਾਂ ਦਾ ਮਾਹਰ ਸੀ। ਹਰ ਰੋਜ਼ ਸਵੇਰੇ ਪੀ.ਟੀ., ਦੌੜਾਂ ਤੇ ਕਸਰਤ ਕਰਵਾਈ ਜਾਂਦੀ, ਬੋਲਸ਼ਵਿਕ ਪਾਰਟੀ ਦਾ ਸੁਨਹਿਰੀ ਇਤਿਹਾਸ, ਬਗਾਵਤਾਂ ਤੇ ਗਲਤੀਆਂ ਦੇ ਵੇਰਵੇ ਪੜ੍ਹਾਏ ਜਾਂਦੇ, ਘਟਨਾਵਾਂ ਸਪਸ਼ਟ ਕਰਨ ਲਈ ਮੂਵੀਆਂ ਵੀ ਦਿਖਾਈਆ ਜਾਂਦੀਆਂ। ਵੱਖ-ਵੱਖ ਦੇਸ਼ਾ ਦੀ ਅਜ਼ਾਦੀ ਘੋਲਾਂ ਦੀ ਜਾਣਕਾਰੀ ਤੇ ਭਾਰਤੀ ਲੀਡਰਾਂ ਤੇ ਕਾਂਗਰਸ ਬਾਰੇ ਵਿਸਥਾਰ 'ਚ ਪਾਰਟੀ ਦੇ ਸਰਮਾਏਦਾਰੀ ਰੋਲ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ ਜਾਂਦਾ। ਉਥੇ ਪੜ੍ਹਾਈ ਗ੍ਰੇਡਿੰਗ ਸਿਸਟਮ ਨਾਲ ਚਲਦੀ ਸੀ। ਇੱਥੇ ਸਾਡੇ 6-7 ਗਰੁੱਪਾਂ 'ਚ ਕੁੱਲ ਭਾਰਤੀਆਂ ਦੀ ਗਿਣਤੀ 30 ਕੁ ਹੋਵੇਗੀ, ਇਨ੍ਹਾਂ 'ਚ ਮੇਰਾ ਨਾਂ 'ਗੋਰਦੇ' ਸੀ, ਜਿਸ ਦਾ ਅਰਥ ਮੋਟਾ ਹੈ, ਮੈਂ ਮੋਟਾ ਸੀ ਵੀ।

ਪਹਿਲੇ ਸ਼ੈਸ਼ਨ ਵਾਲੇ ਨੈਣਾ ਸਿੰਘ ਧੂਤ, ਕਰਤਾਰ ਸਿੰਘ ਸ਼ਰੀਹ, ਰਤਨ ਸਿੰਘ ਘੋਲੀਆਂ ਕਲਾਂ ਸਾਡੇ ਸੈਸ਼ਨ 'ਚ ਹੀ ਆ ਮਿਲੇ ਸਨ। ਬਾਬਾ ਨਿਧਾਨ ਸਿੰਘ ਮਹੇਸਰੀ ਕੈਲੇਫੋਰਨੀਆਂ ਤੋਂ ਆਇਆ ਸੀ, ਪੜ੍ਹਾਈ ਅੰਗ੍ਰੇਜ਼ੀ 'ਚ ਕਰਦਾ ਸੀ। ਪਹਿਲਾਂ ਨੈਣਾਂ ਸਿੰਘ ਧੂਤ ਯੂਨੀਵਰਸਿਟੀ ਦਾ ਸੈਕਟਰੀ ਨਿਯੁਕਤ ਹੋਇਆ ਸੀ। ਨੈਣਾਂ ਸਿੰਘ ਧੂਤ ਵਾਪਸ ਪਰਤ ਆਇਆ ਤਾਂ ਯੂ: ਵ: ਦਾ ਸੈਕਟਰੀ, ਵੱਧ ਪੜ੍ਹਿਆਂ ਲਿਖਿਆਂ ਦੇ ਇਤਰਾਜ਼ ਕਰਨ ਦੇ ਬਾਵਜੂਦ ਵੀ ਮੈਨੂੰ ਹੀ ਨਿਯੁਕਤ ਕੀਤਾ ਗਿਆ। ਇੱਥੇ ਕਿਤਾਬੀ ਸਿਖਿਆ ਨਾਲ ਸਪੀਚ ਕਰਨਾ ਤੇ ਦੋ ਮਹੀਨਿਆਂ ਦੀ ਫੌਜੀ ਟ੍ਰੇਨਿੰਗ ਦੇਣ ਸਮੇਂ ਫੌਜੀ ਲੜਾਈ ਤੇ ਹਥਿਆਰਾਂ ਦੀ ਪ੍ਰੈਕਟਿਸ ਵੀ ਕਰਵਾਕੇ ਆਖਰ 'ਚ ਮਜ਼ਦੂਰਾਂ ਨਾਲ ਕੰਮ ਕਰਨ ਦੀ ਟ੍ਰੇਨਿੰਗ ਦਿੱਤੀ ਜਾਂਦੀ। 1936 'ਚ ਮੈਨੂੰ ਕਾਲੀਨਲ ਸ਼ਹਿਰ ਵਿੱਚ ਬਿਜਲੀ ਮਹਿਕਮੇਂ ਵਿੱਚ ਕੰਮ ਕਰਨ ਲਈ ਭੇਜਿਆ ਗਿਆ। 300 ਰੂਬਲ (ਰੂਸੀ ਕਰੰਸੀ) ਮਹੀਨਾ ਤਨਖਾਹ ਮਿਲਦੀ ਸੀ, ਛੇ ਮਹੀਨੇ ਕੰਮ ਕਰਨ ਬਾਅਦ ਮੈਨੂੰ ਪ੍ਰੋ: ਕਜ਼ਲੋਟ ਦਾ ਖਤ ਮਿਲਿਆ ਬਈ ਮਾਸਕੋ ਵਾਪਸ ਆ, ਕਾਰਖਾਨੇ ਦੇ ਅਧਿਕਾਰੀ ਤੋਂ ਆਗਿਆ ਲੈ ਕੇ ਮੈਂ ਮਾਸਕੋ ਆ ਕੇ ਪ੍ਰੋ: ਕੋਜ਼ਲੈਫ ਨੂੰ ਮਿਲਿਆ, ਉਸ ਨੇ ਕਿਹਾ, ਤੇਰੀ ਟ੍ਰੇਨਿੰਗ ਪੂਰੀ ਹੋ ਗਈ, ਤੁਸੀਂ ਵਾਪਸ ਜਾਣਾ ਤਾਂ ਜਾ ਸਕਦੇ ਹੋ, ਇੱਥੇ ਵੀ ਰਹਿ ਸਕਦੇ ਹੋ, ਕੋਈ ਬੰਦਸ਼ ਨਹੀਂ। ਮੈਂ ਛੇ ਮਹੀਨਿਆਂ 'ਚ ਬਚਾਏ 600 ਰੂਬਲ ਪ੍ਰੋ: ਕੋਜ਼ਲੋਟ ਨੂੰ ਫੜਾਏ ਕਿ ਮਜ਼ਦੂਰਾਂ ਦੀ ਕਮਾਈ ਦੇ ਪੈਸੇ ਮੈਂ ਨਹੀਂ ਰੱਖਣੇ, ਮੇਰੀ ਭਾਵਨਾ ਨੂੰ ਸਮਝਦਿਆਂ ਪ੍ਰੋ: ਕੋਜ਼ਲੋਟ ਨੇ ਪੈਸੇ ਲੈ ਲਏ ਤੇ ਮੈਨੂੰ ਸਵਿਟਜ਼ਰਲੈਂਡ ਦੀ ਬਣੀ ਘੜੀ ਤੇ ਇੱਕ ਬ੍ਰਾਂਡੀ ਦੀ ਵੱਡੀ ਬੋਤਲ ਗਿਫਟ ਵਜੋਂ ਦਿੱਤੀਆਂ ਗਈਆਂ ਸਨ। 1934 ਤੋਂ 1937 ਤੱਕ ਮੈਂ ਮਾਸਕੋ ਰਹਿ ਕੇ ਟ੍ਰੇਨਿੰਗ ਪ੍ਰਾਪਤ ਕਰ ਲਈ ਸੀ।

ਪਹਿਲਾਂ ਦੇਸ਼ ਪਰਤਣ ਵਾਲਿਆਂ ਨੂੰ ਚੋਰੀ ਭੇਜਿਆ ਜਾਂਦਾ ਜੋ ਰਸਤੇ ਵਿੱਚ ਹੀ ਫੜੇ ਜਾਂਦੇ ਸਨ। ਮੈਨੂੰ ਰੇਲ ਰਾਹੀਂ ਰੂਸ ਤੋਂ ਬਾਹਰ ਹੋਣ 'ਤੇ ਮੈਨੂੰ ਇੱਕ ਵਰਕਰ ਵਿਕਟੋਰੀਆ ਜਹਾਜ਼ ਦੀ (ਇਟਲੀ) ਜਨੇਵਾ ਬੰਦਰਗਾਹ ਤੋਂ ਬੰਬਈ ਤੱਕ ਦੀ ਟਿਕਟ ਦੇ ਗਿਆ। ਮੈਨੂੰ ਕਿਹਾ, ਬੰਬਈ ਤੁਸੀਂ ਫੜੇ ਜਾਂਦੇ ਹੋ ਤਾਂ ਤੁਹਾਨੂੰ ਪੁਛਿਆ ਜਾਵੇਗਾ ਕਿ ਤੁਸੀਂ ਮਾਸਕੋ ਤੋਂ ਆਏ ਹੋ? ਤੁਸੀਂ ਇਹ ਨਹੀਂ ਮੰਨਣਾ, ਤੁਹਾਨੂੰ ਸਾਥੀਆਂ ਬਾਰੇ ਤੇ ਹੋਰ ਵੀ ਬਹੁਤ ਕੁੱਝ ਪੁੱਛਣਗੇ, ਪਰ ਤੁਹਾਨੂੰ ਰੱਖ ਕੇ ਛੱਡ ਦੇਣਗੇ। ਇਹ ਜਾਣਕਾਰੀ ਮਾਸਕੋ ਪਹੁੰਚਦੀ ਰਹਿੰਦੀ ਸੀ। ਦੋ ਮਹੀਨੇ ਬਾਅਦ ਤੁਸੀਂ ਪਾਰਟੀ ਦਾ ਕੰਮ ਸ਼ੁਰੂ ਕਰ ਦੇਣਾ ਹੈ, ਮੈਨੂੰ ਪਹਿਲਾਂ ਹੀ ਪੱਕਾ ਕਰ ਦਿੱਤਾ ਗਿਆ ਸੀ।

ਵਿਕਟੋਰੀਆ ਜਹਾਜ਼ ਦੀ ਟਿਕਟ ਅਨੁਸਾਰ ਜਹਾਜ਼ (ਇਟਲੀ) ਜਨੇਵਾ ਤੋਂ 5 ਮਾਰਚ ਨੂੰ ਚੱਲਿਆ ਤੇ 16 ਮਾਰਚ 1937 ਨੂੰ ਮੈਂ ਬੰਬਈ ਆ ਉਤਰਿਆ, ਪੂਰੇ 11 ਦਿਨ ਲੱਗੇ ਤੇ 22 ਪੌਂਡ ਖਰਚ ਹੋਇਆ, ਯਾਨੀ 2 ਪੌਂਡ ਰੋਜ਼ਦੇ। ਬੰਬਈ ਉਤਰੇ ਤਾਂ ਵੱਡੇ-ਵੱਡੇ ਅੰਗ੍ਰੇਜ਼ ਅਫਸਰ ਖੜ੍ਹੇ ਸੀ, ਉਨ੍ਹਾਂ ਉਤਰਦੇ ਨੂੰ ਪਾਸੇ ਬਿਠਾ ਲਿਆ ਤੇ ਜਦ ਮੈਂ ਇਕੱਲਾ ਰਹਿ ਗਿਆ, ਮੇਰੀ ਤਲਾਸ਼ੀ ਲਈ, ਮੇਰੀ ਸ਼ੀਸ਼ੇ ਦੀ ਜੰਜੀਰੀ ਵੀ ਤੋੜ ਦਿੱਤੀ, ਕੇਸ ਵੀ ਖੋਲ੍ਹ ਦਿੱਤੇ ਤਾਂ ਮੈਂ ਕਿਹਾ, ਉਹ ਜਿਹੜੇ ਵੱਡੇ-ਵੱਡੇ ਸੰਦੂਕ ਲਈ ਜਾਂਦੇ ਐ, ਭਾਵੇਂ ਬੰਦਾ ਮਾਰਕੇ ਲਈ ਜਾਂਦੇ ਹੋਣ ਵਿੱਚ ਪਾਕੇ, ਇਨ੍ਹਾਂ ਦੀ ਤਲਾਸ਼ੀ ਨਹੀਂ ਲਈ। ਮੈਂ ਵਿਦੇਸ਼ ਗਿਆ, ਦੇਸ਼ ਮੁੜਿਆ, ਏਥੇ ਪਲਿਆ, ਏਥੋਂ ਦਾ ਹੀ ਵਸਨੀਕ ਹਾਂ, ਮੇਰੀ ਤਲਾਸ਼ੀ ਕਿਉਂ? ਉਨ੍ਹਾਂ ਕਿਹਾ ਕਿ ਇਹ ਸਾਨੂੰ ਹੁਕਮ ਹੈ ਤੇ ਸਾਡੀ ਡਿਊਟੀ ਹੈ। ਪਰ ਕੁਦਰਤੀ ਮੇਰੀ ਜੇਬ 'ਚ ਇੱਕ ਚਿੱਠੀ ਰਹਿ ਗਈ ਸੀ ਭੁਲੇਖੇ ਨਾਲ, ਚਿੱਠੀ ਉਨ੍ਹਾਂ ਦੇਖ ਲਈ ਸੀ, ਪਰ ਸਖ਼ਤੀ ਨਾ ਕੀਤੀ, ਤਲਾਸ਼ੀ ਲੈਕੇ ਮੇਰੇ ਪਿੱਛੇ ਸੀ.ਆਈ.ਡੀ.ਲਾ ਦਿੱਤੀ। ਅਗਲੇ ਦਿਨ ਬੰਬਈਓ ਤੋਂ ਚੱਲਕੇ ਮੈਂ ਮਾਰਚ 19 ਨੂੰ ਪਿੰਡ ਘੋਲੀਏ ਖੁਰਦ ਅਪਣੇ ਘਰ ਪਹੁੰਚਿਆ ਤਾਂ ਮੇਰੇ ਕਾਲਾ ਕੋਟ ਪੈਂਟ ਪਾਇਆ ਹੋਇਆ ਸੀ। ਜਦੋਂ ਮੈਨੂੰ ਘਰ ਦੀਆਂ ਤੀਵੀਆਂ ਨੇ ਵੀ ਨਾ ਪਛਾਣਿਆ।

ਮੇਰਾ ਭਰਾ ਤੇ ਬੇਟੇ ਮਾੜੀ ਦੇ ਮੇਲੇ 'ਤੇ ਮੰਡੀ 'ਚ ਪਸ਼ੂ ਵੇਚਣ ਗਏ ਹੋਏ, ਆਂਥਣੇ ਘਰ ਮੁੜੇ ਤਾਂ ਮੈ ਅਪਣੇ ਭਰਾ ਨੂੰ ਕਿਹਾ ਮੈਂ 1923 'ਚ ਵਿਦੇਸ਼ ਗਿਆ ਸੀ, ਪੂਰੇ 14 ਸਾਲਾ ਬਾਅਦ 1937 'ਚ ਘਰ ਮੁੜਿਆ ਹਾਂ, ਮੇਰੇ ਬੱਚੇ ਗਭਰੂ ਹੋ ਗਏ ਹਨ। ਮੇਰੇ ਭਰਾ ਨੇ ਬੱਚਿਆਂ ਨੂੰ ਕਿਹਾ, ਤੁਹਾਡਾ ਪਿਉ ਆਇਐ, ਉਹ ਕਹਿੰਦੇ ਸਾਨੂੰ ਤਾਂ ਪਤਾ ਨਹੀਂ, ਸਾਡਾ ਪਿਓ ਕਿਹੋ ਜਿਹਾ ਹੈ, ਕਿਹੋ ਜਿਹਾ ਨਹੀਂ। ਅਜੇ ਮੇਰੇ ਘਰ ਆਉਣ ਦੀ ਖੁਸ਼ੀ ਮਾਣ ਰਹੇ ਸਾਂ ਕਿ 22 ਮਾਰਚ ਨੂੰ ਸਵੇਰੇ ਹੀ ਪੁਲਸ ਦੇ ਸਿਪਾਹੀ ਆ ਗਏ, ਨਾਲ ਸਫੈਦ ਪੋਸ਼, ਮੈਂ ਬਾਹਰੋਂ ਜੰਗਲ ਪਾਣੀ ਜਾ ਕੇ ਆਇਆ ਤੇ ਆਉਂਦੇ ਨੂੰ ਬੈਠੇ, ਮੈਨੂੰ ਆਖਣ ਲੱਗੇ, ਸਰਦਾਰ ਜੀ ਚਲਣਾਂ ਲਹੌਰ ਨੂੰ, ਮੈਨੂੰ ਪਤਾ ਸੀ, ਮੈਂ ਕਿਹਾ ਚੱਲੋ ਚਲਦੇ ਐਂ। ਮੈਂ ਅਪਣੇ ਭਰਾ ਨੂੰ ਕਿਹਾ, ਮੈਂ ਹੁਣ ਚਲਿਆਂ, ਇਨ੍ਹਾਂ ਮੈਨੂੰ ਦੋ ਮਹੀਨੇ ਰੱਖਣੈਂ, ਉਥੇ ਬੱਸ ਇਨ੍ਹਾਂ ਬਿਆਨ ਹੀ ਲੈਣੈਂ ਨੇ ਤੇ ਤੁਸੀਂ ਮੇਰੇ ਮਗਰ ਨਾ ਆਇਓ, ਮੈਂ ਉਨ੍ਹਾਂ ਨਾਲ ਅਪਣਾ ਲੀੜਾ ਲੱਤਾ ਬਦਲ ਕੇ ਸਾਦੇ ਕੱਪੜਿਆਂ ਵਿੱਚ ਗਿਆ ਸਾਂ।


ਮੈਨੂੰ ਲਹੌਰ ਕਿਲੇ 'ਚ ਲੈ ਜਾ ਕੇ ਬੰਦ ਕਰ ਦਿੱਤਾ ਤੇ ਇੱਕ ਵੱਡੀ-ਵੱਡੀ ਦਾੜ੍ਹੀ ਵਾਲਾ ਸਿੱਖ ਮਹੀਨਾ ਤਾਂ ਪ੍ਰਚਾਰ ਹੀ ਕਰਦਾ ਰਿਹਾ, ਹੋਰ ਕਿਸੇ ਨੇ ਕੁੱਝ ਨਹੀਂ ਪੁੱਛਿਆ। ਉਹ ਕਿਹਾ ਕਰੇ ਦੇਖੋ ਜੀ, ਮੁਸਲਮਾਨ ਆਉਂਦੇ ਐ, ਸੱਭ ਕੁੱਝ ਦੱਸ ਦਿੰਦੇ ਐ ਤੇ ਅਪਣੇ ਬਾਲ ਬੱਚਿਆਂ 'ਚ ਚਲੇ ਜਾਂਦੇ ਐ, ਤੇ ਜਦ ਸਿੱਖ ਆਉਂਦੇ ਐ, ਦਸਦੇ ਕੁੱਝ ਨਹੀਂ, ਕੇਸਾਂ ਦੀ ਬੇਅਦਬੀ ਕਰਵਾਉਂਦੇ ਐ, ਦਾੜ੍ਹੀ ਦੀ ਬੇਅਦਬੀ ਕਰਵਾਉਂਦੇ ਐ, ਮਗਰੋਂ ਸੱਭ ਕੁੱਝ ਦੱਸ ਵੀ ਦਿੰਦੇ ਐ, ਕਹਿੰਦਾ ਰਹਿੰਦਾ ਸੀ।

ਮੇਰਾ ਵੱਡਾ ਭਰਾ ਚੰਨਣ ਸਿੰਘ ਮੁਲਾਕਾਤ ਲਈ ਆਇਆ, ਮੈਂ ਮਿਲਣ ਤੋਂ ਆਨਾ ਕਾਨੀ ਕੀਤੀ, ਖੈਰ ਅਧਿਕਾਰੀ ਕਹਿਣ ਚੱਲੋ, ਬਹਿ ਕੇ ਗੱਲਾਂ ਬਾਤਾਂ ਕਰ ਲਵੋ, ਡੀ.ਐਸ.ਪੀ. ਜੇਹਲ ਸੰਪੂਰਨ ਸਿੰਘ ਕਹਿੰਦਾ ਉਚੀ-ਉਚੀ ਗੱਲਾਂ ਕਰਨੀਆਂ ਜੋ ਮੈਨੂੰ ਸੁਣਦੀਆਂ ਰਹਿਣ, ਉਹ ਬੜਾ ਚਾਲਬਾਜ਼ ਆਦਮੀ ਸੀ। ਮੈਂ ਅਪਣੇ ਭਰਾ ਨੂੰ ਕਿਹਾ, ਬਾਈ ਤੂੰ ਕੀ ਲੈਣ ਆਇਐਂ, ਬੱਸ ਜਾ ਕੇ ਇੱਕ ਗਊ ਦੁੱਧ ਲਈ ਲੈ ਲੈ ਤੇ ਬੱਚੇ ਪਾਲੇਂ। ਇਹ ਜਿੰਨਾਂ ਚਿਰ ਰੱਖਣਗੇ, ਰੱਖਣ ਦਿਓ, ਸੰਪੂਰਨ ਸਿੰਘ ਬੋਲਿਆ, ਇਹ ਬਿਆਨ ਦੇ ਦੇਵੇ ਤੇ ਚਲਾ ਜਾਵੇ। ਮੈਂ ਕਿਹਾ, ਮੈਨੂੰ ਘਰ ਜਾਣ ਦੀ ਕੋਈ ਕਾਹਲ ਨਹੀ, ਅੱਗੇ 14 ਸਾਲ ਕਿਹੜਾ ਮੈਂ ਏਥੇ ਰਿਹੈਂ, ਭਰਾ ਨੂੰ ਕਿਹਾ, ਤੂੰ ਜਾਹ ਘਰ ਨੂੰ। ਦੋ ਮਹੀਨੇ ਬਾਅਦ ਮੈਨੂੰ ਛੱਡ ਕੇ ਸਰਕਾਰ ਨੇ ਪਿੰਡ 'ਚ ਜੂਹ ਬੰਦ ਕਰਤਾ, ਪਿੰਡ ਦੀ ਹੱਦ ਤੋਂ ਬਾਹਰ ਨਹੀਂ ਜਾਣਾ, ਪ੍ਰਚਾਰ ਨਹੀਂ ਕਰਨਾ, ਕੋਈ ਬਿਆਨ ਨਹੀਂ ਦੇਣਾ।

ਜਦ ਉਧਰੋਂ ਤੁਰਨ ਲੱਗਾ ਤਾਂ ਮੈਂ ਪੁੱਛਿਆ ਕਿ ਮੈਨੂੰ ਪੰਜਾਬ 'ਚ ਇਸ ਕੰਮ ਲਈ ਕੌਣ ਮਿਲੇਗਾ, ਉਨ੍ਹਾਂ ਕਿਹਾ ਚੀਮਾਂ ਜਾਂ ਰੂੜ ਸਿੰਘ ਮਿਲਣਗੇ। ਤੂੰ ਕਿਸੇ ਨੂੰ ਖੁਸ਼ੀ ਭਾਲੀ, ਉਹ ਤੈਨੂੰ ਆਪ ਮਿਲ ਪੈਣ ਗੇ। ਪਿੰਡ ਆਉਣ 'ਤੇ ਸੱਭ ਤੋਂ ਪਹਿਲਾਂ ਮੈਨੂੰ ਬਾਬਾ ਰੂੜ ਸਿੰਘ ਤੇ ਬਾਬਾ ਗੇਂਦਾ ਸਿੰਘ ਮਿਲੇ ਸਨ। ਸਾਡੇ ਨੇੜੇ ਇੱਕ ਪਿੰਡ ਹੈ ਰਣੀਆਂ, ਉਥੇ ਸਾਡਾ ਇੱਕ ਪਾਰਟੀ ਮੈਂਬਰ ਸੀ

(ਬਾਕੀ ਸਫਾ 15 ਤੇ)

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।






## ਗਦਰੀ ਬਾਬਾ ਭਗਤ ਸਿੰਘ ਬਿਲਗਾ ਜੀ ਦੇ 109ਵੇਂ ਜਨਮ ਦਿਹਾੜੇ ਅਤੇ ਇਸ ਮੌਕੇ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਨਾਂ ਉਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉਹਨਾਂ ਦੇ ਨਾਂ 'ਤੇ ਉਸਾਰੇ ਗਏ 'ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਅਤੇ ਰੀਡਿੰਗ ਰੂਮ' ਲਈ 'ਦੇਸ਼ ਭਗਤ ਯਾਦਗਾਰ ਹਾਲ' ਦੀ ਪ੍ਰਬੰਧਕ ਕਮੇਟੀ ਅਤੇ ਸਾਰੇ ਸਹਿਯੋਗੀ ਅਤੇ ਦਾਨੀ ਸਾਥੀਆਂ ਨੂੰ ਬਹੁਤ-ਬਹੁਤ ਮੁਬਾਰਕਬਾਦ

### ਜਾਰੀ ਕਰਤਾ

ਗੁਰਦੀਪ ਸਿੰਘ ਗਿੱਲ (ਪ੍ਰਧਾਨ)
559-360-4248

ਨਵਦੀਪ ਸਿੰਘ ਧਾਲੀਵਾਲ (ਵਾਈਸ ਪ੍ਰਧਾਨ)
559-287-0822

ਜਸਵੰਤ ਸਿੰਘ ਮਾਨ
(ਖਜਾਨਚੀ)

ਸੁਰਿੰਦਰ ਸਿੰਘ ਮੰਢਾਲੀ (ਸਕੱਤਰ)
559-473-9269

ਹਰਜਿੰਦਰ ਸਿੰਘ ਢੇਸੀ (ਸਹਾਇਕ ਸਕੱਤਰ)
559-618-0156

ਦਲਜੀਤ ਸਿੰਘ ਰਿਆੜ (ਸਹਾਇਕ ਸਕੱਤਰ)
559-226-1510

ਕੁਲਵੀਰ ਸਿੰਘ ਹੇਅਰ (ਮੀਡੀਆ ਸਕੱਤਰ)
559-586-0526

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ ਬੀਤੀ 27 ਮਾਰਚ 2016 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਪ੍ਰੋਗਰਾਮ ਦੇ ਕੁਝ ਝਲਕਾਰੇ ਤਸਵੀਰਾਂ ਦੀ ਜ਼ੁਬਾਨੀ














All pictures by Chaman Suman

(ਹੋਰ ਤਸਵੀਰਾਂ ਅਗਲੇ ਸਫੇ ਤੇ ਦੇਖੋ)





ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 13 ਮਾਰਚ ਨੂੰ ਮਨਾਏ ਗਏ ਸ੍ਰੀ ਗੁਰੂ ਰਵਿਦਾਸ ਜੀ ਦੇ 639ਵਾਂ ਗੁਰਪੁਰਬ ਦਿਹਾੜੇ ਅਤੇ ਨਿਰਵਿਘਨ ਵਿਸ਼ਾਲ ਨਗਰ ਕੀਰਤਨ ਦੇ ਸ਼ੁਕਰਾਨੇ ਵਜੋਂ ਅਤੇ ਵਿਸਾਖੀ ਦੇ ਸਬੰਧ ਵਿਚ ਸੰਗਤਾਂ ਵੱਲੋਂ 15 ਅਪ੍ਰੈਲ (ਦਿਨ ਸ਼ੁੱਕਰਵਾਰ) ਨੂੰ ਅਖੰਡ ਪਾਠ ਸਾਹਿਬ ਰੱਖੇ ਜਾਣਗੇ, ਜਿਸ ਦੇ ਭੋਗ 17 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਜਾਣਗੇ।

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਪਹੁੰਚਣ ਦੀ ਕਿਰਪਾਲਤਾ ਕਰਨ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਬੇਨਤੀ ਕਰਤਾ

**ਸ੍ਰੀ ਗੁਰੂ ਰਵਿਦਾਸ ਟੈਂਪਲ**

6221-16th Street Rio Linda
(Sacramento) California- 95673
(Ph) 916-992-1710


## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ ਬੀਤੀ 27 ਮਾਰਚ 2016 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਪ੍ਰੋਗਰਾਮ ਦੇ ਕੁਝ ਝਲਕਾਰੇ ਤਸਵੀਰਾਂ ਦੀ ਜ਼ੁਬਾਨੀ
















All pictures by
Chaman Suman



ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।









ਗਦਰੀ ਬਾਬਾ ਭਗਤ ਸਿੰਘ ਬਿਲਗਾ ਜੀ ਦੇ 109ਵੇਂ ਜਨਮ ਦਿਹਾੜੇ ਅਤੇ ਇਸ ਮੌਕੇ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਨਾਂ ਉਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉਹਨਾਂ ਦੇ ਨਾਂ 'ਤੇ ਉਸਾਰੇ ਗਏ 'ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਅਤੇ ਰੀਡਿੰਗ ਰੂਮ' ਲਈ 'ਦੇਸ਼ ਭਗਤ ਯਾਦਗਾਰ ਹਾਲ' ਦੀ ਪ੍ਰਬੰਧਕ ਕਮੇਟੀ ਅਤੇ ਸਾਰੇ ਸਹਿਯੋਗੀ ਅਤੇ ਦਾਨੀ ਸਾਥੀਆਂ ਨੂੰ ਬਹੁਤ-ਬਹੁਤ ਮੁਬਾਰਕਬਾਦ

## ਜਾਰੀ ਕਰਤਾ



# ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਐਸੋਸੀਏਸ਼ਨ ਫਰੀਮਾਂਟ

# ਬਾਬਾ ਭਗਤ ਸਿੰਘ ਬਿਲਗਾ ਨਾਲ ਮੁਲਾਕਾਤ

ਚੰਦਾ ਸਿੰਘ ਰਿਟਾਇਰਡ ਪਟਵਾਰੀ, ਜਿਸ ਦੇ ਘਰ ਜਸਵੰਤ ਸਿੰਘ ਚੂਹੜਚੱਕ ਵਗੈਰਾ ਨੂੰ ਇੱਕਠੇ ਕਰ ਲੈਣਾਂ ਤੇ ਰਾਤ ਨੂੰ ਮੈ ਰਣੀਏ ਜਾਣਾ, ਸਾਈਕਲ 'ਤੇ ਜਾ ਕੇ ਤੜਕੇ ਵਾਪਸ ਪਿੰਡ ਆ ਜਾਣਾ। ਉੱਥੇ ਮੈਂ ਪਹਿਲਾ ਸਕੂਲ ਲਾਇਆ ਤੇ ਫਿਰ ਮੇਰੀ ਪਾਬੰਦੀ ਟੁੱਟ ਗਈ ਸੀ।

17, 18, 19 ਸਤੰਬਰ 1937 ਨੂੰ ਜ਼ਿਲਾ ਫਿਰੋਜ਼ਪੁਰ ਤਹਿਸੀਲ ਮੋਗਾ 'ਚ ਪਿੰਡ ਦੌਧਰ ਵਿੱਚ ਬਹੁਤ ਭਾਰੀ ਕਿਸਾਨ ਪਾਰਟੀ ਕਾਨਫਰੰਸ ਹੋਈ ਤੇ ਜ਼ਿਲਾ ਫਿਰੋਜ਼ਪੁਰ ਦੀ ਕਿਸਾਨ ਸਭਾ ਦੀ ਭਰਤੀ ਸ਼ੁਰੂ ਕਰਨ ਵਾਸਤੇ ਕਾਪੀਆਂ ਛਪਵਾ ਕੇ ਵੰਡੀਆਂ ਗਈਆਂ ਸਨ। ਭਰਤੀ ਦੀ ਫੀਸ ਇੱਕ ਆਨਾ ਰੱਖੀ ਗਈ ਕਿਉਂਕਿ ਸ਼ੁਰੂ-ਸ਼ੁਰੂ 'ਚ ਲੋਕ ਇਨ੍ਹਾਂ ਦੀ ਗੱਲ ਸੁਨਣ ਲਈ ਤਿਆਰ ਨਹੀਂ ਸਨ, ਫਿਰ ਵੀ 10-12 ਸਾਥੀਆਂ ਦੀ ਟੋਲੀ ਪਿੰਡ 'ਚ ਚੱਕਰ ਲਾਉਣ ਲਗੀ ਸੀ। ਮੈਂ ਪਾਰਟੀ ਮੈਂਬਰਾ ਨਾਲ ਰੂਸ ਦੇ ਸਮਾਜਵਾਦ ਤੇ ਅੰਗ੍ਰੇਜ਼ਾਂ ਖਿਲਾਫ ਪ੍ਰਚਾਰ ਕਰਦਾ, ਪਰ ਕਮਿਊਨਿਸਟ ਪਾਰਟੀ ਗੈਰਕਾਨੂੰਨੀ ਸੀ। ਪ੍ਰਚਾਰ ਤੇ ਭਰਤੀ ਖੁੱਲੇ ਤੌਰ 'ਤੇ ਨਹੀਂ ਕੀਤੀ ਜਾ ਸਕਦੀ ਸੀ। ਹਾਈ ਕਮਾਂਡ ਦੀਆਂ ਹਦਾਇਤਾਂ ਅਨੁਸਾਰ ਕਮਿਊਨਿਸਟ ਪਾਰਟੀ ਮੈਂਬਰ ਪਹਿਲਾਂ ਕਾਂਗਰਸ ਪਾਰਟੀ ਦੇ ਮੈਂਬਰ ਬਣ ਕੇ ਕੰਮ ਕਰਦੇ ਸਨ। ਮੁੱਢ ਤਾਂ ਇੱਥੋਂ ਹੀ ਬੱਝਿਆ, ਬਾਬਾ ਗੇਂਦਾ ਸਿੰਘ ਦੇ ਪਿੰਡੋਂ ਦਾਊਧਰੋਂ, ਇੱਥੋਂ ਹੀ ਕਿਤਾਬਾਂ ਚੁੱਕੀਆਂ ਕਿਸਾਨ ਸਭਾ ਦੀਆਂ, ਇੱਥੋਂ ਹੀ ਚੁੱਕਿਆ ਕੰਮ 1935 'ਚ ਤੇ 1936 'ਚ ਕੰਮ ਚੱਲਿਆ ਸੀ।

1938 'ਚ ਜਦ ਅਸੀਂ ਪਾਰਟੀ ਬੰਨ੍ਹ ਕੇ ਮੋਗੇ ਕੰਮ ਸ਼ੁਰੂ ਕਰ ਦਿੱਤਾ। ਬਚਨ ਸਿੰਘ ਘੋਲੀਆ, ਜਸਵੰਤ ਸਿੰਘ ਚੂਹੜਚੱਕ, ਬਾਬਾ ਰੂੜ ਸਿੰਘ, ਬਾਬਾ ਗੇਂਦਾ ਸਿੰਘ, ਉਜਾਗਰ ਸਿੰਘ ਬੁੱਧਸਿੰਘਵਾਲਾ, ਕੇਹਰ ਸਿੰਘ ਮਾਹਲਾ, ਬਚਨ ਸਿੰਘ ਤਖਾਣਵੱਧ ਤੇ ਕੁੱਝ ਹੋਰ ਸਾਥੀਆਂ ਨੇ ਮਿਲ ਕੇ ਜ਼ਿਲਾ ਫਿਰੋਜ਼ਪੁਰ ਦੀ ਪਾਰਟੀ ਦੀ ਨੀਂਹ ਰੱਖੀ ਤੇ ਕਿਸਾਨ ਸਭਾ ਦੀ ਭਰਤੀ ਵੀ ਸ਼ੁਰੂ ਕਰ ਦਿੱਤੀ ਸੀ। ਸੱਭ ਤੋਂ ਪਹਿਲਾ ਕਿਸਾਨ ਸਭਾ ਦਾ ਸਕੂਲ ਮੋਗੇ ਲਾਇਆ ਤਾਂ ਸੁਰੈਣ ਸਿੰਘ ਘਾਲੀ, ਜਸਵੰਤ ਸਿੰਘ ਚੂਹੜਚੱਕ, ਭੂਰਵਜਿੰਦਰ ਸਿੰਘ ਪੱਤੋ, ਡਾ: ਸ਼ਾਂਤੀ ਲਾਲ ਆਦਿ ਮੇਰੀ ਕਲਾਸ 'ਚ ਆਉਂਦੇ ਰਹੇ ਤੇ ਕੁੱਝ ਇੱਥੋਂ ਸਿੱਖ ਕੇ ਅੱਗੇ ਵੀ ਕਲਾਸਾਂ ਲਾਉਣ ਲੱਗ ਪਏ ਸਨ।

ਪਹਿਲਾਂ ਕਾਂਗਰਸ ਮੈਂਬਰਸ਼ਿਪ ਲਈ ਵੀ ਬਹੁਤ ਕੰਮ ਕੀਤਾ, ਕਾਂਗਰਸ 'ਚ ਸੁਭਾਸ਼ ਚੰਦਰ ਬੋਸ ਦੇ ਪ੍ਰਧਾਨ ਚੁਣੇ ਜਾਣ 'ਤੇ 1938 ਨੂੰ ਤ੍ਰਿਪੁਰਾ 'ਚ ਆਲ ਇੰਡੀਆ ਕਾਂਗਰਸ ਇਜਲਾਸ ਹੋਇਆ ਤਾਂ ਫਿਰੋਜ਼ਪੁਰ ਜ਼ਿਲੇ ਵੱਲੋਂ ਡੈਲੀਗੇਟਾਂ ਦੀ ਚੋਣ ਲਈ ਮੋਗੇ ਕਾਂਗਰਸ ਪਾਰਟੀ ਦੀ ਮੀਟਿੰਗ ਹੋਈ, ਡੈਲੀਗੇਟ ਚੁਨਣ ਸਮੇਂ ਸਰਗਰਮ ਵਰਕਰ ਕਾ. ਰਾਮ ਨਾਥ ਨੇ ਮੇਰੇ (ਬਚਨ ਸਿੰਘ ਘੋਲੀਆ) 'ਤੇ ਖ਼ਦਰ ਨਾ ਪਹਿਨਣ ਦਾ ਇਤਰਾਜ ਕੀਤਾ, ਬਾਬਾ ਰੂੜ ਸਿੰਘ ਨੇ ਕਿਹਾ, "ਅਮਰੀਕਾ 'ਚ ਤਾਂ ਪਤਾ ਨਹੀਂ ਇਹ ਕੀ ਪਹਿਨਦਾ ਸੀ, ਪਰ ਇੱਥੇ ਮੈਂ ਕਦੇ ਖੱਦਰ ਪਹਿਨਣ ਤੋਂ ਬਗੈਰ ਨਹੀ ਦੇਖਿਆ" ਕਾਂਗਰਸ ਸਕੱਤਰ ਰੂੜ ਸਿੰਘ ਬਰਗਾੜੀ 'ਤੇ ਵੀ ਖੱਦਰ ਨਾ ਪਹਿਨਣ ਦਾ ਇਤਰਾਜ ਹੋਇਆ, ਪਰ ਬਸੰਤ ਸਿੰਘ ਚੂਹੜਚੱਕ ਦੀ ਸਿਫਾਰਸ਼ 'ਤੇ ਸਕੱਤਰ ਰਹਿਣ ਦਿੱਤਾ ਗਿਆ। ਤ੍ਰਿਪੁਰਾ ਕਾਂਗਰਸ ਇਜਲਾਸ ਲਈ ਬਚਨ ਸਿੰਘ ਘੋਲੀਆ, ਬਾਬਾ ਰੂੜ ਸਿੰਘ ਚੂਹੜਚੱਕ ਤੇ ਬਿਸ਼ਨ ਸਿੰਘ ਬਿਲਾਸਪੁਰ ਡੈਲੀਗੇਟ ਚੁਣੇ ਗਏ ਸਨ। ਤ੍ਰਿਪੁਰਾ ਜਾਣ ਲਈ ਖਰਚਾ ਨਾ ਕਰ ਸਕਣ ਬਾਰੇ ਮੇਰੇ ਕਹਿਣ 'ਤੇ ਬਾਬਾ ਰੂੜ ਸਿੰਘ ਚੂਹੜਚੱਕ ਨੇ ਦੋਹਾਂ ਸਾਥੀਆਂ ਨੂੰ 50-50 ਰੁਪਏ ਦਿੱਤੇ ਤੇ ਹੋਰ ਉਗਰਾਹੀ ਵੀ ਕੀਤੀ ਗਈ। ਇਸ ਤਰ੍ਹਾਂ ਮੇਰੇ ਸਮੇਤ ਤਿੰਨੇ ਡੈਲੀ ਗੇਟ ਤ੍ਰਿਪੁਰਾ ਕਾਂਗਰਸ ਇਜਲਾਸ 'ਚ ਪਹੁੰਚੇ ਸਨ।

1938 'ਚ ਕਾਂਗਰਸ ਪਾਰਟੀ ਦੇ ਤ੍ਰਿਪੁਰਾ ਸਲਾਨਾ ਜਨਰਲ ਇਜਲਾਸ 'ਚ ਡੈਲੀਗੇਟ ਵਜੋਂ ਅਸੀਂ ਤਿੰਨ ਡੈਲੀਗੇਟ ਅਪੜੇ, ਸੁਭਾਸ਼ ਚੰਦਰ ਬੋਸ ਨੂੰ ਪਹਿਲੇ ਦਿਨ ਬਹੁਤ ਹੀ ਤੇਜ ਬੁਖ਼ਾਰ ਹੋਣ ਕਾਰਨ ਪਹੀਆਂ ਵਾਲੀ ਕੁਰਸੀ 'ਤੇ ਬਿਠਾਕੇ ਪੰਡਾਲ 'ਚ ਲਿਆਂਦਾ ਗਿਆ। ਉਨ੍ਹਾਂ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਜੋ ਮੁੱਖ ਨੇਤਾ ਇੱਥੇ ਹਾਜ਼ਰ ਹਨ, ਉਹ ਸਟੇਜ 'ਤੇ ਆ ਜਾਣ, ਪਹਿਲਾਂ ਤਾਂ ਜੈ ਪ੍ਰਕਾਸ਼ ਨਰਾਇਣ ਤੇ ਪੰਡਤ ਜਵਾਹਰ ਲਾਲ ਨਹਿਰੂ ਸਟੇਜ਼ 'ਤੇ ਨਹੀਂ ਬੈਠੇ ਸਨ। ਪਰ ਸੁਭਾਸ਼ ਚੰਦਰ ਬੋਸ ਦੇ ਅਪੀਲ ਕਰਨ 'ਤੇ ਨੇਤਾ ਸਟੇਜ 'ਤੇ ਆਏ ਸਨ, ਪੰਡਤ ਨਹਿਰੂ ਨੇ ਅਪਣੇ ਸਮੇਂ 'ਚ ਪਹਿਲਾ ਮਤਾ ਰਖਦੇ ਹੋਏ ਅਪੀਲ ਕੀਤੀ ਕਿ ਕਾਂਗਰਸ ਦੀ ਵਰਕਿੰਗ ਕਮੇਟੀ ਅੱਜ ਦੇ ਇਜਲਾਸ 'ਚ ਚੁਣੀ ਜਾਣੀ ਹੈ, ਉਸ ਦੀ ਚੋਣ ਦੇ ਸਾਰੇ ਅਧਿਕਾਰ ਮਹਾਤਮਾਂ ਗਾਂਧੀ ਨੂੰ ਦਿੱਤੇ ਜਾਣ। ਜਦ ਕਿ ਇਹ ਅਧਕਾਰ ਕਾਂਗਰਸ ਪ੍ਰਧਾਨ ਕੋ.ਲ ਹੁੰਦਾ ਹੈ। ਇਸ ਮਤੇ 'ਤੇ ਬੰਗਾਲ, ਪੰਜਾਬ ਤੇ ਹੋਰ ਬਹੁਤ ਸਾਰੇ ਸੂਬਿਆਂ ਦੇ ਡੈਲੀਗੇਟਾਂ ਨੇ ਸ਼ੇਮ, ਸ਼ੇਮ ਦੇ ਅਵਾਜ਼ੇ ਖੜੇ ਹੋ ਕੇ ਕੱਸੇ। ਪੰਡਤ ਨਹਿਰੂ ਨੇ ਕਈ ਵਾਰ ਇਹ ਮਤਾ ਪੇਸ਼ ਕਰਕੇ ਪਾਸ ਕਰਵਾਉਣ ਦੀ ਕੋਸ਼ਸ਼ ਕੀਤੀ, ਪਰ ਹਰ ਵਾਰ ਉਸ ਦਾ ਇਹੋ ਹਸ਼ਰ ਹੋਇਆ, ਮਜਬੂਰ ਹੋ ਕੇ ਪੰਡਤ ਨਹਿਰੂ ਨੇ ਇਹ ਮਤਾ ਵਾਪਸ ਲਿਆ ਤੇ ਹੋਰ ਮਤੇ ਪਰਵਾਨਗੀ ਲਈ ਅੱਗੇ ਲਿਆਂਦੇ ਸਨ।

ਇਹ ਇਜਲਾਸ ਸ਼ੁਰੂ ਹੋਣ ਤੋਂ ਪਹਿਲੀ ਰਾਤ ਜੈ ਪ੍ਰਕਾਸ਼ ਨਰਾਇਣ ਤੇ ਹੋਰ ਨੇਤਾਵਾਂ ਨੇ ਡੈਲੀਗਟਾਂ ਦੇ ਤੰਬੂਆਂ ਵਿੱਚ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ ਤੇ ਅਪੀਲ ਕੀਤੀ ਕਿ ਮਹਾਤਮਾ ਗਾਂਧੀ ਨੂੰ ਬਚਾਓ, ਮਹਾਤਮਾਂ ਗਾਂਧੀ ਇਸ ਇਜਲਾਸ ਵਿੱਚ ਹਾਜਰ ਨਹੀਂ ਸਨ, ਉਹ ਕਿਸੇ ਹੋਰ ਥਾਂ ਸਤਿਆਗ੍ਰਹਿ ਤੇ ਗਏ ਹੋਏ ਸਨ। ਸੁਭਾਸ਼ ਚੰਦਰਬੋਸ ਮਹਾਤਮਾ ਗਾਂਧੀ ਦੇ ਉਮੀਦਵਾਰ ਨੂੰ ਹਰਾ ਕੇ ਕਾਂਗਰਸ ਪ੍ਰਧਾਨ ਚੁਣੇ ਗਏ ਸਨ।

ਇਜਲਾਸ ਦੇ ਦੂਜੇ ਦਿਨ ਜੈ ਪ੍ਰਕਾਸ਼ ਨਰਾਇਣ ਜੋ ਕਾਂਗਰਸ ਦੇ ਵਿੰਗ ਸੋਸ਼ਲਿਸਟ ਪਾਰਟੀ ਦੇ ਸਕੱਤਰ ਸਨ, ਦੋ ਘੰਟੇ ਬੋਲੇ ਕੇ ਅਪਣੀ ਪਾਰਟੀ ਦੇ ਡੈਲੀਗੇਟਾਂ ਨੂੰ ਅਪੀਲ ਕੀਤੀ ਕਿ ਮਹਾਤਮਾਂ ਗਾਧੀ ਨੂੰ ਅਧਿਕਾਰ ਦੇਣ ਵਾਲੇ ਮਤੇ ਦੀ ਹਮਾਇਤ ਕਰਨ ਤੇ ਨਾਲ ਇਹ ਗੱਲ ਵੀ ਕਹੀ ਕਿ ਵਰਕਿੰਗ ਕਮੇਟੀ ਦੀ ਚੋਣ ਲਈ ਸੁਭਾਸ਼ ਚੰਦਰ ਬੋਸ ਤੇ ਮਹਾਤਮਾਂ ਗਾਧੀ ਦੋਹਾ ਨੂੰ ਹੀ ਅਧਿਕਾਰ ਦੇਣ ਵਾਲੇ ਮਤੇ ਦੀ ਹਮਾਇਤ ਦੇਣ ਦੀ ਸਹਿਮਤੀ ਦਿੱਤੀ ਜਾਵੇ। ਪਰ ਇਹ ਗੱਲ ਵੀ ਡੈਲੀਗੇਟਾਂ ਨੇ ਮਨਜ਼ੂਰ ਨਾ ਕੀਤੀ। ਆਖਿਰ ਵੋਟਾਂ ਪਈਆਂ ਤਾਂ ਬੰਗਾਲ ਤੇ ਪੰਜਾਬ ਦੇ ਡੈਲੀਗੇਟਾਂ ਨੇ ਸੁਭਾਸ਼ ਚੰਦਰ ਬੋਸ ਦੇ ਹੱਕ 'ਚ ਵੋਟਾਂ ਪਾਈਆਂ ਤੇ ਬਾਕੀ ਸੂਬਿਆਂ ਦੇ ਡੈਲੀਗੇਟਾਂ ਨੇ (ਮਹਾਤਮਾਂ ਗਾਂਧੀ) ਨੂੰ ਅਧਿਕਾਰ ਦੇਣ ਵਾਲੇ ਮਤੇ ਦੇ ਹੱਕ ਵਿੱਚ ਵੋਟਾਂ ਪਾਈਆਂ, ਇਹ ਮਤਾ ਸੋਸ਼ਲਿਸਟ ਪਾਰਟੀ ਦੇ ਸਮਰਥਣ ਨਾਲ ਪਾਸ ਹੋਇਆ। ਮੈਂ ਵੀ ਸੋਸ਼ਲਿਸਟ ਪਾਰਟੀ ਦਾ ਮੈਂਬਰ ਸਾਂ, ਉਸੇ ਵਕਤ ਸੋਸ਼ਲਿਸਟ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਤੇ ਕਾਂਗਰਸ ਪਾਰਟੀ ਤੇ ਕਿਸਾਨ ਸਭਾ ਦਾ ਮੈਂਬਰ ਬਣਿਆ ਰਿਹਾ। ਸੁਭਾਸ਼ ਚੰਦਰ ਬੋਸ ਨੂੰ ਬਹੁਤ ਸਰਗਰਮ ਵੇਖ ਕੇ ਕਮਿਊਨਿਸਟਾਂ ਨੇ ਸੋਚਿਆ ਕਿ ਇਸ ਨੂੰ ਰੂਸ ਪਹੁੰਚਾਇਆ ਜਾਵੇ। ਇਸ ਕੰਮ ਲਈ ਅੱਛਰ ਸਿੰਘ ਛੀਨਾ ਦੀ ਡਿਊਟੀ ਲਾਈ ਗਈ ਸੀ, ਉਹ ਸੁਭਾਸ਼ ਚੰਦਰ ਬੋਸ ਨਾਲ ਕਾਬਲ ਪਹੁੰਚੇ, ਪਰ ਰੂਸ ਜਾਣ ਵਾਲਾ ਜਹਾਜ਼ ਦੇਰ ਨਾਲ ਆਇਆ, ਜਰਮਨ ਦਾ ਜਹਾਜ਼ ਪਹਿਲਾਂ ਆ ਗਿਆ ਸੀ, ਇਸ ਸਦਕਾ ਸੁਭਾਸ਼ ਚੰਦਰ ਬੋਸ ਜਰਮਨ ਵਾਲੇ ਜਹਾਜ਼ 'ਤੇ ਬੈਠ ਕੇ ਚਲੇ ਗਏ ਸਨ।




ਪੰਜਾਬ ਸੂਬਾ ਕਮੇਟੀ ਵੱਲੋਂ ਬਾਬਾ ਰੂੜ ਸਿੰਘ ਨੂੰ ਚਿੱਠੀ ਆਈ ਕਿ ਮਿੰਟਗੁੰਮਰੀ ਜਾਣ ਲਈ ਬੰਦੇ ਭੇਜੋ, ਗੁਰਦੁਆਰਾ ਸਿੰਘ ਸਭਾ ਮੋਗਾ 'ਚ ਪਾਰਟੀ ਦੀ ਮੀਟਿੰਗ ਰੱਖੀ ਸੀ, ਮੇਰਾ 10 ਕੁ ਮਹੀਨੇ ਦਾ ਕੁੱਛੜਲਾ ਛੋਟਾ ਮੁੰਡਾ ਹਰਦੇਵ ਸਿੰਘ ਤੇ ਮੇਰੀ ਪਤਨੀ ਬੀਮਾਰ ਸਨ, ਮੈਂ ਦਵਾਈ ਖਰੀਦਣ ਲਈ ਪਿੰਡੋਂ ਹਕੀਮ ਨੂੰ ਨਾਲ ਲੈ ਕੇ ਮੋਗੇ ਆਇਆ ਸਾਂ, ਪਾਰਟੀ ਮੀਟਿੰਗ 'ਚ ਗਿਆ ਤਾਂ ਨੀਲੀ ਬਾਰ ਜਾਣ ਲਈ ਮੇਰਾ ਨਾਂ ਆ ਗਿਆ ਸੀ, ਵਿਸਾਖ ਦੇ ਮਹੀਨੇ ਕੁੱਝ ਦਾਣੇ ਕੱਢੇ ਸੀ, ਕੁੱਝ ਕੱਢਣ ਵਾਲੇ ਪਏ ਸੀ। ਮੈਂ ਸਾਥੀਆਂ ਨੂੰ ਕਿਹਾ ਮੇਰਾ ਮੁੰਡਾ ਬੀਮਾਰ ਹੈ, ਮੈਨੂੰ 15 ਦਿਨ ਦੀ ਛੁੱਟੀ ਦੇ ਦਿਓ, ਫਿਰ ਮੈਂ ਚਲਾ ਜਾਵਾਂਗਾ। ਕਹਿੰਦੇ ਮਿੰਟ 15 ਨਹੀਂ ਮਿਲਣੇ, ਜਾਂ ਤਾਂ ਜਬਾਬ ਦੇ ਦੇ ਜਾਂ ਫਿਰ ਚਲਿਆ ਜਾਹ, ਮੈਂ ਕਿਹਾ ਇਹ ਗੱਲ ਤਾਂ ਬੜੀ ਮੁਸ਼ਕਲ ਹੈ, ਮੇਰੀ ਐਨੀ ਤਾਂ ਇਮਦਾਦ ਕਰੋ, ਪਰ ਨਾ ਮੰਨੇ। ਮੈਂ ਹਕੀਮ ਨੂੰ ਕਿਹਾ, ਤੂੰ ਘਰ ਸੁਨੇਹਾ ਦੇ ਦੇਈਂ ਕਿ 5-6 ਦਿਨ ਮੈਨੂੰ ਲੱਗਣ ਗੇ, ਮੋਗਿਓਂ ਮੈਂ ਸਿੱਧਾ ਲਹੌਰ ਵੱਲ ਚੱਲਿਆ ਤੇ ਪਾਰਟੀ ਦਫਤਰ ਆਇਆ, ਹਰਨਾਮ ਸਿੰਘ ਚਮਕ ਉੱਥੇ ਨਹੀਂ ਸਨ, 15 ਦਿਨਾਂ ਬਾਅਦ ਆਇਆ, ਮੈਂ ਦੱਸਿਆ ਕਿ 15 ਦਿਨਾਂ ਦਾ ਆਇਐਂ, ਚਮਕ ਨੇ ਕਿਹਾ, ਮੈਂ ਤਾਂ ਬੰਦੇ ਮੰਗੇ ਸੀ, ਕਿਹੜਾ ਤਰੀਕ ਦਿੱਤੀ ਸੀ, ਤੂੰ ਠਹਿਰਕੇ ਆ ਸਕਦਾ ਸੀ।

ਹਰਨਾਮ ਸਿੰਘ ਚਮਕ ਨੇ ਕਰਤਾਰ ਸਿੰਘ ਗਿੱਲ ਸਾਹਿਬ ਕੋ.ਲ ਅੰਮ੍ਰਿਤਸਰ ਜਾਣ ਲਈ ਕਿਹਾ, ਅੰਮ੍ਰਿਤਸਰ ਅਇਆ ਤਾਂ ਉਨ੍ਹਾਂ ਕਿਹਾ, ਤੂੰ ਬਾਬਾ ਜਸਵੰਤ ਸਿੰਘ ਕੋਲ ਆਰਫਕੇ ਜਾਣਾ ਐ, ਤੇ ਕਮਿਊਨਿਸਟ ਪਾਰਟੀ ਬੰਨ੍ਹਣੀ ਐ, ਤੇ ਕਿਸਾਨ ਸਭਾ 'ਚ ਰਹਿਕੇ ਬੰਨ੍ਹਣੀ ਐ, ਕਿਸੇ ਨੂੰ ਪਤਾ ਨਾ ਲੱਗੇ, ਤੁਹਾਨੂੰ ਹੀ ਪਤਾ ਹੋਵੇ। ਪਹਿਲਾਂ ਨੈਣਾਂ ਸਿੰਘ ਧੂਤ, ਸੋਹਣ ਸਿੰਘ ਜੋਸ਼ ਗਏ ਸਨ, ਉਹ ਕਿਸਾਨ ਸਭਾ ਬੰਨ੍ਹ ਆਏ ਹਨ। ਇਹ ਚਿੱਠੀ ਬਾਬਾ ਜਸਵੰਤ ਸਿੰਘ ਨੂੰ ਫੜਾਉਣੀ ਐਂ, ਕਹਿਕੇ ਗੱਡੀ ਚੜ੍ਹਾ ਦਿੱਤਾ। ਮੇਰੇ ਕੋਲ ਡੇੜ ਰੁਪਇਆ ਸੀ, ਅਪਣੇ ਕੋਲ ਰਹਿੰਦੇ 70-75 ਪੈਸੇ ਵੀ ਚਿੱਠੀ ਨਾਲ ਹੀ ਫੜਾ ਦਿੱਤੇ। ਚਿੱਠੀ ਪੜ੍ਹਕੇ ਇੱਕ ਸਾਈਕਲ ਦੇ ਕੇ ਬਾਬਾ ਜਸਵੰਤ ਸਿੰਘ ਨੇ ਕਿਹਾ ਕਿ ਇਸ ਦੀ ਮੁਰੰਮਤ ਮੈਂ ਕਰਾਵਾਂਗਾ। ਇਸ ਦੇ ਪੈਸੇ ਕਿਸਾਨ ਸਭਾ ਫੰਡ ਵਿੱਚੋਂ ਖਰਚੇ ਜਾਣਗੇ।

ਮੈਂ ਇਸ ਸਾਈਕਲ 'ਤੇ ਚਾਰ ਪੰਜ ਮਹੀਨੇ ਕੰਮ ਕੀਤਾ, ਕੋ.ਲ ਪੈਸਾ ਕੋਈ ਨਹੀਂ ਸੀ। ਇੱਕ ਦਿਨ ਬਾਬਾ ਜਸਵੰਤ ਸਿੰਘ ਨੇ ਮੈਨੂੰ 1 ਰੁਪਇਆ ਦੇ ਕੇ ਮੰਡੀ ਆਰਫਵਾਲੀ ਤੋਂ 25 ਮੀਲ ਮੰਡੀ ਬੂਰੇ ਵਾਲੀ ਟਕਾਏ ਰਾਮ ਓਡ ਕੋਲ ਭੇਜਿਆ, ਮੈਂ ਸਾਈਕਲ 'ਤੇ ਹੀ ਗਿਆ ਤੇ ਟਕਾਏ ਰਾਮ ਤੋਂ ਰੀਪੋਰਟ ਲੈ ਕੇ ਆ ਗਿਆ, ਰਸਤੇ 'ਚ 1 ਆਨੇ ਦੀ ਲੱਸੀ ਪੀਤੀ ਤੇ 15 ਆਨੇ ਬਾਬਾ ਜੀ ਨੂੰ ਮੋੜ ਦਿੱਤੇ, ਬਾਬਾ ਜਸਵੰਤ ਸਿੰਘ ਨੇ ਇੱਕ ਆਨਾ ਪਾ ਕੇ 1 ਰੁਪਈਆ ਪੂਰਾ ਕਰ ਦਿੱਤਾ। ਇੱਕ ਹੋਰ ਮੇਰੇ ਨਾਲ ਅੰਮ੍ਰਿਤਸਰ ਦਾ ਭਾਂਬੜ ਸੀ, ਉਹ ਵੀ ਮੇਰੇ ਨਾਲ ਕਿਸਾਨ ਸਭਾ ਬੰਨ੍ਹਣ ਲਈ ਆਇਆ ਸੀ।

ਮੇਰੇ ਹੁੰਦੇ ਗੁਰਦੁਆਰਾ ਨਣਕਾਣਾ ਸਾਹਿਬ ਨੂੰ ਮਹੰਤ ਨਰਾਇਣ ਦਾਸ ਦੇ ਕਬਜੇ 'ਚੋਂ ਅਜਾਦ ਕਰਵਾਣ ਲਈ ਇੱਕ ਜੱਥਾ ਮੰਡੀ ਆਰਫਵਾਲੀ ਆ ਠਹਿਰਿਆ, ਬਾਬਾ ਜਸਵੰਤ ਸਿੰਘ ਦੇ ਪਿਛਲੇ ਪਿੰਡ ਮਹਿਮਾ ਸਿੰਘ ਵਾਲਾ ਜ਼ਿਲਾ ਲੁਧਿਆਣਾ ਦੇ ਗਰੇਵਾਲ ਗੋਤੀ ਸਨ। ਬਾਬਾ ਦੇ ਬਜ਼ੁਰਗ ਜੰਗ ਸਿੰਘ ਨੂੰ ਅੰਗ੍ਰੇਜ਼ ਵੱਲੋਂ ਜਾਗੀਰ ਮਿਲੀ ਸੀ, ਬਜ਼ੁਰਗ ਦੇ ਨਾਂ 'ਤੇ ਨਵੇਂ ਪਿੰਡ ਦਾ ਨਾਂ ਜੰਗ ਸਿੰਘਵਾਲਾ ਰੱਖਿਆ ਸੀ। ਬਾਬਾ ਜਸਵੰਤ ਸਿੰਘ ਨੂੰ ਵੰਡਵੀਂ 6 ਮੁਰੱਬੇ ਜ਼ਮੀਨ ਆਉਂਦੀ ਸੀ। ਜੱਥੇ ਨੇ ਬਾਬਾ ਜਸਵੰਤ ਸਿੰਘ ਨੂੰ ਜਲਸੇ ਦੀ ਪ੍ਰਧਾਨਗੀ ਲਈ ਕੁਰਸੀ 'ਤੇ ਬਿਠਾਉਣ ਸਦਕਾ ਹੀ ਅੰਗ੍ਰੇਜ਼ ਸਰਕਾਰ ਨੇ ਬਾਬਾ ਜਸਵੰਤ ਸਿੰਘ ਦੇ 6 ਮੁਰੱਬੇ ਜਬਤ ਕਰਕੇ ਨੀਲਾਮ ਕਰਨ ਦਾ ਐਲਾਨ ਕਰ ਦਿੱਤਾ ਸੀ। ਇਹ ਮੁਰੱਬੇ ਬਾਬਾ ਜੀ ਦੇ ਸਾਥੀ ਆੜ੍ਹਤੀਏ ਨੇ ਬੋਲੀ ਦੇ ਕੇ 25000 ਰੁਪਏ 'ਚ ਖਰੀਦ ਕੇ ਮੁੜ ਬਾਬਾ ਜੀ ਨੂੰ ਮੋੜ ਦਿੱਤੇ ਸਨ।

ਦੂਜੀ ਸੰਸਾਰ ਜੰਗ ਸਮੇਂ ਪਾਰਟੀ ਗੈਰ ਕਾਨੂੰਨੀ ਹੋ ਗਈ, ਮੈਂ ਦਾੜ੍ਹੀ ਚਾੜ੍ਹਕੇ ਫਿੱਫਟੀ ਫੁਫਟੀ ਲਾ, ਹੌਲਦਾਰ ਬਣ ਗਿਆ ਸਾਂ, ਪਿੰਡ 'ਮੀਆਂ ਚੰਨੂੰ' 'ਚ ਸਕੂਲ ਲਾਇਆ, ਇਸ ਵੇਲੇ ਕੰਮ ਕਰਨ ਵਾਲਾ ਆਇਤੁੱਲਾ ਜਹਾਨੀਆਂ ਮੈਨੂੰ ਪਛਾਣ ਨਾ ਸਕਿਆ। ਰਤਨ ਸਿੰਘ ਘੋਲੀਆ ਦੇ ਵਰੰਟ ਨਿਕਲ ਗਏ ਤਾਂ ਉਹ ਰੂਹਪੋਸ਼ ਹੋ ਕੇ ਤੇਜਾ ਸਿੰਘ ਚੂਹੜਕਾਣਾ ਕੋ.ਲ ਸਰਗੋਧੇ ਆਇਆ, ਉਹ ਸੂਬੇ ਦੀ ਕਿਸਾਨ ਸਭਾ ਦਾ ਪ੍ਰਧਾਨ ਸੀ, ਉਨ੍ਹਾਂ ਨੇ ਅੱਗੇ ਗੁਰਬਖ਼ਸ ਸਿੰਘ 30 ਚੱਕ 'ਚ ਕੋਲ ਭੇਜ ਦਿੱਤਾ ਜਿੱਥੇ ਮੈਂ ਤੇ ਰਤਨ ਸਿੰਘ ਘੋਲੀਆ ਮਿਲੇ ਸਾਂ।

ਅਪਣੀ ਮਤ ਦੇ ਬੰਦੇ ਭਾਲਦਿਆਂ ਵਿਧਾਵਾ ਰਾਮ ਨਹਿਰੀ ਪਟਵਾਰੀ ਸਾਨੂੰ ਮਿਲ ਪਿਆ ਜੋ ਫਸਲ ਖਰਾਬੇ ਲਿਖਣ ਵੇਲੇ ਠੀਕ ਖਰਾਬੇ ਵਾਲੇ ਜਿਮੀਦਾਰਾਂ ਦੇ ਹੀ ਲਿਖਦਾ ਸੀ, ਕੋਈ ਵਾਧਾ ਘਾਟਾ ਨਹੀਂ ਕਰਦਾ, ਅਫਸਰਾਂ ਦੀ ਅੱਖ 'ਚ ਰੜਕਦਾ ਹੋਣ ਸਦਕਾ ਮਹਿਕਮੇਂ ਵਾਲੇ ਉਸ ਨੂੰ ਕੱਢਣ ਨੂੰ ਫਿਰਦੇ ਸਨ। ਅਸੀਂ ਉਸ ਨੂੰ ਅਪਣੇ ਨਾਲ ਜੋੜ ਲਿਆ ਤੇ ਉਹ ਹੌਲੀ-ਹੌਲੀ ਸਾਡੇ ਨਾਲ ਸਕੂਲ ਲਾਉਣ ਲਗ ਪਿਆ ਸੀ। ਇੱਕ ਹੋਰ ਮੁੰਡਾ ਸ਼ਾਰਦਾ ਸਕੂਲ ਲਾਉਣ ਲਈ ਆਇਆ ਔਖ ਮਹਿਸੂਸ ਕਰਦਾ ਸੀ, ਅੱਠ ਕੁ ਸਕੂਲ ਸਾਡੇ ਨਾਲ ਲਾਉਣ ਬਾਅਦ ਉਸ ਦੀ ਮੁਹਾਰਤ ਹੋ ਗਈ ਸੀ। ਅਸੀਂ ਚੱਕ ਨੰ: 22 ਤੇ 79 ਵਿੱਚ ਅਤੇ ਗਿਆਨ ਸਿੰਘ ਦੇ ਟਿੱਲੇ ਤੇ ਵੀ ਸਕੂਲ ਲਾਇਆ ਸੀ। ਪਿੰਡ-ਪਿੰਡ ਕਿਸਾਨ ਸਭਾਵਾਂ ਬਣਾ ਲਈਆਂ ਸਨ, ਜ਼ਿਆਦਾ ਕੰਮ ਮੁਜ਼ਾਰਿਆਂ 'ਚ ਹੁੰਦਾ ਸੀ। ਨਾਹਰਾ ਦਿੱਤਾ ਜਾਂਦਾ ਸੀ, "ਅੱਧੋ ਅੱਧ ਵੱਟ 'ਤੇ ਰੱਖ" ਸਕੂਲ 'ਚ ਐਵੂਲੇਸ਼ਨ ਆਫ ਲਾਈਫ, ਸਰਮਾਏਦਾਰੀ ਦੇ ਅੰਗ, ਰਾਜਨੀਤਕ ਆਰਥਿਕਤਾ ਪੌਲੀਟੀਕਲ ਇੱਕਨੌਮੀ ਬਾਰੇ ਦਸਿਆ ਜਾਂਦਾ। ਇੱਕ ਪਟਵਾਰੀ ਹੁੰਦਾ ਦੁਆਬੇ ਦਾ ਮੁਸਲਮਾਨ ਅਰਾਂਈ, ਉਹ ਮਜ਼੍ਹਬ ਤੋਂ ਅਜ਼ਾਦ ਸੀ ਤੇ 32-33 ਚੱਕ 'ਚ ਰਹਿੰਦਾ ਸੀ। ਉਹ ਵੀ ਪਾਰਟੀ ਚੰਦਾ ਦਿੰਦਾ ਸੀ। ਅਸੀਂ ਉਸ ਕੋਲ ਜਾ ਰਹਿਣਾ।

ਅੰਮ੍ਰਿਤਸਰ ਦਾ ਹਜ਼ੂਰਾ ਸਿੰਘ ਜਿਸ ਨੂੰ ਮਿੰਟਗੁਮਰੀ 'ਚ ਜਮੀਨ ਮਿਲੀ ਸੀ, ਦੇਸ਼ ਭਗਤਾਂ ਤੇ ਪਾਰਟੀ ਵਰਕਰਾਂ ਦੀ ਬੜੀ ਸੇਵਾ ਕਰਦਾ ਸੀ। ਬਾਬਾ ਜਸਵੰਤ ਸਿੰਘ ਤੇ ਸ਼ੇਰ ਸਿੰਘ ਇਲੈਕਸ਼ਨ 'ਚ ਖੜੇ ਸਨ। ਹਜ਼ੂਰਾ ਸਿੰਘ ਨੂੰ ਸਰ ਛੋਟੂ ਰਾਮ ਨੇ ਕਿਹਾ ਕਿ ਵੋਟ ਸ਼ੇਰ ਸਿੰਘ ਨੂੰ ਪਾਵੇ ਨਹੀਂ ਤਾਂ ਉਸ ਦੀ ਸਰਕਾਰੀ ਜਮੀਨ ਜਬਤ ਹੋ ਜਾਵੇਗੀ। ਪਰ ਉਸ ਨੇ ਵੋਟ ਠੋਕ ਕੇ ਬਾਬਾ ਜਸਵੰਤ ਸਿੰਘ ਨੂੰ ਪਾਈ ਸੀ। ਬਾਬਾ ਜੀ ਦੀ ਮਦਦ ਲਈ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ, ਤੇਜਾ ਸਿੰਘ ਸੁਤੰਤਰ ਤੇ ਅੱਛਰ ਸਿੰਘ ਛੀਨਾਂ ਆਏ ਸਨ।

ਮਾਹਵਾਰੀ ਮੈਗਜੀਨ 'ਲਾਲ ਝੰਡਾ' ਹਰ ਮਹੀਨੇ ਲਾਇਲਪੁਰ ਕੋਲ ਪਿੰਡ ਚੱਬਾ ਤੋਂ ਪਾਰਟੀ ਦਾ ਖੁਫੀਆ ਪੱਤਰ ਛਪਦਾ ਸੀ। ਹਰ ਮਹੀਨੇ ਇਹ ਪਰਚਾ ਮੈਂ ਥਾਂ-ਥਾਂ ਅੱਡਿਆਂ 'ਤੇ ਵੰਡਦਾ। ਇਸ ਪਰਚੇ 'ਚ ਰੂਸ ਦੀ ਹਮਾਇਤ ਤੇ ਜਰਮਨ ਦੀ ਵਿਰੋਧਤਾ ਹੁੰਦੀ ਸੀ। ਮੈਂ ਤੇ ਵਧਾਵਾ ਰਾਮ ਪ੍ਰਚਾਰ ਕਰਦੇ ਲਾਲ ਝੰਡਾ ਪਰਚਾ ਵੰਡਦੇ ਕਈ ਵਾਰ ਰਾਤ ਨੂੰ ਕਿਧਰੇ ਬਾਹਰ ਹੀ ਸੌਂ ਜਾਂਦੇ, ਪੁਲਸ ਹੱਥ ਆਉਣ ਤੋਂ ਬਚ ਜਾਂਦੇ ਸਾਂ। ਮੁਲਤਾਨ ਇਲਾਕੇ 'ਚ ਇੱਕ ਤੇਜਾ ਸਿੰਘ ਅਜ਼ਾਦੀ ਘੁਲਾਟੀਆ ਨਿਹੰਗ ਸਿੰਘ ਵੀ ਸੀ ਉਸ ਨੂੰ ਮੁਕੱਦਮੇਂ 'ਚ ਜੱਜ ਨੇ ਕੈਦ ਹੁਕਮ ਸੁਣਾਇਆ ਤਾਂ ਉਸ ਨੇ ਕਿਹਾ ਸੀ ਬੱਸ! ਲਾ ਲਿਆ ਜੋਰ, ਜੱਜ ਨੇ ਹੋਰ ਕੈਦ ਵਧਾ ਦਿੱਤੀ ਤਾਂ ਉਸ ਨੇ ਦੁਬਾਰਾ ਵੀ ਉਹੋ ਹੀ ਕਿਹਾ ਤਾਂ ਜੱਜ ਬੋਲਿਆ, ਮੇਰੇ ਕੋਲ ਹੋਰ ਕੈਦ ਕਰਨ ਦੀ ਪਾਵਰ ਨਹੀਂ ਹੈ ਤਾਂ ਉਹ ਬੋਲਿਆ, ਕੈਦ ਜਿੰਨੀ ਮਰਜੀ ਦੇ ਦਿਓ, ਪਰ ਜਦ ਮੈਂ ਕੈਦ ਤੋਂ ਬਾਹਰ ਆਵਾ ਤਾਂ ਦੇਸ਼ ਅਜਾਦ ਹੋਣਾ ਚਾਹੀਦਾ ਹੈ। ਮੁਲਤਾਨ ਨੇੜੇ ਹੀ ਪਿੰਡ ਮੀਆਂ ਚੰਨੂੰ 'ਚ ਇਹ ਨਿਹੰਗ ਸਿੰਘ ਰਹਿੰਦਾ ਸੀ, ਜੋ ਪਾਰਟੀ ਮੈਂਬਰ ਵੀ ਸੀ। ਇੱਥੇ ਅਸੀਂ ਸਕੂਲ ਵੀ ਲਾਉਂਦੇ ਸਾਂ ਆਇਤੁੱਲਾ ਜਹਾਨੀਆਂ ਇਸ ਵਕਤ ਇੱਕ ਚੋਟੀ ਦਾ ਪਾਰਟੀ ਦਾ ਬੁਲਾਰਾ ਸੀ, ਮੈਂ ਉਸ ਦਾ ਸਾਥੀ ਸੀ। ਪਰ ਮੀਆਂ ਚੰਨੂੰ ਪਿੰਡ ਸਕੂਲ ਲਾਉਣ ਵੇਲੇ ਮੇਰੇ ਬਦਲੇ ਭੇਸ 'ਚ ਉਹ ਮੈਨੂੰ ਪਛਾਣ ਨਹੀਂ ਸਕਿਆ ਸੀ।

ਦਲੀਪ ਸਿੰਘ ਦੇ ਪਾਰਟੀ ਬੱਝਣ ਬਾਰੇ ਰਿਪੋਰਟ ਲੈ ਕੇ ਜਾਣ ਬਾਅਦ 1940 'ਚ ਵਧਾਵਾ ਰਾਮ ਪਟਵਾਰੀ, ਗੁਰਬਖ਼ਸ਼ ਸਿੰਘ, ਕੇਸਰ ਸਿੰਘ ਤੇ ਗਿਆਨ ਸਿੰਘ ਤੇ ਮੇਰੇ ਸਮੇਤ 5 ਜਾਣੇ ਸਕੂਲ ਲਾਉਂਦੇ ਸਾਂ। ਮਿੰਟਗੁਮਰੀ ਇਲਾਕੇ 'ਚ ਜਿਨ੍ਹਾਂ ਪਹਿਲੀ ਕਮਿਊਨਿਸਟ ਬਰਾਂਚ ਬਣਾਈ ਸੀ, ਪਹਿਲੇ ਸਾਲ ਸਕੱਤਰ ਮੈਨੂੰ ਚੁਣਿਆ, ਅਗਲੇ ਸਾਲ ਵਧਾਵਾ ਰਾਮ ਸਕੱਤਰ ਨੂੰ ਨਾਲ ਕਿਸਾਨ ਸੱਭਾ ਦਾ ਪ੍ਰਾਪੇਗੰਡਾ ਸਕੱਤਰ ਵੀ ਬਣਾਇਆ ਸੀ। ਬਾਬਾ ਜੁਆਲਾ ਸਿੰਘ ਦਾ ਐਕਸੀਡੈਂਟ ਹੋਇਆ ਸੀ, ਉਹ ਪਾਰਟੀ ਬੱਝਣ ਬਾਅਦ ਆਉਂਦੇ ਰਹੇ ਤੇ ਰਾਮ ਸਿੰਘ ਘਾ.ਲਾਮਾ.ਲਾ ਸਿਰਫ ਚੋਣਾ ਵੇਲੇ ਹੀ ਗਏ ਸਨ।

21, 22, 23, 1941 ਨੂੰ ਜਦ ਜ਼ਿਲਾ ਫਿਰੋਜ਼ਪੁਰ ਤਹਿਸੀਲ ਮੋਗਾ ਦੇ ਪਿੰਡ ਫਤਿਹਗੜ੍ਹ ਕੋਰੋਟਾਣਾ 'ਚ ਕਿਸਾਨ ਕਾਨਫਰੰਸ ਵਿੱਚ ਮੈਂ ਆਇਆ ਨਹੀਂ ਸੀ, ਪਰ 5-6 ਬੰਦੇ ਕਾਨਫਰੰਸ ਦੇਖਣ ਲਈ ਨੀਲੀਬਾਰ ਤੋਂ ਆਏ ਸਨ। ਕਿਸਾਨ ਸਭਾਵਾਂ ਦਾ ਜੋਰ ਹੋਣ ਸਦਕਾ ਹੀ ਇਹ ਕਾਨਫਰੰਸ ਕਰਵਾਈ ਗਈ ਸੀ। ਹੋਰ ਬਹੁਤ ਸਾਰੇ ਵਿਸਥਾਰ ਤੋਂ ਬਿਨਾਂ ਇਸ ਕਾਨਫਰੰਸ ਦੀ ਵਿਲੱਖਣ ਗੱਲ ਇਹ ਸੀ ਕਿ ਪ੍ਰਧਾਨਗੀ ਕਰਨ ਵਾਲੇ ਪ੍ਰਧਾਨ ਨੂੰ ਪੁਲਸ ਫੜ ਲੈਂਦੀ ਤੇ ਪਾਰਟੀ ਨਵਾਂ ਪ੍ਰਧਾਨ ਮੁਕੱਰਰ ਕਰ ਦਿੰਦੀ, ਇਸਤਰ੍ਹਾਂ ਛੇ ਸੱਤ ਪ੍ਰਧਾਨ ਬਣੇ, ਫੜੇ ਜਾਣ ਬਾਅਦ ਬਦਲਕੇ ਨਵੇਂ ਬਣਦੇ ਰਹੇ, ਪੁਲੀਸ ਅਪਣਾ ਸਿਰਤੋੜ ਯਤਨ ਕਰਕੇ ਵੀ ਕਾਨਫਰੰਸ ਦਾ ਕੰਮ ਰੋਕ ਨਾ ਸਕੀ, ਲੋਕਾਂ 'ਚ ਜੋਸ਼ ਐਨਾ ਸੀ ਕਿ ਕਿਸੇ ਨੇ ਪੁਲਸ ਦੀ ਪ੍ਰਵਾਹ ਨਹੀ ਕੀਤੀ ਸੀ, ਇਹ ਕਾਨਫਰੰਸ ਚੋਟੀ ਦੀ ਸੀ। ਸੰਸਾਰ ਜੰਗ ਦੇ ਦੌਰਾਨ 4 ਸਾਲ ਮੈਂ ਨੀਲੀਬਾਰ 'ਚ ਅੰਡਰਗਰਾਊਂਡ ਰਹਿਕੇ ਕੰਮ ਕੀਤਾ, ਇਸ ਸਮੇਂ ਮੈਂ ਦੋ ਵਾਰ ਹੀ ਪਾਰਟੀ ਦੇ ਕਹਿਣ 'ਤੇ ਪਾਰਟੀ ਲਈ ਏਧਰ ਆਇਆ ਪਿੰਡ ਗਿਆ ਸੀ। ਜਦੋਂ ਮੱਲ੍ਹੇ ਵਾਲੇ ਗੋਪੀ ਦੇ ਘਰ ਮੀਟਿੰਗ ਰੱਖੀ ਗਈ ਸੀ। ਮੇਰੀ ਕੁਰਕੀ ਤਾਂ ਤਿੰਨ ਵਾਰ ਹੋਈ ਸੀ, ਪਰ ਹੁਣ ਰਤਨ ਸਿੰਘ ਘੋਲੀਆ ਦੀ ਕੁਰਕੀ ਤੇ ਬਚਨ ਸਿੰਘ ਤਖਾਣਵੱਧ ਦਾ ਵਿਵਾਦ, ਭੂਰਦਵਿੰਦਰ ਸਿੰਘ ਤੇ ਚੰਦਾਵਾਲੇ ਇੰਦਰ ਸਿੰਘ ਕਿਰਤੀ ਬਾਰੇ ਵਿਚਾਰ ਚਰਚਾ ਕਰਨ ਆਇਆ ਹੀ ਮੈਂ ਪਹਿਲਾਂ ਅਪਣੇ ਖੇਤ ਆਇਆ ਤੇ ਫੇਰ ਘਰ ਵੀ ਗੇੜਾ ਮਾਰਨ ਆਇਆ ਸੀ।

ਪਹਿਲਾਂ ਚੂਹੜਚੱਕ 'ਚ ਚੌਕੀਦਾਰੇ ਦਾ ਮੋਰਚਾ, ਫੇਰ ਚੜਿੱਕ ਦਾ ਮੋਰਚਾ, ਜਿਸ 'ਚ ਕਲਸੀਆਂ ਸਟੇਟ ਦੇ ਰਾਜੇ ਤੋਂ ਔਰਤਾਂ ਨੇ ਮੁਆਫੀ ਮਗਵਾਈ ਸੀ, ਲੀਡ ਬਾਬਾ ਰੂੜ ਸਿੰਘ ਕਰਦੇ ਸਨ। ਜਦੋਂ ਅਸੀਂ ਅੱਠ ਜਣੇ ਰਿਹਾ ਹੋ ਕੇ ਆਏ ਤੇ ਭਕਨੇ ਕਾਨਫਰੰਸ ਵਿੱਚ ਅਸੀਂ ਅੱਠਾਂ ਨੇ ਇੱਕ ਪ੍ਰਮੋਸ਼ਨ ਕਮੇਟੀ ਨਾਮਜਦ ਕੀਤੀ ਸੀ। ਉਦੋਂ ਇੱਥੇ ਪਾਰਟੀ 'ਚ ਦੋ ਧੜੇ ਬਣੇ ਸਨ। ਇੱਕ ਨੂੰ ਜੋਸ਼ ਗਰੁੱਪ ਕਹਿੰਦੇ ਸਨ ਤੇ ਦੂਸਰੇ ਨੂੰ ਕਿਰਤੀ ਪਾਰਟੀ। ਕੰਮ ਦੋਹਾਂ ਧੜਿਆਂ ਦਾ ਬਹੁਤ ਸੀ। ਸਾਡਾ ਕੋਈ ਆਪਸੀ ਮੱਤ ਭੇਦ ਨਹੀਂ ਸੀ। ਜਦੋਂ ਅਸੀਂ ਅੱਠ ਜਣੇ ਭੱਕਨੇ ਵਾਲੀ ਕਾਨਫਰੰਸ 'ਤੇ ਗਏ। ਮੇਰਾ ਟੱਬਰ ਪਰਤਾਪ ਕੌਰ ਤੇ ਮੇਰਾ ਵੱਡਾ ਭਰਾ ਚੰਨਣ ਸਿੰਘ ਵੀ ਨਾਲ ਗਏ ਸਨ। ਉੱਥੇ ਸਪੀਚਾਂ ਹੋਈਆਂ ਬਈ ਜਿਨ੍ਹਾਂ ਦੇ ਵਰੰਟ ਹਨ, ਉਹ ਕੈਂਸਲ ਹੋ ਗਏ ਹਨ। ਉਹ ਅਪਣੇ-ਅਪਣੇ ਘਰਾਂ ਨੂੰ ਜਾ ਸਕਦੇ ਹਨ। ਜੋ ਏਦੂੰ ਪਹਿਲਾਂ ਫੜੇ ਗਏ ਸੀ, ਉਹ ਵੀ ਆ ਜਾਣ ਗੇ। ਫੇਰ ਅਸੀਂ ਲਹੌਰ ਜਾ ਕੇ ਜੋਸ਼ ਨੂੰ ਮਿਲੇ, ਮੈਂ ਜਸਵੰਤ ਸਿੰਘ ਤੇ ਤਖਾਣਵਧੀਆ ਬਚਨ ਸਿੰਘ ਸੀ, ਸਾਨੂੰ ਉਨ੍ਹਾਂ ਕਿਹਾ ਤੁਸੀ ਘਰ ਜਾ ਸਕਦੇ ਹੋ।

ਮਈ 1947 ਨੂੰ ਸਿਕੰਦਰਾ ਰਾਓ (ਯੂ.ਪੀ) ਵਿੱਚ ਸਰਬ ਹਿੰਦ ਕਿਸਾਨ ਕਾਨਫਰੰਸ ਹੋਈ, ਜਿਸ 'ਚ ਪਾਰਟੀ ਵੱਲੋਂ ਨੀਤੀਆਂ ਸਬੰਧੀ ਖੁੱਲ੍ਹੀ ਬਹਿਸ ਕੀਤੀ ਗਈ। ਜੋਸ਼ੀ ਦੀ ਅਗਵਾਈ ਵਾਲੀ ਲੀਡਰਸ਼ਿੱਪ ਵੱਲੋਂ 'ਜਮਾਤੀ ਘੋਲ ਬੰਦ ਕਰਨ 'ਚ ਅਗਵਾਈ ਕਰਨੀ, ਮਾਊਂਟ ਬੈਟਨ ਫੈਸਲੇ ਨੂੰ ਮੰਨਣਾ, (ਜੋ ਮੁਸਲਿਮ ਲੀਗ ਤੇ ਕਾਂਗਰਸ ਪਾਰਟੀ ਇੱਕ ਹੋਣ ਸਬੰਧੀ ਸੀ।) ਦੇਸੀ ਸਰਮਾਏਦਾਰੀ ਦੀ ਵੱਡੀ ਜਿੱਤ ਮੰਨਣਾ ਤੇ ਪਾਰਟੀ ਕੇਡਰ ਨੂੰ ਉਸ ਦੀ ਹਿਮਾਇਤ, ਮੁਲਕ ਦੇ ਟੋਟੇ ਕਰਨ ਦੀ ਹਮਾਇਤ, ਇਸੇ ਨੂੰ ਅਧਾਰ ਮੰਨ ਕੇ ਗਾਂਧੀ-ਜਿਨਾਹ ਦਾ ਫਿਰ ਮਿਲਣ ਹੋਇਆ। ਅਜ਼ਾਦ ਦੇਸ਼ ਵਿੱਚ ਅਜ਼ਾਦ ਸਿੱਖ ਦੇਸ਼ ਭੂਮੀਆਂ ਆਦਿ ਪੈਂਫਲੈਂਟ ਵੰਡਣੇ ਅਤੇ ਕਾਂਗਰਸ ਤੇ ਲੀਗ ਦੀਆਂ ਵਜਾਰਤਾਂ ਦੀ ਹਮਾਇਤ ਕਰਨੀ।

ਪਰ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਇਸ ਉਲਟ ਮਤਾ ਰੱਖਿਆ ਕਿ ਭਾਰਗੋ ਵਜਾਰਤ ਨੇ ਕੋਈ ਚੰਗਾ ਕੰਮ ਨਹੀਂ ਕੀਤਾ। ਮੋਘਿਆਂ 'ਤੇ ਮਿੰਟਗੁਮਰੀ ਦੇ ਮੋਰਚਿਆਂ 'ਤੇ ਗੋਲੀ ਚਲਾ ਚੁੱਕੀ ਹੈ। ਅਸੀਂ ਇਸ ਵਜਾਰਤ ਨਾਲ ਮਿਲਵਰਤਣ ਨਹੀਂ ਕਰ ਸਕਦੇ। ਪੰਜਾਬ ਦੀ ਸੂਬਾ ਕਾਂਗਰਸ ਸ਼ਹਿਰੀ ਅਜਾਦੀ ਬਾਰੇ ਸਾਡੇ ਨਾਲ ਸਾਂਝਾ ਫਰੰਟ ਬਨਾਉਣ ਲਈ ਤਿਆਰ ਨਹੀਂ। ਇਨ੍ਹਾਂ (ਵਜਾਰਤਾਂ) ਨੂੰ ਮਿਲਵਰਤਣ ਦੇ ਕੇ ਅਮਲ ਨਹੀਂ ਹੋ ਸਕਦਾ। ਕਾ: ਤੇਜਾ ਸਿੰਘ ਸੁਤੰਤਰ ਦੀ ਉਪਰੋਕਤ ਤਕਰੀਰ ਨੂੰ ਸਾਥੀ ਜੋਸ਼ੀ ਨੇ ਬੱਚਿਆਂ ਵਾਲੀ ਤਕਰੀਰ ਕਿਹਾ ਤੇ ਲੀਡਰਸ਼ਿਪ ਨੇ ਵੀ

**(ਬਾਕੀ ਸਫਾ 20 ਤੇ)**

# ਰਾਸ਼ਟਰਵਾਦ ਦੇ ਨਾਂਅ ਤੇ ਰਾਸ਼ਟਰੀ ਦੁਸ਼ਮਣੀ

## 'ਭਾਰਤ ਮਾਤਾ ਕੀ ਜੈ' ਦਾ ਨਾਅਰਾ ਦੇਸ਼ ਭਗਤੀ ਦਾ ਇਕ ਮਾਤਰ ਨਾ ਟੈਸਟ ਹੈ, ਨਾ ਪ੍ਰਮਾਣ ਹੈ ਅਤੇ ਨਾ ਹੀ ਜ਼ਰੂਰੀ ਹੈ



ਕੇ. ਸੀ. ਸੁਲੇਖ
0172-4623503

Patriotism is the last refuge of a scoundrel ਅਰਥਾਤ 'ਜਦ ਕਿਸੇ ਚਲਾਕ ਬਦਮਾਸ਼ ਬੰਦੇ ਨੂੰ ਕਾਮਯਾਬੀ ਦਾ ਹੋਰ ਕੋਈ ਰਸਤਾ ਨਜ਼ਰ ਨਹੀਂ ਆਉਂਦਾ ਉਹ ਦੇਸ਼ ਭਗਤੀ ਰਾਸ਼ਟਰਵਾਦ ਨੂੰ ਹੀ ਆਪਣਾ ਆਖਰੀ ਹਥਿਆਰ ਬਣਾ ਲੈਂਦਾ ਹੈ।' ਅੰਗਰੇਜ਼ ਦਾਰਸ਼ਨਿਕ ਡਾ. ਸੈਮੂਅਲ ਜਾਨਸਨ ਦਾ ਇਹ ਪ੍ਰਸਿੱਧ ਕਥਨ ਅੱਜ ਦੇ ਰੋਹਿਤ ਵੇਮੁਲਾ, ਕਨ੍ਹਈਆ ਕੁਮਾਰ ਨਾਲ ਜੁੜੇ ਘਟਨਾਕ੍ਰਮ ਦੇ ਜਵਾਬ ਵਿਚ ਹੁਕਮਰਾਨ ਸੰਗਠਨ ਭਾਜਪਾ ਦੇ ਅਪਨਾਏ ਗਏ ਰਵੱਈਏ ਤੇ ਪੂਰਾ ਢੁੱਕ ਰਿਹਾ ਹੈ। ਮੋਦੀ ਸਰਕਾਰ 2014 ਵਿਚ ਪਿਛਲੀ ਕਾਂਗਰਸ ਸਰਕਾਰ ਦੀਆਂ ਕਮਜ਼ੋਰੀਆਂ, ਨਾਕਾਮੀਆਂ ਅਤੇ ਆਪਣੇ ਉਚੇ ਦਾਅਵਿਆਂ ਅਤੇ ਵਾਅਦਿਆਂ ਦੇ ਨਾਲ ਨਾਲ ਹਾਈਟੈਕ ਪਬਲੀਸਿਟੀ ਦੇ ਜ਼ੋਰ ਤੇ ਇਲੈਕਸ਼ਨਾਂ ਵਿਚ ਕਾਮਯਾਬ ਹੋ ਗਈ ਲੇਕਿਨ ਲੋਕਾਂ ਦੀ ਭਾਵਨਾਤਮਕ ਉਤਸੁਕਤਾ ਅਤੇ ਸਮਰਥਨ ਕਾਰਨ ਚੜ੍ਹਤ ਦਾ ਇਹ ਗ੍ਰਾਫ ਜਿਸ ਤੇਜ਼ੀ ਅਤੇ ਰਫਤਾਰ ਨਾਲ ਉਤੇ ਚੜ੍ਹਿਆ, ਵਾਅਦਿਆਂ ਦਾਅਵਿਆਂ ਦੇ ਪੂਰਾ ਨਾ ਹੋਣ ਤੇ ਉਹ ਗ੍ਰਾਫ ਹੇਠਾਂ ਆਉਣਾ ਸ਼ੁਰੂ ਹੋ ਗਿਆ ਹੈ। ਉਸ ਦਾ ਸਪਸ਼ਟ ਕਾਰਨ ਹੈ ਕਿ ਬਜਾਏ ਦੇਸ਼ ਨੂੰ ਅੱਛੀ, ਜ਼ਿੰਮੇਵਾਰ ਅਤੇ ਪਾਰਦਰਸ਼ੀ ਹਕੂਮਤ ਦੇਣ ਦੇ ਉਸ ਨੇ ਆਪਣੀ ਸਰਕਾਰੀ ਮਸ਼ੀਨਰੀ ਅਤੇ ਸਾਧਨਾਂ ਦਾ ਸਾਰਾ ਜ਼ੋਰ ਆਪਣੇ ਸਰਪ੍ਰਸਤ ਸੰਗਠਨ ਰਾਸ਼ਟਰੀ ਸਵੈਮ ਸੰਘ (ਆਰ. ਐਸ. ਐਸ.) ਦੇ ਏਜੰਡੇ 'ਹਿੰਦੂ ਰਾਸ਼ਟਰ-ਹਿੰਦੂ ਰਾਜ' ਨੂੰ ਲਾਗੂ ਕਰਨ ਤੇ ਲਗਾ ਦਿੱਤਾ। ਸੂਬਿਆਂ ਦੇ ਗਵਰਨਰ, ਮੁੱਖ ਮੰਤਰੀ, ਪ੍ਰਸ਼ਾਸਨਿਕ ਮੁਖੀ ਇੱਥੋਂ ਤੱਕ ਕਿ ਖੁਦ ਪ੍ਰਧਾਨ ਮੰਤਰੀ ਸੰਘ ਪ੍ਰਚਾਰਕ ਜਾਂ ਸੰਘ ਹਮਾਇਤੀ ਹਨ। ਇਸ ਮਹਾਂ ਯੱਗ ਵਿ ਚ ਕੀ ਮੰਤਰੀ, ਕੀ ਨੇਤਾ, ਕਾਰਜ ਕਰਤਾ, ਸਾਧਵੀਆਂ, ਸਾਧ, ਮਹੰਤ, ਐਮ. ਪੀ., ਵਿਧਾਇਕ ਸਭ ਆਪਣਾ-ਆਪਣਾ ਵੱਧ ਤੋਂ ਵੱਧ ਯੋਗਦਾਨ ਦੇਣ ਵਿਚ ਜੁਟ ਗਏ ਹਨ। ਕਿਸੇ ਬੜੇ ਨੇਤਾ ਵੱਲੋਂ ਐਲਾਨ ਹੋ ਰਿਹਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਹੈ ਅਤੇ ਇੱਥੇ 2022 ਤੱਕ ਕੋਈ ਮੁਸਲਮਾਨ ਜਾਂ ਈਸਾਈ ਧਰਮ ਵਾਲਾ ਨਹੀਂ ਰਹੇਗਾ। ਕੋਈ ਕਹਿ ਰਿਹਾ ਹੈ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਅਯੁੱਧਿਆ ਵਿਚ ਰਾਮ ਮੰਦਰ ਪੰਜਾਂ ਸਾਲਾਂ ਵਿਚ ਬਣ ਕੇ ਰਹੇਗਾ। ਕੋਈ ਮੰਤਰੀ ਕਹਿੰਦਾ ਹੈ ਕਿ ਬੀਫ ਖਾਣਾ ਹੈ ਤਾਂ ਪਾਕਿਸਤਾਨ ਚਲੇ ਜਾਓ। ਗਊ ਨੂੰ ਰਾਸ਼ਟਰ ਮਾਤਾ ਅਤੇ ਸੰਸਕ੍ਰਿਤ ਨੂੰ ਰਾਸ਼ਟਰ ਭਾਸ਼ਾ ਬਣਾਉਣ ਦੇ ਅਲੱਗ ਨਾਅਰੇ ਲੱਗ ਰਹੇ ਹਨ ਅਤੇ ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਬੇਲਗਾਮ ਭਾਸ਼ਣਾਂ, ਐਲਾਨਾਂ, ਧਮਕੀਆਂ ਨੂੰ ਰੋਕਣ ਵਾਲਾ ਕੋਈ ਨਹੀਂ। ਖੁਦ ਪ੍ਰਧਾਨ ਮੰਤਰੀ ਦੀ ਰਹੱਸਮਈ ਚੁੱਪੀ ਲੋਕਾਂ ਦੇ ਅੰਦੇਸ਼ਿਆਂ ਚਿੰਤਾਵਾਂ ਨੂੰ ਹੋਰ ਪੱਕਾ ਕਰ ਰਹੀ ਹੈ ਕਿ ਕਿਤੇ ਇਹ ਖੇਡ ਕਿਸੇ ਸੋਚੀ ਸਮਝੀ ਪਲਾਨ ਹੀ ਦਾ ਹਿੱਸਾ ਤਾਂ ਨਹੀਂ? ਖਰੀਦੇ ਹੋਏ ਮੀਡੀਆ ਨੇ ਇਸ ਸੁਦਰਸ਼ਨ ਚੱਕਰ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਹ ਇਸੇ ਹੀ ਪਲਾਨ ਦਾ ਨਤੀਜਾ ਹੈ ਕਿ ਦੇਸ਼ ਵਿਚ ਸੰਪਰਦਾਇਕ ਕੜਕਾਹਟ, ਤੂੰ-ਤੂੰ, ਮੈਂ-ਮੈਂ, ਆਪਸੀ ਨਫਰਤ, ਦੰਗੇ ਫਸਾਦ ਅਤੇ ਵਿਆਪਕ ਅਸੁਰੱਖਿਆ ਦਾ ਮਾਹੌਲ ਬਣ ਗਿਆ ਹੈ। ਸੜਕਾਂ ਤੇ ਰੋਸ ਮਾਰਚ, ਮੁਜ਼ਾਹਰੇ, ਰੇਲ ਰਸਤੇ ਰੋਕੋ, ਪੁਲਿਸ ਲਾਠੀਚਾਰਜ, ਪੁਲਿਸ ਫਾਇਰਿੰਗ, ਮੌਤਾਂ- ਇੱਥੋਂ ਤੱਕ ਕਿ ਪਾਰਲੀਮੈਂਟ ਅਤੇ ਅਸੈਂਬਲੀਆਂ ਵਿਚ ਹੰਗਾਮੇ ਅਤੇ ਸ਼ੋਰ ਸ਼ਰਾਬੇ ਦੇ ਸੀਨ ਆਮ ਦੇਖੇ ਜਾ ਸਕਦੇ ਹਨ। ਕੀ ਇਹੀ 'ਸਭ ਕਾ ਸਾਥ ਸਭ ਕਾ ਵਿਕਾਸ' ਜਿਹੇ ਨਾਅਰਿਆਂ ਦਾ ਅਮਲੀ ਰੂਪ ਹੈ? ਕੀ ਇਹੀ 'ਅੱਛੇ ਦਿਨ ਆਉਣ' ਦੇ ਲੱਛਣ ਹਨ? ਕੀ ਇਸ ਹੱਲੇ ਗੁੱਲੇ ਵਿਚ ਮੋਦੀ ਜੀ ਸਮਝਦੇ ਹਨ ਕਿ ਉਹਨਾਂ ਦੀ ਭਰੋਸੇਯੋਗਤਾ ਵੱਧ ਗਈ ਹੈ? ਦਿੱਲੀ, ਬਿਹਾਰ ਅਤੇ ਹੋਰ ਫੁਟਕਲ ਚੋਣਾਂ ਦੇ ਨਤੀਜੇ ਸਾਫ ਦੱਸ ਰਹੇ ਹਨ ਕਿ ਹਵਾ ਦਾ ਰੁਖ ਕੀ ਕਹਿੰਦਾ ਹੈ। ਹਵਾ ਦਾ ਰੁਖ ਕਿੱਧਰ ਨੂੰ ਹੈ, ਉਸ ਦਾ ਪਤਾ ਤਾਂ ਉਹਨਾਂ ਦੀ ਇਸ ਸਪੀਚ ਤੋਂ ਹੀ ਲੱਗ ਜਾਂਦਾ ਹੈ ਜੋ ਉਹਨਾਂ ਨੇ ਪਿੱਛੇ ਜਿਹੇ ਬਰਗੜ੍ਹ (ਉੜੀਸਾ) ਵਿਖੇ ਹੋਏ ਇਕ ਕਿਸਾਨ ਸੰਮੇਲਨ ਵਿਚ ਦਿੱਤੀ ਸੀ, ਜਿਸ ਵਿਚ ਉਹਨਾਂ ਨੇ ਬਿਨਾਂ ਨਾਮ ਲਏ ਅਤੇ ਬਿਨਾਂ ਉਦਾਹਰਣ ਦਿੱਤੇ ਕੁਝ ਵਿਰੋਧੀ ਗੈਰ ਸਰਕਾਰੀ ਸੰਸਥਾਵਾਂ ਤੇ ਇਲਜ਼ਾਮ ਲਗਾਏ ਕਿ ਉਹ ਉਹਨਾਂ ਦੀ ਸਰਕਾਰ ਨੂੰ ਬਦਨਾਮ ਕਰਨ ਅਤੇ ਡੇਗਣ ਦੇ ਪਿੱਛੇ ਪੈ ਗਏ ਹਨ ਕਿਉਂਕਿ ਉਹ ਇਕ ਚਾਹ ਵੇਚਣ ਵਾਲੇ ਨੂੰ ਪ੍ਰਧਾਨ ਮੰਤਰੀ ਬਣਿਆ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦੇ (ਟ੍ਰਿਬਿਊਨ 22.16) ਇੱਥੇ ਉਹ ਆਪਣੇ ਆਪ ਨੂੰ ਚਾਹ ਵੇਚਣ ਵਾਲਾ ਮਸ਼ਹੂਰ ਕਰਕੇ ਫਿਰ ਦੇਸ਼ ਭਗਤੀ ਦਾ ਪੱਤਾ ਖੇਡ ਗਏ ਲੱਗਦੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਉਹ ਆਪਣੇ ਆਪ ਨੂੰ ਮੁੜ ਮੁੜ ਕੇ ਚਾਹ ਵੇਚਣ ਵਾਲਾ ਮਸ਼ਹੂਰ ਕਰਕੇ ਕਿਉਂ ਗਰੀਬ ਤਬਕਿਆਂ ਦੀ ਗਰੀਬੀ ਅਤੇ ਲਾਚਾਰਗੀ ਦਾ ਮਜ਼ਾਕ ਉਡਾ ਰਹੇ ਹਨ ਜਦਕਿ ਉਹਨਾਂ ਦੀ ਸਾਰੀ ਸ਼ਰਧਾ ਸਮਾਜ ਨੂੰ ਉਚੇ ਨੀਵੇਂ ਬਣਾਉਣ ਵਾਲੇ ਬ੍ਰਾਹਮਣਾਂ, ਪੁਜਾਰੀਆਂ, ਸਾਧਾਂ, ਮਹੰਤਾਂ, ਮੰਦਰਾਂ, ਧਰਮ ਸ਼ਾਸਤਰਾਂ ਪ੍ਰਤੀ ਹੈ ਅਤੇ ਸਾਰੀ ਤਾਕਤ ਅੰਬਾਨੀਆਂ, ਅਡਾਨੀਆਂ, ਮਿੱਤਲਾਂ, ਬਜਾਜਾਂ ਅਤੇ ਟਾਟਿਆਂ ਵਰਗੇ ਚੋਟੀ ਦੇ ਸੇਠਾਂ, ਉਦਯੋਗਪਤੀਆਂ ਨੂੰ ਹੋਰ ਅਮੀਰ ਬਣਾਉਣ 'ਤੇ ਲੱਗੀ ਹੋਈ ਹੈ।

ਇਹਨਾਂ ਦੀ ਚਾਹ ਦੇ ਸਵਾਦ ਨੂੰ ਖੱਟਾ ਕਰਨ ਵਾਲੀਆਂ ਤਾਂ ਹੋਰ ਬਹੁਤ ਕਹਾਣੀਆਂ ਅਤੇ ਮਿਸਾਲਾਂ ਹਨ ਪਰ ਜਿਸ ਇਕ ਹੀ ਘਟਨਾ ਨੇ ਇਸ ਸਰਕਾਰ ਦੇ ਸਾਰੇ ਗਰੀਬ ਹਿਤੈਸ਼ੀ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ ਉਹ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਖੋਜ ਵਿਦਿਆਰਥੀ ਰੋਹਿਤ ਵੇਮੁਲਾ ਦੀ ਦਰਦਨਾਕ ਮੌਤ ਸੀ। ਜਿਸ ਦੀ ਮੌਤ ਦੇ ਹੋਰ ਕੋਈ ਨਹੀਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅੱਪਾ ਰਾਓ, ਯੂਨੀਵਰਸਿਟੀ ਦੇ ਹਿੰਦੂ ਵਿਦਿਆਥੀ ਸੰਗਠਨ, ਇਲਾਕੇ ਦੇ ਐਮ. ਪੀ. ਬਣੇ ਕੇਂਦਰੀ ਮੰਤਰੀ ਬੰਡਾਰੂ ਦੱਤਾਤ੍ਰੇ ਅਤੇ ਇਹਨਾਂ ਸਭ ਦੇ ਸਿਰ 'ਤੇ ਬੈਠੀ ਕੇਂਦਰੀ ਸਿੱਖਿਆ ਮੰਤਰੀ ਸਿਮ੍ਰਤੀ ਇਰਾਨੀ ਹੀ ਜ਼ਿੰਮੇਵਾਰ ਹਨ। ਕਿਸ ਤਰ੍ਹਾਂ ਇਹਨਾਂ ਸਭ ਦੇ ਮਿਲੇ ਜੁਲੇ ਛੜਯੰਤਰ ਨੇ ਇਕ ਹੋਣਹਾਰ ਦਲਿਤ ਵਿਦਿਆਰਥੀ ਨੂੰ ਮਾਲੀ ਅਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਕੇ ਖੁਦਕੁਸ਼ੀ ਕਰਨ 'ਤੇ ਮਜਬੂਰ ਕੀਤਾ। ਉਸ ਦੇ ਵੇਰਵੇ ਅਤੇ ਸੱਚਾਈ ਵੱਖ-ਵੱਖਲ ਮੰਚਾਂ, ਪਾਰਲੀਮੈਂਟ, ਮੀਡਆ ਅਤੇ ਅਖਬਾਰਾਂ ਤੇ ਹੋਈ ਹੰਗਾਮੇਦਾਰ ਚਰਚਾ ਦੌਰਾਨ ਸਾਹਮਣੇ ਆ ਚੁੱਕੇ ਹਨ। ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ ਮੰਤਰੀ ਸਿਮ੍ਰਤੀ ਇਰਾਨੀ ਨੇ ਪਾਰਲੀਮੈਂਟ ਅਤੇ ਪ੍ਰੈਸ ਰਾਹੀਂ ਝੂਠ ਤੇ ਝੂਠ ਬੋਲਿਆ। ਕਿਹਾ ਕਿ ਉਹ ਯਾਨਿ ਵੇਮੁਲਾ ਦਲਿਤ ਜਾਤੀ ਦਾ ਹੀ ਨਹੀਂ ਸੀ, ਜਿ ਦਾ ਜਵਾਬ ਜਨਤਾ ਦੇ 23 ਫਰਵਰੀ ਨੂੰ ਅੰਬੇਡਕਰ ਭਵਨ ਤੋਂ ਜੰਤਰ ਮੰਤਰ ਤੱਕ ਹੋਏ ਜ਼ਬਰਦਸਤ ਰੋਸ ਮੁਜ਼ਾਹਰੇ ਨੇ ਦੇ ਦਿੱਤਾ, ਜਿਸ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਅੰਬੇਡਕਰੀ ਅਤੇ ਹੋਰ ਪਾਰਟੀਆਂ ਦੇ ਲੱਖਾਂ ਲੋਕ ਸ਼ਾਮਲ ਹੋਏ। ਯੂਨੀਵਰਸਿਟੀ ਦੇ ਜਿਸ ਵਿਦਿਆਰਥੀ ਸੰਗਠਨ ਏ. ਐਸ. ਏ. (ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ) ਨਾਲ ਰੋਹਿਤ ਸਬੰਧਤ ਸੀ ਅਤੇ ਉਸ ਦੀ ਅਗਵਾਈ ਕਰ ਰਿਹਾ ਸੀ। ਉਸ ਬਾਰੇ ਮੰਤਰੀ ਬੰਡਾਰੂ ਨੇ ਰਿਪੋਰਟ ਕੀਤੀ ਕਿ ਇਹ ਯੂਨੀਵਰਸਿਟੀ ਰਾਸ਼ਟਰ ਵਿਰੋਧੀ ਅਤੇ ਜਾਤੀਵਾਦੀ ਲੋਕਾਂ ਦਾ ਅੱਡਾ ਹੈ। ਇਸ ਪ੍ਰਕਾਰ ਦੇ ਬੇਹੂਦਾ ਇਲਜ਼ਾਮ ਵੀ ਉਸ ਮਹਾਂਪੁਰਸ਼ ਦੀ ਪੈਰੋਕਾਰ ਸੰਸਥਾ ਦੇ ਖਿਲਾਫ ਲਗਾਏ ਗਏ, ਜਿਸ ਨੇ ਖੁਦ ਹਿੰਦੂ ਸੰਗਠਨਾਂ ਅਤੇ ਉਹਨਾਂ ਦੇ ਸੰਸਥਾਪਕਾਂ ਬਾਰੇ ਆਪਣੇ ਭਾਸ਼ਣਾਂ ਅਤੇ ਲਿਖਤਾਂ ਵਿਚ ਅਨੇਕ ਵਾਰ ਕਿਹਾ ਕਿ 'ਜੇ ਭਾਰਤ ਹਜ਼ਾਰਾਂ ਸਾਲ ਤੱਕ ਗੈਰ ਮੁਲਕੀਆਂ ਦਾ ਗੁਲਾਮ ਰਿਹਾ ਤਾਂ ਉਸ ਦਾ ਇਕੋ ਇਕ ਕਾਰਨ ਹਿੰਦੂ ਧਰਮ, ਉਹਨਾਂ ਦੇ ਧਰਮ ਗ੍ਰੰਥ ਅਤੇ ਚਤਰ ਵਰਨੀ ਸਮਾਜਿਕ ਵਿਵਸਥਾ ਹੀ ਹੈ।' ਇਕ ਪਾਸੇ ਇਹ ਲੋਕ ਉਹਨਾਂ ਦੀ ਮਹਿਮਾ ਵੀ ਕਰਦੇ ਹਨ, ਦੂਜੇ ਪਾਸੇ ਉਹਨਾਂ ਦੀ ਵਿਚਾਰਧਾਰਾ ਅਤੇ ਉਸ ਨਾਲ ਜੁੜੇ ਅੰਦੋਲਨ ਨੂੰ ਹੀ ਰਾਸ਼ਟਰ ਵਿਰੋਧੀ ਕਹਿ ਰਹੇ ਹਨ। ਇਹ ਕਿਸ ਤਰ੍ਹਾਂ ਦਾ ਦੋਗਲਾਪਣ ਹੈ? ਇਸੇ ਦੋਗਲੇਪਣ ਦਾ ਹੋਰ ਨੰਗਾ ਚਿਹਰਾ ਦਿਖਾਉਂਦੇ ਪ੍ਰਸਿੱਧ ਪਦ ਲੇਖਕ ਦਲੀਪ ਪਦਰਾਉਂਕਰ ਆਪਣੇ ਲੇਖ Double speak (ਟਾਇਮਜ਼ ਆਫ ਇੰਡੀਆ 5-3-16) ਵਿਚ ਲਿਖਦੇ ਹਨ: ਹੁਣ ਜਦ ਦੇਸ਼ ਦੀਆਂ ਰਾਜਨੀਤਿਕ ਪਾਰਟੀਆਂ ਵਿਚਕਾਰ ਅੰਬੇਡਕਰ ਸਾਹਿਬ ਦੇ 125ਵੇਂ ਜਨਮ ਉਤਸਵ ਨੂੰ ਮਨਾਉਣ ਨੂੰ ਲੈ ਕੇ ਮੁਕਾਬਲਾਬਾਜ਼ੀ ਸ਼ੁਰੂ ਹੋ ਚੁੱਕੀ ਹੈ ਅਤੇ ਉਹਨਾਂ ਦੀ ਅਸਲ ਵਿਚਾਰਧਾਰਾ ਦੇ ਪੱਖਾਂ ਅਤੇ ਬਿੰਦੂਆਂ ਨੂੰ ਜਿਸ ਰੰਗ ਵਿਚ ਪੇਸ਼ ਕਰ ਰਹੀਆਂ ਹਨ, ਉਹ ਸਿਵਾਏ ਦੋਗਲੇਪਣ ਤੋਂ ਹੋਰ ਕੁਝ ਵੀ ਨਹੀਂ ਹੈ। ਲੱਗਦਾ ਹੈ ਕਿ ਉਹ ਇਤਿਹਾਸ ਨੂੰ ਉੱਕਾ ਹੀ ਭੁੱਲ ਗਏ ਹਨ। ਕਾਂਗਰਸ ਭੁੱਲ ਗਈ ਕਿ ਉਹਨਾਂ ਦੇ ਗਾਂਧੀ ਨਾਲ ਕਿੰਨੇ ਕੜਵਾਹਟ ਅਤੇ ਤਣਾਅ ਭਰੇ ਸਬੰਧ ਸਨ। ਖਾਸ ਕਰਕੇ ਜਦ 1932 ਵਿਚ ਪੂਨਾ ਪੈਕਟ ਦੇ ਸਮਝੌਤਾ ਕਰਨ ਸਮੇਂ ਕਸਮਾਂ ਖਾਣ ਤੋਂ ਬਾਅਦ ਵੀ ਗਾਂਧੀ ਨੇ ਉਹਨਾਂ ਨਾਲ ਧੋਖਾ ਕੀਤਾ। ਅੰਬੇਡਕਰ ਸਾਹਿਬ ਦੇ ਪੰਡਿਤ ਨਹਿਰੂ ਨਾਲ ਵੀ ਹਿੰਦੂ ਕੋਡ ਬਿਲ ਦੇ ਸਵਾਲ ਤੇ ਮਤਭੇਦ ਸਨ। ਬਿਲ ਦੇ ਉਦੇਸ਼ ਬਾਰੇ ਨਹੀਂ ਬਲਕਿ ਬਿਲ ਨੂੰ ਪਾਸ ਕਰਵਾਉਣ ਦੀ ਵਿਧੀ ਬਾਰੇ ਜਿਸ ਤੋਂ ਨਰਾਜ਼ ਹੋ ਕੇ ਡਾ. ਅੰਬੇਡਕਰ ਨੇ ਮੰਤਰੀ ਪਦ ਤੋਂ ਅਸਤੀਫਾ ਵੀ ਦੇ ਦਿੱਤਾ ਸੀ। ਇਸ ਤੋਂ ਬਾਅਦ ਵੀ ਕਾਂਗਰਸ ਨੇ ਕਦੇ ਨਹੀਂ ਮੰਨਿਆ ਕਿ ਅੰਬੇਡਕਰ ਦੇ ਸੰਘਰਸ਼ ਦਾ ਵੀ ਉਹੀ ਨਿਸ਼ਾਨਾ ਸੀ, ਜਿਸ ਨੂੰ ਪ੍ਰਾਪਤ ਕਰਨ ਵਾਸਤੇ ਕਾਂਗਰਸ ਨੇ ਆਪਣਾ ਅੰਦੋਲਨ ਆਰੰਭਿਆ ਸੀ। ਇਸ ਦਾ ਸਬੂਤ ਅੰਬੇਡਕਰ ਦੁਆਰਾ ਸੰਵਿਧਾਨ ਤਿਆਰ ਕਰਨਾ ਹੈ, ਜਿਸ ਵਿਚ ਨਹਿਰੂ ਗਾਂਧੀ ਸਮੇਤ ਸਭ ਕਾਂਗਰਸੀ ਉਹਨਾਂ ਦੇ ਸਾਥੀ ਸਨ।

ਆਰ. ਐਸ. ਐਸ. ਦਾ ਦੋਗਲਾਪਣ ਦੇਖੋ: ਮੋਹਨ ਭਾਗਵਤ ਕਹਿੰਦਾ ਹੈ ਕਿ ਅੰਬੇਡਕਰ ਉਹਨਾਂ ਦੇ ਸੰਘ ਦੀ ਵਿਚਾਰਧਾਰਾ ਨਾਲ ਇਕਮਿਕ ਸਨ ਕਿਉਂਕਿ ਉਹ ਵੀ ਸੰਘ ਦੇ ਸੰਸਥਾਪਕ ਹੈਡਗੁਵਾਰ ਵਾਂਗ ਦੇਸ਼ ਨੂੰ ਆਪਣੇ ਨਾਲੋਂ ਵੱਡਾ ਮੰਨਦੇ ਸਨ, ਲੇਕਿਨ ਅੰਬੇਡਕਰ ਦਾ ਉਹ ਵਿਚਾਰ ਉਹ ਬਿਲਕੁਲ ਭੁੱਲ ਗਏ ਜਦੋਂ ਉਹਨਾਂ ਨੇ ਇਹ ਕਿਹਾ ਸੀ ਕਿ 'ਮੈਂ ਹਿੰਦੂ ਜ਼ਰੂਰ ਪੈਦਾ ਹੋਇਆ ਲੇਕਿਨ ਮੈਂ ਹਿੰਦੂ ਰਹਿ ਕੇ ਮਰਾਂਗਾ ਨਹੀਂ।' ਅਤੇ ਠੀਕ ਆਪਣੇ ਸੰਕਲਪ ਦੇ ਅਨੁਸਾਰ ਮਰਨ ਤੋਂ ਪਹਿਲਾਂ ਉਹਨਾਂ ਨੇ ਬੁੱਧ ਧਰਮ ਅਖਤਿਆਰ ਕਰ ਲਿਆ। ਭਗਵਾ ਪਾਰਟੀ ਇਹ ਗੱਲ ਨੂੰ ਖੂਬ ਉਛਾਲ ਰਹੀ ਹੈ ਕਿ ਉਹ ਈਸਾਈ ਜਾਂ ਮੁਸਲਮਾਨ ਨਹੀਂ ਬਣੇ ਪਰ ਇਹ ਵੀ ਉਹਨਾਂ ਲਈ ਸ਼ਰਮ ਦੀ ਗੱਲ ਹੈ ਕਿ ਉਹ ਹਿੰਦੂ ਵੀ ਨਹੀਂ ਰਹੇ ਬਲਕਿ ਬੋਧੀ ਬਣ ਗਏ। ਸੰਘ ਪ੍ਰਮੁੱਖ ਲਈ ਇਹ ਚੰਗਾ ਹੁੰਦਾ ਜੇ ਉਸ ਨੇ ਉਹਨਾ ਦਾ ਇਹ ਬਿਆਨ ਵੀ ਪੜ੍ਹ ਲਿਆ ਹੁੰਦਾ ਕਿ 'ਜੇ ਹਿੰਦੂ ਰਾਜ ਸੱਚ ਮੁੱਚ ਸਾਕਾਰ ਹੋ ਜਾਂਦਾ ਹੈ ਤਾਂ ਇਹ ਦੇਸ਼ ਦੀ ਬਹੁਤ ਵੱਡੀ ਬਦਕਿਸਮਤੀ ਹੋਵੇਗੀ ਕਿਉਂਕਿ ਹਿੰਦੂ ਧਰਮ ਦਾ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਸਿਧਾਂਤ ਵਿਚ ਵਿਸ਼ਵਾਸ ਹੀ ਨਹੀਂ ਹੈ। ਇਸ ਨੂੰ ਹਰ ਕੀਮਤ ਤੇ ਰੋਕਣਾ ਜ਼ਰੂਰੀ ਹੈ। ਮੋਦੀ ਅੰਬੇਡਕਰ ਦਾ ਗੁਣਗਾਣ ਕਰਦੇ ਕਹਿੰਦੇ ਹਨ ਕਿ ਜੇ ਬਾਬਾ ਸਾਹਿਬ ਅੰਬੇਡਕਰ ਨਾ ਹੁੰਦੇ ਤਾਂ ਅੱਜ ਮੋਦੀ ਵੀ ਪ੍ਰਧਾਨ ਮੰਤਰੀ ਬਣਿਆ ਨਾ ਹੁੰਦਾ ਪਰ ਉਹ ਇਹ ਵੀ ਭੁੱਲ ਰਹੇ ਹਨ ਕਿ ਆਜ਼ਾਦ ਭਾਰਤ ਦੇ ਪਹਿਲੇ ਇਲੈਕਸ਼ਨਾਂ (1952) ਤੋਂ ਪਹਿਲਾਂ ਹਿੰਦੂ ਕੋਡ ਬਿਲ ਦੇ ਖਿਲਾਫ ਕੁਰੱਖਤ ਅਤੇ ਜ਼ੋਰਦਾਰ ਹੱਲਾ ਗੁੱਲਾ ਮਚਾਉਣ ਵਾਲਾ ਵੀ ਇਸ ਦਾ ਸਿੱਖਿਆ ਗੁਰੂ ਆਰ. ਐਸ. ਐਸ. ਹੀ ਸੀ, ਜਿਸ ਨੇ ਇਕੱਲੇ ਦਿੱਲੀ ਸ਼ਹਿਰ ਵਿਚ 90 ਤੋਂ ਵੱਧ ਮੁਜ਼ਾਹਰੇ ਕੀਤੇ ਅਤੇ ਉਹਨਾਂ ਵਿਚ ਨਹਿਰੂ ਦੇ ਨਾਲ ਨਾਲ ਅੰਬੇਡਕਰ ਦੇ ਪੁਤਲੇ ਜਲਾਏ। ਮੋਦੀ ਨੇ ਪਹਿਲੀ ਵਾਰ ਨਹੀਂ 6 ਦਸੰਬਰ 2013 ਨੂੰ ਵੀ ਆਪਣੇ ਬਲਾਗ ਵਿਚ ਬਾਬਾ ਸਾਹਿਬ ਦੀ ਪ੍ਰਸੰਸਾ ਕਰਦੇ ਲਿਖਿਆ ਸੀ ਕਿ ਉਹਨਾਂ ਨੇ ਸੰਵਿਧਾਨ ਦੁਆਰਾ ਜੋ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਪ੍ਰਦਾਨ ਕੀਤੀ ਹੈ, ਉਹ ਬਹੁਤ ਹੀ ਪ੍ਰਸ਼ੰਸਾਯੋਗ ਹੈ ਪਰ ਸੱਤਾਧਾਰੀ ਸ਼ਾਸਕ ਲੋਕ ਇੰਨੇ ਬੇਦਰਦ ਹੋ ਗਏ ਹਨ ਕਿ ਉਹ ਵਿਰੋਧੀ ਆਵਾਜ਼ ਦਾ ਗਲਾ ਘੁੱਟਣ ਵਿਚ ਭੋਰਾ ਵੀ ਸ਼ਰਮ ਨਹੀਂ ਕਰਦੇ। ਹੁਣ ਜਦ ਰੋਹਿਤ ਵੇਮੁਲਾ ਅਤੇ ਉਸ ਦੇ ਬਾਅਦ ਕਨ੍ਹਈਆ ਕੁਮਾਰ ਦੇ ਖਿਲਾਫ ਸੰਘ ਪਰਿਵਾਰ ਦੇ ਨੇਤਾਵਾਂ ਵੱਲੋਂ ਨਫਰਤ ਭਰੇ ਜ਼ਹਿਰੀਲੇ ਭਾਸ਼ਣਾਂ ਦੇ ਨਾਲ ਨਾਲ ਦੁਰਵਿਹਾਰ ਕੀਤਾ ਗਿਆ। ਮੋਦੀ ਜੀ ਆਪਣੇ ਬਲਾਗ ਨੂੰ ਯਾਦ ਕਰਕੇ ਕਿਹੜੇ ਮੂੰਹ ਨਾਲ ਅੰਬੇਡਕਰ ਨੂੰ ਸਫਾਈ ਦੇ ਸਕਦੇ ਹਨ? ਅੰਬੇਡਕਰ ਤਾਂ ਮੋਦੀ ਅਤੇ ਉਸ ਦੀ ਸਰਕਾਰ ਦੇ ਦੋਗਲੇਪਣ ਨੂੰ ਦੇਖ ਕੇ ਬੁੱਧ ਵਾਂਗ ਹੈਰਾਨੀ ਅਤੇ ਪੀੜਾ ਨੂੰ ਲੁਕਾਉਂਦੇ ਹੋਏ ਮੁਸਕਰਾਅ ਹੀ ਸਕਦੇ ਹਨ।"

ਰੋਹਿਮ ਵੇਮੁਲਾ ਦੀ ਮੌਤ ਦੇ ਪਿੱਛੇ ਰਚੇ ਗਏ ਛੜਯੰਤਰ ਦੇ ਨਾਲ ਨਾਲ ਇਸ ਹਿੰਦੂਤਵ ਬ੍ਰਿਗੇਡ ਦੀ ਦਲਿਤ ਵਿਰੋਧੀ ਮਾਨਸਿਕਤਾ ਦੇ ਪੂਰੀ ਤਰ੍ਹਾਂ ਨੰਗਾ ਹੋ ਜਾਣ ਉਪਰੰਤ ਜੋ ਉਸ ਦੀ ਕਿਰਕਿਰੀ ਅਤੇ ਅਸਹਿ ਬਦਨਾਮੀ ਹੋਈ ਉਸ ਤੋਂ ਉਭਰਨ ਲਈ ਉਹਨਾਂ ਨੂੰ ਕਿਸੇ ਨਵੇਂ ਮੁੱਦੇ (ਸ਼ੋਸ਼ੇ) ਦੀ ਲੋੜ ਸੀ ਜੋ ਉਸ ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ. ਐਨ. ਯੂ.) ਵਿਚ 9 ਫਰਵਰੀ ਨੂੰ ਹੋਏ ਵਿਦਿਆਰਥੀ ਯੂਨੀਅਨ ਦੇ ਸੰਮੇਲਨ ਤੋਂ ਮਿਲ ਗਿਆ। ਇਸ ਸਭਿਆਚਾਰਕ ਸਮਾਗਮ ਵਿਚ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਉਤੇ ਹੋਈ ਚਰਚਾ ਦੇ ਨਾਲ ਨਾਲ ਕੁਝ ਲੋਕਾਂ ਨੇ ਦੇਸ਼ ਵਿਰੋਧੀ ਅਤੇ ਕਸ਼ਮੀਰ ਆਜ਼ਾਦੀ ਦੇ ਵੀ ਨਾਅਰੇ ਲਗਾ ਦਿੱਤੇ। ਇਹ ਇਤਰਾਜ਼ ਯੋਗ ਨਾਅਰੇ ਕਿਹਨਾਂ ਲੋਕਾਂ ਨੇ ਲਗਾਏ ਉਹ ਮੂੰਹ ਢੱਕ ਕੇ ਕਿਵੇਂ ਆਏ ਅਤੇ ਕਿੱਧਰ ਭੱਜ ਗਏ, ਕਿੱਥੇ ਅਲੋਪ ਹੋ ਗਏ। ਇਹਨਾਂ ਸਭ ਗੱਲਾਂ ਨੂੰ ਛੱਡ ਕੇ ਰੌਲਾ ਪੈਣ ਤੇ ਪੁਲਿਸ ਦੇ ਜਿਹੜਾ ਹੱਥ ਆਇਆ, ਉਸ ਨੂੰ ਫੜ ਲਿਆ ਤੇ ਬਿਨਾਂ ਮੁੱਢਲੀ ਜਾਂਚ ਪੜਤਾਲ ਕੀਤੇ ਉਹਨਾਂ 'ਤੇ ਦੇਸ਼ ਧਰੋਹ ਜਿਹੇ ਸੰਗੀਨ ਇਲਜ਼ਾਮਾਂ ਦੇ ਕੇਸ ਦਰਜ ਕਰ ਦਿੱਤੇ ਯਾਨਿ ਗ੍ਰਿਫਤਾਰੀ ਪਹਿਲਾਂ ਸਬੂਤ ਬਾਅਦ। ਇੱਥੋਂ ਤੱਕ ਕਿ ਪੁਲਿਸ ਕਮਿਸ਼ਨਰ ਨੂੰ ਕਹਿਣਾ ਪਿਆ ਕਿ ਉਸ ਦੇ ਕੋਲ ਮੁੱਖ ਮੁਲਜ਼ਿਮ (ਦੋਸ਼ੀ) ਕਨ੍ਹਈਆ ਕੁਮਾਰ ਦੇ ਖਿਲਾਫ ਕੋਈ ਸਬੂਤ ਨਹੀਂ ਸੀ ਅਤੇ ਬਾਅਦ ਵਿਚ ਪੂਰੀ ਪੁਲਿਸ ਤਫਤੀਸ਼ ਪਿੱਛੋਂ 23 ਫਰਵਰੀ ਨੂੰ ਅਦਾਲਤ ਨੇ ਉਸ ਨੂੰ ਜ਼ਮਾਨਤ ਤੇ ਛੱਡ ਵੀ ਦਿੱਤਾ। ਕਨ੍ਹਈਆ ਨੂੰ ਅਦਾਲਤ ਵਿਚ ਪੇਸ਼ ਕਰਦੇ ਸਮੇਂ ਜਿਸ ਤਰ੍ਹਾਂ ਵਕੀਲਾਂ ਸਣੇ ਵਕੀਲਾਂ ਦੀ ਵਰਦੀ ਵਿਚ ਕੁਝ ਗੁੰਡਿਆਂ ਨੇ ਕੁੱਟਿਆ ਮਾਰਿਆ ਅਤੇ ਅਸ਼ਲੀਲ ਅਪਮਾਨਜਨਕ ਗਾਲੀਆਂ ਦਾ ਨਿਸ਼ਾਨਾ ਬਣਾਇਆ, ਉਹ ਅਸਹਿਣਸ਼ੀਲਤਾ ਅਤੇ ਗੁੰਡਾਗਰਦੀ ਦੀ ਬਿਹਤਰੀਨ ਮਿਸਾਲ ਹੈ।

ਪੈਰਾਂ ਥੱਲਿਉਂ ਜ਼ਮੀਨ ਜਾਂਦੀ ਦੇਖ ਇਸ ਬ੍ਰਿਗੇਡ ਨੇ ਆਪਣੇ ਵਿਰੋਧੀਆਂ ਦਾ ਮੁਕਾਬਲਾ ਕਰਨ ਅਤੇ ਉਹਨਾਂ ਨੂੰ ਸਬਕ ਸਿਖਾਉਣ ਲਈ ਜਿਸ ਹਥਿਆਰ ਨੂੰ ਆਖਰੀ ਪੈਂਤੜੇ ਵਜੋਂ ਹੱਥ ਵਿਚ ਲਿਆ ਹੈ, ਉਹ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦਾ ਹਥਿਆਰ ਹੈ, ਯਾਨਿ ਜਿਹੜਾ ਵੀ ਕੋਈ ਵਿਅਕਤੀ, ਨੇਤਾ, ਸੰਗਠਨ, ਸੰਘ ਦੀਆਂ ਖਿੱਚੀਆਂ ਲਕੀਰਾਂ ਤੋਂ ਬਾਹਰ ਹੋ ਕੇ ਕੋਈ ਗੱਲ ਕਰਦਾ ਹੈ ਜਾਂ ਉਸ ਦਾ ਵਿਰੋਧ ਕਰਦਾ ਹੈ, ਉਹ ਸਿੱਧਾ ਰਾਸ਼ਟਰ ਵਿਰੋਧੀ ਹੈ- ਦੇਸ਼ ਧ੍ਰੋਹੀ ਹੈ। ਇਸ ਮਿੱਥੇ ਹੋਏ ਮਕਸਦ ਦੀ ਪੂਰਤੀ ਲਈ ਵਿਰੋਧੀਆਂ ਨੂੰ ਰਾਸ਼ਟਰ-ਵਿਰੋਧੀ ਸਾਬਤ ਕਰਨ ਲਈ ਜੋ ਵੀ ਝੂਠ ਬੋਲਣਾ ਪਏ, ਤੋੜਿਆ ਮਰੋੜਿਆ ਬਿਆਨ ਪੇਸ਼ ਕਰਨਾ ਪਵੇ ਜਾਂ ਫਰਜ਼ੀ ਅਤੇ ਕੱਟਿਆ ਵੱਢਿਆ ਮਿਲਾਵਟੀ ਫੋਟੋ/ ਵੀਡੀਓ ਦਾ ਸਹਾਰਾ ਲੈਣਾ ਪਵੇ, ਉਸ ਤੋਂ ਪ੍ਰਹੇਜ਼ ਨਹੀਂ ਕੀਤਾ ਜਾਂਦਾ, ਜਿਸ ਤਰ੍ਹਾਂ 2013 ਵਿਚ ਉਤਰ ਪ੍ਰਦੇਸ਼ ਦੇ ਮੁਜ਼ੱਫਰ ਨਗਰ ਵਿਚ ਦੰਗਾ ਭੜਕਾਉਣ ਤੋਂ ਪਹਿਲਾਂ ਕੁਝ ਭਾਜਪਾ ਨੇਤਾਵਾਂ ਨੇ ਇਕ ਫਰਜ਼ੀ ਵੀਡੀਓ ਦਿਖਾਇਆ ਜਾਂ ਯੂ. ਪੀ. ਦੇ ਹੀ ਦਾਦਰੀ ਵਿਚ ਮੁਸਲਮਾਨ ਅਖਲਾਕ ਨੂੰ ਗਊ ਮਾਸ ਦੀ ਅਫਵਾਹ ਉਡਾ ਕੇ ਉਸ ਨੂੰ ਜਾਨੋਂ ਮਾਰ ਦਿੱਤਾ ਅਤੇ ਹੁਣ ਕਨ੍ਹਈਆ ਕੁਮਾਰ ਨੂੰ ਫਰਜ਼ੀ ਵੀਡੀਓ ਵਿਚ ਦੇਸ਼ ਵਿਰੋਧੀ ਨਾਅਰੇ ਲਗਾਉਂਦਾ ਦਿਖਾ ਕੇ ਉਸ ਨੂੰ ਦੇਸ਼ ਧਰੋਹ ਦੇ ਕੇਸ ਵਿਚ ਫਸਾ ਦਿੱਤਾ। ਆਪਣਾ ਹੱਕ ਮੰਗਣ ਵਾਲੇ ਜਾਂ ਜ਼ਿਆਦਤੀਆਂ ਅਤੇ ਬੇਇਨਸਾਫੀਆਂ ਵਿਰੁੱਧ ਆਵਾਜ਼ ਉਚੀ ਕਰਨ ਵਾਲੇ ਲੋਕਾਂ ਖਿਲਾਫ ਇਸ ਖਤਰਨਾਕ ਮੁਹਿੰਮ ਦਾ ਅੰਤ ਪਤਾ ਨਹੀਂ ਕੀ ਹੋਵੇਗਾ ਪਰ ਇਹ ਕਹਿਣਾ ਪਵੇਗਾ ਕਿ ਇਹ ਸਮੁੱਚੇ ਤੌਰ ਤੇ ਦੇਸ਼ ਦੀ ਏਕਤਾ, ਅਖੰਡਤਾ, ਸ਼ਾਂਤੀ ਅਤੇ ਖੁਸ਼ਹਾਲੀ ਦੇ ਹਿੱਤ ਵਿਚ ਹਰਗਿਜ਼ ਨਹੀਂ; ਟ੍ਰਿਬਿਊਨ ਦੇ ਬੇਬਾਕ ਐਡੀਟਰ (ਹਰੀਸ਼ ਖਰੇ) ਨੇ ਰੋਹਿਤ, ਕਨ੍ਹਈਆ, ਖਾਲਿਦ ਦੀ ਇਕ ਪੁਰਾਣੀ ਫਿਲਮ 'ਅਮਰ ਅਕਬਰ ਐਨਥੋਨੀ' ਦੇ ਬਹਾਦਰ ਨਾਇਕਾਂ ਨਾਲ ਤੁਲਨਾ ਕਰਦੇ ਹੋਏ ਉਹਨਾਂ ਨੂੰ ਥਾਪੀ ਦਿੱਤੀ ਹੈ ਅਤੇ ਕਿਹਾ 'ਕੀ ਤੁਸੀਂ ਕਿਸੇ ਮੁੱਦੇ ਤੇ ਸਵਾਲ ਕਰਨਾ ਚਾਹੁੰਦੇ ਹੋ? ਕਿਉਂ ਨਹੀਂ। ਕੀ ਅਸਹਿਮਤੀ ਤੋਂ ਬਾਅਦ ਝਗੜਾ ਕਰੋਗੇ? ਹਾਂ ਜ਼ਰੂਰ ਕਰੋ, ਸ਼ਾਬਾਸ਼, ਵਿਰੋਧਤਾ ਚਲਦੀ ਰੱਖ!' ਆਰ. ਐਸ. ਐਸ. ਦੀ ਇਕ ਇਸਲਾਮਿਕ ਸੰਗਠਨ ਨਾਲ ਤੁਲਨਾ ਕੀਤੇ ਜਾਣ ਦੇ ਸਬੰਧ ਵਿਚ ਟਾਇਮਜ਼ ਆਫ ਇੰਡੀਆ (16 ਮਾਰਚ) ਟਿੱਪਣੀ ਕਰਦਾ ਹੈ: ਆਰ. ਐਸ. ਐਸ. ਨੂੰ ਕਿਸੇ ਵੀ ਮੁੱਦੇ ਤੇ ਆਪਣੀ ਆਜ਼ਾਦ ਰਾਏ ਜ਼ਾਹਿਰ ਕਰਨ ਦਾ ਪੂਰਾ ਅਧਿਕਾਰ ਹੈ ਜਿਸ ਦੀ ਸੰਵਿਧਾਨ ਨੇ ਗਰੰਟੀ ਦਿੱਤੀ ਹੋਈ ਹੈ। ਬਸ਼ਰਤੇ ਕਿ ਉਹ ਕਿਸੇ ਪ੍ਰਕਾਰ ਦੀ ਹਿੰਸਾ ਝਗੜਾ ਫਸਾਦ ਪੈਦਾ ਨਾ ਕਰੇ। ਲੇਕਿਨ ਸਮੱਸਿਆ ਉਸ ਸਮੇਂ ਪੈਦਾ ਹੁੰਦੀ ਹੈ ਜਦ ਆਰ. ਐਸ. ਐਸ. ਸੰਵਿਧਾਨ ਤੋਂ ਉਤੋਂ ਦੀ ਹੋ ਕੇ ਸਰਕਾਰੀ ਮਾਮਲਿਆਂ ਵਿਚ ਦਖਲ ਦਿੰਦਾ ਹੈ ਜਾਂ ਉਹ ਖੁਦ ਸਰਕਾਰੀ ਕੰਮ ਕਰਨ ਲੱਗ ਪੈਂਦਾ ਹੈ ਅਤੇ ਮੰਤਰੀਆਂ ਨੂੰ ਇਸ ਦੇ ਅੱਗੇ ਮਨਜ਼ੂਰੀ ਲਈ ਆਪਣੇ ਕੰਮਾਂ ਦਾ ਹਿਸਾਬ ਕਿਤਾਬ ਪੇਸ਼ ਕਰਨਾ ਪੈਂਦਾ ਹੈ। ਮੋਦੀ ਸਰਕਾਰ ਦਾ ਵੀ ਯੂ. ਪੀ. ਏ. ਸਰਕਾਰ ਵਾਲਾ ਹਾਲ ਹੋ ਸਕਦਾ ਹੈ ਜੇ ਉਸ ਦੀ ਨਕੇਲ ਸੰਘ ਦੇ ਹੱਥ ਵਿਚ ਰਹੀ। ਇਸ ਪ੍ਰਕਾਰ ਦੀ ਰਾਏ ਅਤੇ ਟਿੱਪਣੀਆਂ ਬੁੱਧੀਜੀਵੀ, ਲੇਖਕਾਂ, ਪੱਤਰਕਾਰਾਂ ਦੇ ਛਪੇ ਲੇਖਾਂ ਅਤੇ ਟੀ. ਵੀ. ਪ੍ਰਸਾਰਣਾਂ ਤੇ ਆਮ ਦੇਖੀਆਂ ਜਾ ਸਕਦੀਆਂ ਹਨ ਪਰ ਤਾਕਤ ਦੇ ਨਸ਼ੇ ਵਿਚ ਚੂਰ ਇਹ ਲੋਕ ਕਿਉਂ ਧਿਆਨ ਦੇਣ!! ਫੋਕੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਾ ਕੇ ਆਪਣੇ ਸਿਰ ਤੇ ਰਾਸ਼ਟਰਵਾਦਿਤਾ ਦਾ ਸਿਹਰਾ ਲਟਕਾਉਣ ਵਾਲੇ ਦੇਸ਼ ਭਗਤਾਂ ਨੂੰ ਰਾਸ਼ਟਰਵਾਦਿਤਾ ਦਾ ਸਹੀ ਅਰਥ ਅਤੇ ਸਹੀ ਮਹੱਤਤਾ ਜਾਨਣ ਲਈ ਬਾਬਾ ਸਾਹਿਬ ਅੰਬੇਡਕਰ ਦੇ ਉਸ ਭਾਸ਼ਣ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ ਜੋ ਉਹਨਾਂ ਨੇ ਸੰਵਿਧਾਨ ਸਭਾ ਦੇ ਅਖੀਰਲੇ ਸੈਸ਼ਨ (ਅਜਲਾਸ) ਵਿਚ 25 ਨਵੰਬਰ 1949 ਨੂੰ ਦਿੱਤਾ ਸੀ। ਜਿਸ ਵਿਚ ਉਹਨਾਂ ਨੇ ਕਿਹਾ ਸੀ: ਮੇਰੇ ਵਿਚਾਰ ਵਿਚ ਸਾਡਾ ਇਹ ਵਿਸ਼ਵਾਸ ਕਰਨਾ ਕਿ ਅਸੀਂ ਇਕ ਰਾਸ਼ਟਰ ਹਾਂ ਆਪਣੇ ਆਪ ਨੂੰ ਇਕ ਬਹੁਤ ਬੜਾ ਧੋਖਾ ਦੇਣਾ ਹੋਵੇਗਾ। ਹਜ਼ਾਰਾਂ ਜਾਤਾਂ ਵਿਚ ਵੰਡੇ ਹੋਏ ਲੋਕ ਇਕ ਰਾਸ਼ਟਰ ਕਿਵੇਂ ਹੋ ਸਕਦੇ ਹਨ? ਜਿੰਨੀ ਜਲਦੀ ਅਸੀਂ ਇਹ ਸਮਝ ਲਵਾਂਗੇ ਕਿ ਅਸੀਂ ਹਾਲੇ ਇਕ ਰਾਸ਼ਟਰ ਨਹੀਂ ਹਾਂ, ਉਨਾ ਹੀ ਸਾਡੇ ਲਈ ਅੱਛਾ ਹੋਵੇਗਾ ਕਿਉਂਕਿ ਤਦ ਹੀ ਸਾਨੂੰ ਇਹ ਸਮਝ ਆ ਸਕੇਗੀ ਕਿ ਸਾਡੇ ਲਈ ਇਕ ਰਾਸ਼ਟਰ ਬਣਨਾ ਕਿੰਨਾ ਜ਼ਰੂਰੀ ਹੈ ਅਤੇ ਤਦ ਹੀ ਅਸੀਂ ਇਸ ਨਿਸ਼ਾਨੇ ਤੱਕ ਪਹੁੰਚਣ ਲਈ ਜ਼ਰੂਰੀ ਸਾਧਨ ਅਤੇ ਵਸੀਲੇ ਇਕੱਤਰ ਕਰਨ ਬਾਰੇ ਗੰਭੀਰਤਾ ਨਾਲ ਸੋਚ ਸਕਾਂਗੇ। ਇਸ ਨਿਸ਼ਾਨੇ ਨੂੰ ਪ੍ਰਾਪਤ ਕਰਨਾ ਸਾਡੇ ਲਈ ਬਹੁਤ ਮੁਸ਼ਕਿਲ ਹੋਵੇਗਾ ਕਿਉਂਕਿ ਭਾਰਤ ਵਿਚ ਜਾਤਾਂ ਦਾ ਹੋਣਾ ਇਸ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਇਹ ਜਾਤਾਂ ਨਿਸ਼ਚੇ ਹੀ ਰਾਸ਼ਟਰ ਵਿਰੋਧੀ ਹਨ। ਪਹਿਲੇ ਨੰਬਰ ਤੇ ਇਸ ਲਈ ਕਿ ਇਹਨਾਂ ਦੇ ਕਾਰਨ ਸਮਾਜਿਕ ਜੀਵਨ ਵਿਚ ਫੁੱਟ, ਅਲਗਾਵਵਾਦ, ਵੱਖਰਾਪਣ ਪੈਦਾ ਹੁੰਦਾ ਹੈ। ਦੂਜੇ ਇਹਨਾਂ ਦੇ ਕਾਰਨ ਜਾਤਾਂ ਜਾਤਾਂ ਦਰਮਿਆਨ ਈਰਖਾ ਅਤੇ ਨਫਰਤ ਪੈਦਾ ਹੁੰਦੀ ਹੈ। ਇਸ ਲਈ ਜੇ ਅਸੀਂ ਸੱਚਮੁਚ ਇਕ ਰਾਸ਼ਟਰ (ਕੌਮ) ਬਣਨਾ ਲੋਚਦੇ ਹਾਂ ਸਾਨੂੰ ਇਸ ਰੁਕਾਵਟ ਨੂੰ ਦੂਰ ਕਰਨਾ ਹੋਵੇਗਾ ਕਿਉਂਕਿ ਭਰਾਤਰੀ ਭਾਵ ਤੋਂ ਬਿਨਾਂ ਸਮਾਨਤਾ ਅਤੇ ਸਤੰਤਰਤਾ ਦੀ ਹੋਂਦ ਪੇਂਟ ਦੀ ਲੇਪ ਤੋਂ ਵੱਧ ਗਹਿਰੀ ਨਹੀਂ ਹੋ ਸਕਦੀ।

ਇਹ ਵਿਚਾਰ ਬਾਬਾ ਸਾਹਿਬ ਨੇ ਕਿਸੇ ਦਲਿਤ ਸੰਮੇਲਨ ਦੇ ਮੰਚ ਤੋਂ ਨਹੀਂ ਬਲਕਿ ਦੇਸ਼ ਦੀ ਸਰਵਉਚ ਸਭਾ ਵਿਚ ਦੂਰਦਰਸ਼ੀ ਸੰਵਿਧਾਨ ਨਿਰਮਾਤਾ ਦੀ ਹੈਸੀਅਤ ਵਿਚ ਦੇਸ਼ ਦੇ ਸਾਹਮਣੇ ਰੱਖੇ ਸਨ, ਜਿਹਨਾਂ ਦੀ ਯਾਦ ਹਾਲੇ ਤੱਕ ਕੋਨੇ ਕੋਨੇ ਵਿਚ ਗੂੰਜ ਰਹੀ ਹੈ। ਭਾਰਤ ਦੇ ਵਿਸ਼ੇਸ਼ ਸਮਾਜਿਕ ਢਾਂਚੇ ਵਿਚ ਰਾਸ਼ਟਰਵਾਦ ਦੀ ਸਹੀ ਤਸਵੀਰ ਅਤੇ ਸਹੀ ਵਿਆਖਿਆ ਹੋਰ ਕੋਈ ਹੋ ਨਹੀਂ ਸਕਦੀ। ਮੋਦੀ ਸਰਕਾਰ ਦੇ ਮੂੰਹ-ਫੱਟ ਮੰਤਰੀਆਂ ਨੂੰ ਰਾਸ਼ਟਰਵਾਦ/ਦੇਸ਼ ਭਗਤੀ ਦੀਆਂ ਫੜ੍ਹਾਂ ਮਾਰਨ ਲੱਗਿਆਂ ਆਪਣਾ ਮੂੰਹ ਇਸ ਆਈਨੇ (ਸ਼ੀਸ਼ੇ) ਵਿਚ ਜ਼ਰੂਰ ਦੇਖ ਲੈਣਾ ਚਾਹੀਦਾ ਹੈ ਕਿ ਉਹਨਾਂ ਦੇ ਲੰਪਟਬੋਲ ਆਮ ਜਨਤਾ ਦੀ ਅਮਨ ਸ਼ਾਂਤੀ ਨੂੰ ਕਿਸ ਤਰ੍ਹਾ ਲਹੂ ਲੁਹਾਣ ਕਰ ਰਹੇ ਹਨ। ਇਸ ਵਿਚ ਦੋ ਮੱਤ ਨਹੀਂ ਕਿ ਹਿੰਦੂਤਵੀ ਬ੍ਰਿਗੇਡ (ਆਰ. ਐਸ. ਐਸ.) ਦੀ ਕਮਾਨ ਹੇਠ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਆਦਿ ਆਦਿ) ਦੇ ਪ੍ਰੇਰਨਾ ਦਾਤਾ ਗੁਰੂ ਗੋਲਵਾਲਕਰ ਅਤੇ ਵੀ. ਡੀ. ਸਾਵਰਕਰ ਹੀ ਹਨ। ਗੋਲਵਾਲਕਰ ਨੇ ਹੀ ਕਿਹਾ ਸੀ ਕਿ ਗੈਰ ਹਿੰਦੂਆਂ ਨੂੰ ਭਾਰਤ ਵਿਚ ਰਹਿਣ ਦਾ ਕੋਈ ਅਧਿਕਾਰ ਨਹੀਂ ਅਤੇ ਨਾ ਹੀ ਉਹਨਾਂ ਨੂੰ ਨਾਗਰਿਕਤਾ ਦੇ ਅਧਿਕਾਰ ਮਿਲ ਸਕਦੇ ਹਨ। ਇਸੇ ਤਰ੍ਹਾਂ ਸਾਵਰਕਰ ਨੇ 1945 ਵਿਚ ਕਿਹਾ ਸੀ ਕਿ ਇਹ ਇਕ ਇਤਿਹਾਸਕ ਸਚਾਈ ਹੈ ਕਿ ਹਿੰਦੂ ਅਤੇ ਮੁਸਲਮਾਨ ਦੋ ਅਲੱਗ ਕੌਮਾਂ (ਰਾਸ਼ਟਰ) ਹਨ।

ਦੇਸ਼ ਦੀ ਇਹ ਬਦਕਿਸਮਤੀ ਹੈ ਕਿ ਹਿੰਦੂ ਕੱਟੜ ਤਬਕਾ ਨਾ ਮਨੂ ਮਾਨਸਿਕਤਾ ਤੋਂ ਆਜ਼ਾਦ ਹੋ ਸਕਿਆ ਹੈ ਅਤੇ ਨਾ ਵਰਤਮਾਨ ਯੁੱਗ ਵਿਚ ਵਿਦੇਸ਼ੀਆਂ ਦੀ ਗੁਲਾਮੀ ਤੋਂ ਆਜ਼ਾਦ ਹੋਣ ਤੋਂ ਬਾਅਦ ਵੀ ਕੋਈ ਸਬਕ ਸਿੱਖ ਸਕਿਆ ਹੈ। ਘੱਟ ਹੋਣ ਦੀ ਬਜਾਏ ਨਫਰਤ ਅਤੇ ਦੁਸ਼ਮਣੀ ਦੀ ਇਹ ਖਾਈ ਹੋਰ ਵਧੇਰੇ ਡੂੰਘੀ ਹੋ ਰਹੀ ਹੈ। ਭਾਰਤ ਨੂੰ ਮਾਤਾ ਦਾ ਸਰੂਪ ਦੇ ਕੇ ਉਸ ਦੀ ਜੈ ਜੈ ਕਰਨ ਵਿਚ ਕੋਈ ਬੁਰਾਈ ਨਹੀਂ ਹੈ, ਲੇਕਿਨ ਇਸ ਦੇ ਨਾਲ ਨਾਲ ਜੇ ਕੋਈ ਆਪਣੇ ਦੇਸ਼ ਪ੍ਰੇਮ ਨੂੰ ਜ਼ਾਹਿਰ ਕਰਨ ਲਈ 'ਹਿੰਦੋਸਤਾਨ ਜ਼ਿੰਦਾਬਾਦ', ਜੈ ਹਿੰਦ ਜਾਂ ਜੈ ਭਾਰਤ ਦਾ ਨਾਅਰਾ ਲਗਾਉਣ ਵਿਚ ਖੁਸ਼ ਹੈ ਤਾਂ ਉਸ ਲਈ ਉਹ ਬੰਦਾ ਰਾਸ਼ਟਰ ਵਿਰੋਧੀ ਜਾਂ ਦੇਸ਼ ਧਰੋਹੀ ਕਿਵੇਂ ਬਣ ਗਿਆ? ਸਪਸ਼ਟ ਹੈ ਕਿ ਇਸ ਪ੍ਰਕਾਰ ਦੀ ਮਾਨਸਿਕਤਾ ਅਤੇ ਰਾਜਨੀਤੀ ਰਾਸ਼ਟਰਵਾਦ ਜਾਂ ਰਾਸ਼ਟਰ ਭਗਤੀ ਨਹੀਂ ਇਕ ਰਾਸ਼ਟਰ ਦੁਸ਼ਮਣੀ ਹੈ।

# ਬੇਗਮਪੁਰੇ ਦਾ ਸੁਪਨਸਾਜ਼- ਇਨਕਲਾਬੀ ਗੁਰੂ ਰਵਿਦਾਸ ਜੀ

ਇਤਿਹਾਸ ਦੇ ਸਫ਼ੇ ਵਾਚਣ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਆਰੀਅਨ ਦੇ ਆਉਣ ਤੋਂ ਪਹਿਲਾਂ ਇੱਥੋਂ ਦੀ ਸਭਿਅਤਾ ਦੁਨੀਆਂ ਵਿਚੋਂ ਇਕ ਨੰਬਰ ਦੀ ਅਦੁੱਤੀ ਸਭਿਅਤਾ ਸੀ। ਪਰ ਆਰੀਅਨ ਨੇ ਆ ਕੇ ਆਪਣੀ ਕੂਟਨੀਤੀ ਨਾਲ ਇਸਨੂੰ ਖੇਰੂੰ-ਖੇਰੂੰ ਕਰ ਦਿੱਤਾ ਤੇ ਇੱਥੋਂ ਦੇ ਰਸਦੇ-ਵਸਦੇ ਮੂਲ ਨਿਵਾਸੀਆਂ ਨੂੰ ਅਰਸ਼ੋਂ ਫਰਸ਼ ਤੇ ਲਿਆ ਸੁੱਟਿਆ। ਉਸ ਚੋਟੀ ਦੀ ਸਭਿਅਤਾ ਦੀ ਥਾਂ ਅਜਿਹੀ ਭੈੜੀ ਤੇ ਊਣੀ ਸਭਿਅਤਾ ਸਿਰਜੀ ਕਿ ਆਦਮੀ ਨੂੰ ਆਦਮੀ ਤੋਂ ਹੀ ਪਾੜ ਦਿੱਤਾ। ਊਚ-ਨੀਚ, ਜਾਤ-ਪਾਤ, ਛੋਟੇ-ਵੱਡੇ ਦਾ ਪਾੜਾ ਪਾ ਕੇ ਉਸ ਪੁਰਾਣੀ ਸਭਿਅਤਾ ਨੂੰ ਲੀਰੋ ਲੀਰ ਕਰ ਦਿੱਤਾ। ਨਵੀਂ ਸਥਾਪਤ ਕੀਤੀ ਸਭਿਅਤਾ ਦੀ ਸਭ ਤੋਂ ਵੱਡੀ ਕਲੰਕਿਤ ਦੇਣ ਸੀ ਜਾਤ ਪਾਤ, ਊਚ-ਨੀਚ ਤੇ ਛੂਤ-ਅਛੂਤ ਜੋ ਪਹਿਲਾਂ ਵਰਣਾਂ ਦੇ ਰੂਪ ਵਿਚ ਸੀ ਤੇ ਫਿਰ ਹੌਲੀ ਹੌਲੀ ਜਾਤਾਂ ਵਿਚ ਵਟ ਗਈ।

ਇਸ ਨਵੇਂ ਢਾਂਚੇ ਵਿਚ ਸਭ ਤੋਂ ਮਾੜੀ ਭਿਆਨਕ ਹਾਲਤ ਭਾਰਤ ਦੇ ਅਸਲੀ ਵਾਰਸਾਂ ਦੀ ਸੀ, ਜਿਨ੍ਹਾਂ ਨੂੰ ਚੌਥੇ ਸ਼ੂਦਰ ਵਰਣ ਵਿਚ ਰੱਖ ਕੇ ਸਭ ਤੋਂ ਔਖੇ, ਗੰਦੇ ਤੇ ਸਖ਼ਤ ਮਿਹਨਤ ਮੰਗਦੇ ਕੰਮ ਸੌਂਪ ਦਿੱਤੇ, ਜਿਨ੍ਹਾਂ ਵਿਚ ਕੋਈ ਆਰਾਮ ਨਹੀਂ ਸੀ, ਸੌਖ ਨਹੀਂ ਸੀ, ਅਧਿਕਾਰ ਨਹੀਂ ਸੀ, ਸਹੂਲਤ ਨਹੀਂ ਸੀ। ਦੂਜੇ ਪਾਸੇ ਸਾਰੇ ਅਧਿਕਾਰ ਆਰੀਅਨਾਂ ਨੇ ਪਹਿਲੇ ਤਿੰਨ ਵਰਣਾਂ ਕੋਲ ਸੁਰੱਖਿਅਤ ਰੱਖ ਲਏ।

ਇੱਜ਼ਤ ਮਾਣ ਵਾਲੇ ਤੇ ਆਸਾਨ ਕੰਮ, ਹਕੂਮਤ ਚਲਾਉਣ ਵਾਲੀ ਤਾਕਤ, ਸਾਰੇ ਸਾਧਨਾਂ ਤੇ ਕਬਜ਼ਾ ਕਰਕੇ ਚੌਥੇ ਵਰਣ ਨੂੰ ਮਰਜ਼ੀ ਅਨੁਸਾਰ ਵਰਤਣ ਦਾ ਹੱਕ ਪ੍ਰਾਪਤ ਕਰ ਲਏ। ਫਿਰ ਕੀ ਸੀ ਇਕ ਰਾਜ ਆਇਆ, ਇਕ ਗਿਆ, ਸਦੀਆਂ ਆਈਆਂ ਤੁਰ ਗਈਆਂ, ਵਕਤ ਬਦਲਦੇ ਗਏ, ਮੌਸਮਾਂ ਬਦਲਦੀਆਂ ਗਈਆਂ, ਰੱਬ ਬਦਲਦੇ ਗਏ, ਧਰਮ ਬਦਲਦੇ ਗਏ, ਦੇਸ਼ ਦੀਆਂ ਸਰਹੱਦਾਂ ਬਦਲਦੀਆਂ ਗਈਆਂ, ਜਰਵਾਣੇ ਆਉਂਦੇ ਗਏ, ਤੁਰਦੇ ਗਏ ਪਰ ਇਨ੍ਹਾਂ ਵਕਤ ਦੇ ਮਾਰੇ ਮੂਲ ਨਿਵਾਸੀਆਂ ਦੀ ਹਾਲਤ ਕਦੇ ਨਾ ਸੁਧਰੀ। ਕਿਸੇ ਰਾਜੇ ਨੇ ਸਾਰ ਨਾ ਲਈ, ਕਿਸੇ ਧਰਮ ਨੇ ਹੰਝੂ ਨਹੀਂ ਪੂੰਝੇ, ਕਿਸੇ ਰੱਬ ਨੇ ਗਲ਼ ਨਾ ਲਾਇਆ, ਨਾ ਅਸਮਾਨ ਪਾਟਿਆ ਤੇ ਨਾ ਧਰਤੀ ਡੋਲੀ, ਬੱਸ ਇਨ੍ਹਾਂ ਦੇ ਦੁੱਖਾਂ ਦੀ ਕਹਾਣੀ, ਮੁਸੀਬਤਾਂ ਦੀ ਪੰਡ, ਹੋਰ ਵੱਡੀ ਤੋਂ ਵੱਡੀ ਹੁੰਦੀ ਚਲੀ ਗਈ।

ਕਈ ਸੰਤ ਆਏ, ਮਹਾਤਮਾ ਆਏ, ਗੁਰੂ ਆਏ, ਸਮਾਜ ਸੁਧਾਰਕ ਆਏ, ਉਹਨਾਂ ਦੀਆਂ ਸਿੱਖਿਆਵਾਂ ਨਾਲ ਕੁਝ ਚਿਰ ਰਾਹਤ ਮਹਿਸੂਸ ਹੋਈ, ਕੁਝ ਅਦਲਾ ਬਦਲੀ ਹੋਈ, ਨਵਾਂ ਧਰਮ ਮਿਲਿਆ, ਨਵਾਂ ਰਾਹ ਮਿਲਿਆ ਪਰ ਕੁਝ ਸਮੇਂ ਪਿੱਛੋਂ ਫਿਰ ਉਹੀ ਹਾਲ। ਇਹ ਇਸ ਲਈ ਵਾਪਰਦਾ ਰਿਹਾ ਕਿ ਇਹਨਾਂ ਦੀ ਸਦੀਆਂ ਤੋਂ ਵਿਗੜੀ ਹਾਲਤ ਦਾ ਹੱਲ ਧਾਰਮਿਕ ਦੇ ਨਾਲ ਨਾਲ ਸਮਾਜਿਕ ਤੇ ਰਾਜਨੀਤਿਕ ਵੀ ਸੀ। ਰਾਜਨੀਤੀ ਵਿਚ ਦਖਲ ਹੋਣ ਦੇ ਪਰ ਇਹਨਾਂ ਦੇ ਕੱਟ ਦਿੱਤੇ ਹੋਏ ਸਨ। ਪੜ੍ਹਨ ਪੜ੍ਹਾਉਣਾ, ਹਥਿਆਰ ਚੁੱਕਣਾ, ਜਾਇਦਾਦ ਬਣਾਉਣੀ ਸਭ ਕੁਝ ਦੀ ਮਨਾਹੀ ਤਾਂ ਸੀ ਇਨ੍ਹਾਂ ਲਈ।

ਪਰ ਫਿਰ ਵੀ ਕੁਝ ਸੰਤਾਂ ਮਹਾਤਮਾ ਤੇ ਗੁਰੂਆਂ ਦੀ ਸੱਚੀ ਮਿਹਨਤ ਤੇ ਸੱਚੀ ਸਿੱਖਿਆ ਤੇ ਸੱਚੀ ਘਾਲਣਾ ਅਜਾਈਂ ਨਹੀਂ ਗਈ। ਜੋ ਇਹਨਾਂ ਦੇ ਸੀਨਿਆਂ ਵਿਚ ਅਛੋਪਲੇ ਜਿਹੇ ਕੋਈ ਡੂੰਘਾ ਜਿਹਾ ਬੀਜ ਬੀਜਦੀ ਗਈ ਜੋ ਸਮੇਂ-ਸਮੇਂ ਅਨੁਸਾਰ ਵੱਖ-ਵੱਖ ਤਰ੍ਹਾਂ ਉੱਗਦੇ ਰਹੇ ਤੇ ਪਣਪਦੇ ਰਹੇ। ਠੀਕ ਇਸੇ ਤਰ੍ਹਾਂ ਦੇ ਸੰਤ, ਮਹਾਤਮਾ ਤੇ ਗੁਰੂ ਪੰਦਰਵੀਂ ਸਦੀ ਦੇ ਅੱਧ ਵਿਚ ਰਵਿਦਾਸ ਜੀ ਹੋਏ ਜਿਹਨਾਂ ਨੇ 1456 ਸੰਮਤ ਬਿਕਰਮੀ ਵਿਚ ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾਂ ਦੇ ਘਰ ਚਮਾਰ ਮਾਜਰੇ ਵਿਚ ਜਨਮ ਲਿਆ। ਇਹੀ ਉਹ ਬਾਲਕ ਸੀ ਜੋ ਵੱਡਾ ਹੋ ਕੇ ਇਨ੍ਹਾਂ ਦੱਬੇ ਕੁਚਲਿਆਂ ਦੀ ਆਵਾਜ਼ ਬਣਿਆ ਤੇ ਜਿਸਨੇ ਸਥਾਪਤ ਕਦਰਾਂ ਕੀਮਤਾਂ ਤੋੜ ਕੇ ਇਨ-ਕਲਾਬੀ ਵਿਚਾਰਧਾਰਾ ਦਾ ਬੀਜ ਬੀਜਿਆ।

### 1. ਬ੍ਰਾਹਮਣਵਾਦ ਨਾਲ ਟੱਕਰ

ਰਵਿਦਾਸ ਜੀ ਦਾ ਪਰਿਵਾਰ ਮੋਏ ਡੰਗਰਾਂ ਨੂੰ ਸਮੇਟਣ ਦਾ ਅਤੇ ਚਮੜੇ ਦਾ ਕੰਮ ਕਰਦਾ ਸੀ। ਇਹੀ ਪਿਤਾ ਪੁਰਖੀ ਕੰਮ ਉਹ ਆਪ ਵੀ ਕਰਨ ਲੱਗ ਪਏ। ਉਹਨਾਂ ਦੀ ਤੀਖਣ ਬੁੱਧੀ ਨੇ ਜਲਦੀ ਹੀ ਤਾੜ ਲਿਆ ਕਿ ਸਮਾਜ ਵਿਚ ਇੰਨੀ ਅਸਮਾਨਤਾ ਕਿਉਂ ਹੈ? ਉਹਨਾਂ ਨੇ ਵੇਖਿਆ ਕਿ ਇਕ ਪਾਸੇ ਅਜਿਹੇ ਲੋਕ ਹਨ ਜੋ ਭੁੱਖੇ ਰਹਿ ਕੇ ਵੀ ਇੰਨੇ ਗੰਦੇ ਤੇ ਹੱਡ ਭੰ-ਨਵੇਂ ਕੰਮ ਕਰਨ ਲਈ ਮਜਬੂਰ ਹਨ ਤੇ ਦੂਜੇ ਪਾਸੇ ਉਹ ਲੋਕ ਵੀ ਹਨ ਜੋ ਹਰ ਪਾਸਿਉਂ ਸੁਖ ਤੇ ਆਰਾਮ ਵਿਚ ਹਨ ਤੇ ਕੋਈ ਕੰਮ ਵੀ ਨਹੀਂ ਕਰਦੇ।

ਉਹ ਆਪਣੀ ਲਗਾਤਾਰ ਸੋਚ ਤੇ ਵਿਚਾਰ-ਵਟਾਂਦਰੇ ਤੋਂ ਬਾਅਦ ਇਸ ਸਿੱਟੇ ਤੇ ਪਹੁੰਚੇ ਕਿ ਇਸ ਅਸਮਾਨਤਾ ਦੀ ਜੜ੍ਹ ਬ੍ਰਾਹਮਣਵਾਦ ਹੈ। ਇਸ ਲਈ ਉਹਨਾਂ ਦੀ ਪਹਿਲੀ ਟੱਕਰ ਹੀ ਇਸ ਵਿਚਾਰਧਾਰਾ ਦੀ ਜਨਮਦਾਤੀ ਬ੍ਰਾਹਮਣ ਸ਼੍ਰੇਣੀ ਨਾਲ ਹੋਈ। ਸ਼ੂਦਰਾਂ ਨੂੰ ਜੰਝੂ ਪਾਣਾ ਸਖ਼ਤ ਮਨ੍ਹਾ ਸੀ ਪਰ ਗੁਰੂ ਰਵਿਦਾਸ ਨੇ ਜਨੇਊ ਪਹਿਨ ਕੇ ਬਗਾਵਤ ਦੀ ਪਹਿਲੀ ਝੰਡੀ ਖੜ੍ਹੀ ਕਰ ਦਿੱਤੀ।

ਫਿਰ ਕੀ ਸੀ ਸਮਾਜ ਦੇ ਠੇਕੇਦਾਰ ਪੰਡਤ ਤੜਫ ਉਠੇ, ਹਾਹਾਕਾਰ ਮੱਚ ਗਈ ਕਿ ਇਕ ਚਮਾਰ ਨੇ ਜਨੇਊ ਧਾਰਨ ਕੀਤਾ ਹੈ। ਪਰ ਰਵਿਦਾਸ ਜੀ ਨੇ ਤਾਂ ਇਹ ਸਭ ਕੁਝ ਗਿਆਨ ਪ੍ਰਾਪਤੀ ਤੋਂ ਬਾਅਦ ਜਾਣ-ਬੁੱਝ ਕੇ ਹੀ ਕਦਮ ਉਠਾਇਆ ਸੀ। ਇਸ ਲਈ ਜਿਸ ਕਿਸੇ ਨੇ ਵੀ ਇਸ 'ਤੇ ਕਿੰਤੂ ਪ੍ਰੰਤੂ ਕੀਤਾ। ਗੁਰੂ ਜੀ ਨੇ ਠੋਕਵਾਂ ਉਤਰ ਦੇ ਕੇ ਨਿਰਉੱਤਰ ਕਰ ਦਿੱਤਾ। ਕਈਆਂ ਨੇ ਮੂੰਹ ਦੀ ਖਾਧੀ, ਕਈ ਮੈਦਾਨੋਂ ਭੱਜੇ ਤੇ ਕਈ ਅਖੀਰ ਚਰਨਾਂ ਵਿਚ ਢਹਿ ਗਏ। ਜਦੋਂ ਕਈ ਪੰਡਤ ਹਾਰ ਖਾ ਕੇ ਉਲਟੇ ਰਵਿਦਾਸ ਜੀ ਦੇ ਹੀ ਚੇਲੇ ਬਣਨ ਲੱਗ ਪਏ ਤਾਂ ਪੰਡਤ ਸ਼੍ਰੇਣੀ ਹੋਰ ਵੀ ਅੱਗ ਭਬੂਕਾ ਹੋ ਗਈ। ਪ੍ਰਾਗਰਾਜ ਮੇਲੇ ਉਤੇ ਵੇਦਾਂ ਪੁਰਾਣਾਂ ਦੇ ਸ਼੍ਰੋਮਣੀ ਮਾਹਿਰ 27 ਬ੍ਰਾਹਮਣ ਰਵਿਦਾਸ ਜੀ ਨੂੰ ਜਿੱਤਣ ਲਈ ਆਏ ਪਰ ਮੂੰਹ ਦੀ ਖਾਧੀ ਤੇ ਰਵਿਦਾਸ ਜੀ ਦੇ ਚੇਲੇ ਬਣ ਕੇ ਰਹਿ ਗਏ।

ਇਸ ਨਾਲ ਕਾਂਸ਼ੀ ਦੇ ਬ੍ਰਾਹਮਣ ਈਰਖਾ ਵਿਚ ਬਲ ਉਠੇ ਤੇ ਚੀਕਣ ਲੱਗੇ ਕਿ 'ਹੇ ਭਗਵਾਨ ਰੱਖਿਆ ਕਰੋ, ਜਦ ਸਾਡੇ ਭਰਾ ਵਿਦਿਆ ਤੇ ਜਾਤ ਵਿਚ ਸ਼੍ਰੋਮਣੀ ਮੰਨੇ ਦੰਨੇ ਹੋਏ ਸਿਰਕੱਢ ਟੋਲਿਆਂ ਦੇ ਟੋਲੇ ਚਮਾਰ ਦੇ ਸਿੱਖ ਬਣਨ ਲੱਗ ਪਏ ਤਾਂ ਹੋਰਨਾਂ ਦਾ ਕੀ ਠਿਕਾਣਾ?' ਹੁਣ ਜਦ ਚਮਾਰ ਦੀਖਿਆ ਦੇਣ ਲੱਗ ਪਏ ਤਾਂ ਸਾਡੇ ਬਚਣ ਦੀ ਕੋਈ ਰਾਹ ਨਹੀਂ।' ਉਹਨਾਂ ਨੇ ਸਿਰਮੌਰ ਬ੍ਰਾਹਮਣ ਗੁਰੂ ਰਵਿਦਾਸ ਜੀ ਕੋਲ ਭੇਜੇ ਤਾਂ ਜੋ ਉਸਨੂੰ ਮੈਦਾਨੋਂ ਭਜਾਇਆ ਜਾਵੇ।

ਉਹ ਕਹਿਣ ਲੱਗੇ ਕਿ ਤੂੰ ਤਾਂ ਜਾਤ ਤੋਂ ਚਮਾਰ ਹੈਂ ਤੇ ਤੂੰ ਆਪਣੇ ਆਪ ਨੂੰ ਬਾਰ-ਬਾਰ ਚਮਾਰ ਕਹਿੰਦਾ ਵੀ ਹੈ, ਫਿਰ ਤੂੰ ਚਮਾਰਾਂ ਵਾਲੇ ਹੀ ਕੰਮ ਕਿਉਂ ਨਹੀਂ ਕਰਦਾ? ਉਪਦੇਸ਼ ਦੇਣਾ, ਗੁਰਮੰਤਰ ਦੇਣਾ, ਉਚਾਂ ਦਾ ਕੰਮ ਹੈ ਨੀਵਿਆਂ ਦਾ ਨਹੀਂ। ਗੁਰੂ ਜੀ ਕਹਿਣ ਲੱਗੇ ਜਨਮ ਲੈਣ ਨਾਲ ਉਚ ਨੀਚ ਕੰਮਾਂ ਦਾ ਕੋਈ ਸਬੰਧ ਨਹੀਂ। ਚੰਗੇ ਕੰਮ ਕਰਨ ਵਾਲਾ ਚੰਗਾ ਤੇ ਉਚਾ ਤੇ ਮਾੜੇ ਕੰਮ ਕਰਨ ਵਾਲਾ ਮਾੜਾ ਤੇ ਨੀਵਾਂ ਹੁੰਦਾ ਹੈ। ਜਦ ਉਹ ਨਾ ਮੰਨੇ ਤਾਂ ਗੁਰੂ ਜੀ ਨੇ ਠੋਸ ਦ੍ਰਿਸ਼ਟਾਂਤ ਦਿੱਤੇ:-

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ।
ਸੰਤ ਜਨ ਕਰਤ ਨਹੀਂ ਪਾਨੰ।।



ਫ਼ਤਿਹਜੰਗ ਸਿੰਘ
91-98726-70278

ਗੰਗਾਜਲ (ਸੁਰਸਰੀ) ਕਿੰਨਾ ਪਵਿੱਤਰ ਮੰਨਿਆ ਜਾਂਦਾ ਹੈ ਪਰ ਜੇ ਇਸਦੀ ਸ਼ਰਾਬ (ਬਾਰੁਨੀ) ਬਣਾ (ਕ੍ਰਿਤ) ਦਿੱਤੀ ਜਾਵੇ ਤਾਂ ਉਹ ਅਪਵਿੱਤਰ ਹੋ ਜਾਂਦਾ ਹੈ ਤੇ ਕੋਈ ਸੰਤ ਜਨ ਉਸਨੂੰ ਮੂੰਹ ਤੱਕ ਨਹੀਂ ਲਾਵੇਗਾ। ਇਸ ਤਰ੍ਹਾਂ ਇਹ ਉੱਚੀ ਤੇ ਪਵਿੱਤਰ ਚੀਜ਼ ਅਪਵਿੱਤਰ ਕੰਮ ਕਰਕੇ ਅਪਵਿੱਤਰ ਹੋ ਗਈ। ਇਸੇ ਤਰ੍ਹਾਂ ਹੀ ਕੋਈ ਨੀਵੀਂ ਤੇ ਮਾੜੀ ਚੀਜ਼ ਪਵਿੱਤਰ ਕੰਮ ਕਰਕੇ ਉੱਚੀ ਵੀ ਹੋ ਸਕਦੀ ਹੈ:-

ਤਰ ਤਾਰਿ ਅਪਵਿਤਰ ਕਰ ਮਾਨੀਐ ਰੇ।
ਜੈਸੇ ਕਾਗਰ ਕਰਤ ਬੀਚਾਰੰ।
ਭਗਿਤ ਭਾਗਉਤ ਲਿਖੀਐ ਤਿਹ ਉਪਰੈ।
ਪੂਜੀਏ ਕਰ ਨਮਸਕਾਰੰ।।

ਤਾੜ (ਤਾਰਿ) ਦਾ ਦਰਖ਼ਤ (ਤਰ) ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਪਰ ਜਦੋਂ ਉਸਦਾ ਕਾਗ਼ਜ਼ (ਕਾਗਰ) ਬਣ ਜਾਵੇ ਅਤੇ ਉਸ 'ਤੇ ਬਾਣੀ ਲਿਖ ਦਿੱਤੀ ਜਾਵੇ ਤਾਂ ਉਹੀ ਕਾਗ਼ਜ਼ ਪੂਜਣਯੋਗ ਬਣ ਜਾਂਦਾ ਹੈ ਤੇ ਲੋਕੀਂ ਉਸਨੂੰ ਨਮਸਕਾਰ ਕਰਦੇ ਹਨ। ਅਖੀਰ ਰਵਿਦਾਸ ਜੀ ਨੇ ਆਪਣੀ ਮਿਸਾਲ ਦੇ ਕੇ ਵੀ ਗੱਲ ਸਪਸ਼ਟ ਕੀਤੀ ਕਿ :-

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ।
ਆਚਾਰ ਸਹਿਤ, ਬਿਪ੍ਰ ਕਰਹਿ ਡੰਡਉਤਿ।
ਤਿਨਿ ਤਨੈ ਰਵਿਦਾਸ ਦਾਸਾਨ ਦਾਸਾ।

ਮੇਰੇ ਪਰਿਵਾਰ (ਕੁਟੰਬ) ਦੇ ਚਮਾਰ (ਢੇਢ) ਸਭ ਬਨਾਰਸ ਦੇ ਆਸ ਪਾਸ ਮਰੇ ਪਸ਼ੂ (ਢੋਰ) ਢੋਂਦੇ ਹਨ। ਪਰ ਮੇਰੇ ਚੰਗੇ ਵਿਹਾਰ (ਆਚਾਰ) ਕਾਰਨ (ਸਹਿਤ) ਅੱਜ ਵੇਦਪਾਠ ਦੇ ਗਿਆਤਾ ਪੰਡਤ (ਬਿਪਰ) ਮੈਨੂੰ ਦਾਸਾਂ ਦੇ ਦਾਸ ਨੂੰ ਨਮਸਕਾਰ (ਡੰਡਉਤਿ) ਕਰ ਰਹੇ ਹਨ। ਸੋ ਇਸ ਲਈ ਕੋਈ ਜਨਮ ਤੋਂ ਉਚ-ਨੀਚ ਨਹੀਂ ਹੁੰਦਾ ਸਗੋਂ ਕੰਮਾਂ ਤੋਂ ਵਿਹਾਰਾਂ ਤੋਂ ਹੁੰਦਾ ਹੈ:-

ਰਵਿਦਾਸ ਜਨਮ ਕੇ ਕਾਰਨ ਹੋਤ ਨਹੀਂ ਕੋਈ ਨੀਚ।
ਨਰ ਕੋ ਨੀਚ ਕਹੈ ਡਾਰ, ਇਹ ਹੋਛੇ ਕਰਮ ਕੀ ਰੀਤ।

### 2. ਪਾਖੰਡਾਂ ਵਿਰੁਧ ਆਵਾਜ਼

ਬ੍ਰਾਹਮਣ ਹੁਣ ਗੁਰੂ ਜੀ ਤੋਂ ਘਬਰਾਉਣ ਲੱਗ ਪਏ ਸਨ। ਉਹ ਗਿਆਨ ਦੇ ਮੈਦਾਨ ਵਿਚ ਗੁਰੂ ਜੀ ਤੋਂ ਮਾਰ ਖਾ ਗਏ ਸਨ। ਗੁਰੂ ਜੀ ਹੁਣ ਦੂਰ ਦੂਰ ਜਾ ਕੇ ਲੋਕਾਂ ਨੂੰ ਉਪਦੇਸ਼ ਦੇ ਕੇ ਸਹੀ ਰਾਹ ਪਾਉਣ ਲੱਗ ਪਏ। ਬ੍ਰਾਹਮਣ ਸ਼੍ਰੇਣੀ ਨੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਹਿਮਾਂ ਭਰਮਾਂ ਵਿਚ ਫਸਾ ਕੇ ਆਪਣੇ ਕਾਬੂ ਕੀਤਾ ਹੋਇਆ ਸੀ। ਗੁਰੂ ਜੀ ਨੇ ਇਹਨਾਂ ਵਹਿਮਾਂ ਦੀਆਂ ਇਕ ਇਕ ਕਰਕੇ ਰੱਸੀਆਂ ਕੱਟਣੀਆਂ ਸ਼ੁਰੂ ਕੀਤੀਆਂ। ਉਹਨਾਂ ਨੇ ਬੁੱਤ ਪੂਜਾ, ਠਾਕਰ ਪੂਜਾ ਨੂੰ ਫਜ਼ੂਲ ਦੱਸਦਿਆਂ ਕਿਹਾ ਕਿ ਜੋ ਕੁਝ ਇਸ ਦੁਨੀਆਂ ਵਿਚ ਦ੍ਰਿਸ਼ਟੀਗੋਚਰ ਹੈ ਇਹ ਸਭ ਨਾਸ਼ਵਾਨ ਹੈ, ਫਿਰ ਇਸਦੀ ਪੂਜਾ ਕਿਉਂ?

ਜੋ ਦੀਸੈ ਸੋ ਹੋਇ ਬਿਨਾਸਾ।

ਬੈਰਾਗੀ ਮੱਤ ਦੇ ਸੁਰੇਸ਼ਾ ਨੰਦ ਇਸ ਪ੍ਰਚਾਰ ਤੋਂ ਤੜਫ ਉਠੇ। ਗੁਰੂ ਜੀ ਨਾਲ ਬਹਿਸ ਕੀਤੀ ਪਰ ਜਿੱਤ ਨਹੀਂ ਸਕਿਆ। ਇਸੇ ਤਰ੍ਹਾਂ ਇਕ ਵਾਰੀ ਜਦੋਂ ਗੁਰੂ ਜੀ ਲੋਕਾਂ ਦੇ ਇਕੱਠ ਵਿਚ ਬੁੱਤ ਪੂਜਾ ਦੇ ਖ਼ਿਲਾਫ਼ ਉਪਦੇਸ਼ ਦੇ ਰਹੇ ਸਨ ਤਾਂ ਸੰਤ ਰਾਮਾਨੰਦ ਜੋ ਸਮੱਗਰੀ (ਦੁੱਧ, ਫੁੱਲ, ਜਲ) ਲੈ ਕੇ ਠਾਕੁਰ ਪੂਜਣ ਜਾ ਰਿਹਾ ਸੀ, ਉਹਨਾਂ ਨਾਲ ਕ੍ਰੋਧ ਵਿਚ ਆ ਕੇ ਬਹਿਸ ਕਰਨ ਲੱਗ ਪਿਆ। ਗੁਰੂ ਜੀ ਨੇ ਨਿਮਰਤਾ ਨਾਲ ਕਿਹਾ ਕਿ ਭਗਤ ਜੀ ਤੁਸੀਂ ਤਾਂ ਠਾਕੁਰਾਂ ਨੂੰ ਨੁਹਾ ਧੁਆ ਕੇ ਪਵਿੱਤਰ ਕਰਕੇ ਪੂਜਾ ਕਰਨ ਜਾ ਰਹੇ ਹੋ ਪਰ ਕੀ ਤੁਹਾਨੂੰ ਪਤਾ ਹੈ:-

ਦੂਧ ਤ ਬਛਰੈ ਥਨਹੁ ਬਿਟਾਰਿਓ।
ਫੂਲ ਭਵਰਿ ਜਲ ਮੀਨ ਬਿਗਾਰਿਓ।

ਜੋ ਰੱਬ ਤੂੰ ਲੈ ਕੇ ਜਾ ਰਿਹਾ ਹੈ, ਇਹ ਥਣਾਂ ਵਿਚ ਹੀ ਬਛੜੇ ਨੇ ਜੂਠਾ ਕਰਕੇ ਬਿਗਾੜ (ਬਿਟਾਰਿਓ) ਦਿੱਤਾ ਸੀ, ਫੁੱਲ ਭੌਰੇ (ਭਵਰਿ) ਨੇ ਅਤੇ ਜਲ ਮੱਛੀ (ਮੀਨ) ਨੇ ਖਰਾਬ ਕਰ ਦਿੱਤਾ ਸੀ, ਫਿਰ ਤੂੰ ਕਿਸ ਪਵਿੱਤਰ ਚੀਜ਼ ਨਾਲ ਠਾਕੁਰਾਂ ਨੂੰ ਪਵਿੱਤਰ ਕਰੇਂਗਾ? ਇਹ ਸੁਣ ਕੇ ਰਾਮਾਨੰਦ ਨੇ ਨੀਵੀਂ ਪਾ ਲਈ।

ਇਸੇ ਤਰ੍ਹਾਂ ਬ੍ਰਹਮਠਾਇ ਕੇ ਪੁਜਾਰੀ ਕ੍ਰਿਸ਼ਨਾ ਨੰਦ ਨੂੰ ਪਾਖੰਡ ਛੱਡ ਕੇ ਦਿਲੋਂ ਸੱਚੀ ਆਰਤੀ ਉਤਾਰਨ ਲਈ ਪ੍ਰੇ-ਰਿਆ। ਹਰੀਦਾਸ ਨੂੰ ਇਕ ਮਨ ਇਕ ਚਿੱਤ ਹੋ ਕੇ ਹਰ ਇਕ ਨੂੰ ਸੱਚਾ ਪਿਆਰ ਕਰਨ ਦਾ ਉਪਦੇਸ਼ ਦਿੱਤਾ। ਗੰਗਾ ਵਿਚ ਇਸ਼ਨਾਨ ਕਰਦੇ ਪੰਡਤਾਂ ਨੂੰ ਗੁਰੂ ਜੀ ਨੇ ਕਿਹਾ:-

ਬਾਹਰ ਉਦਕਿ ਪਖਾਰਿਐ
ਘਟ ਭੀ ਤਰਿ ਬਿਬਿਧ ਬਿਕਾਰ।
ਸੁਧ ਕਵਨ ਪਰ ਹੋਇਬੋ
ਸੁਚ ਕੁੰਚਰ ਬਿਧਿ ਬਿਉਹਾਰ।

ਕਿ ਭਾਈ ਤੂੰ ਆਪਣਾ ਆਪਾ ਬਾਹਰੋਂ ਤਾਂ ਪਾਣੀ (ਉਦਕਿ) ਨਾਲ ਧੋਅ (ਪਖਾਰੀਐ) ਲਿਆ। ਪਰ ਅੰਦਰ ਤੇਰੇ ਪਾਪ ਭਰੇ ਪਏ ਹਨ ਫਿਰ ਤੂੰ ਕਿਵੇਂ ਪਵਿੱਤਰ ਹੋ ਗਿਆ ਤੀਰਥ ਇਸ਼ਨਾਨ ਕਰਕੇ? ਇਹ ਤਾਂ ਹਾਥੀ (ਕੁੰਚਰ) ਵਾਲਾ ਨਾਹੁਣ ਹੋਇਆ।

### 3. ਗਿਆਨ ਨਾਲ ਪਾਖੰਡ ਭੱਜਦੇ ਹਨ

ਗੁਰੂ ਜੀ ਦਾ ਵਿਚਾਰ ਸੀ ਕਿ ਇਹ ਸਭ ਭਰਮ, ਪਾਖੰਡ, ਕਰਮਕਾਂਡ, ਅਗਿਆਨਤਾ ਕਰਕੇ ਹੀ ਹਨ। ਗਿਆਨ ਦੀ ਰੌਸ਼ਨੀ ਵਿਚ ਇਹ ਚਕਨਾਚੂਰ ਹੋ ਜਾਂਦੇ ਹਨ:-

ਗਿਆਨੇ ਕਾਰਨ ਕਰਮ ਅਭਿਆਸ
ਗਿਆਨ ਭਇਆ ਤਹ ਕਰਮਹ ਨਾਸ।

ਗਿਆਨ ਨਾਲ ਹੀ ਕੰਮ ਕਰਨ ਦਾ ਅਭਿਆਸ ਹੁੰਦਾ ਹੈ ਤੇ ਗਿਆਨ ਨਾਲ ਹੀ ਫਿਰ ਫੋਕਟ ਕੰਮਾਂ ਦਾ ਨਾਸ ਹੁੰਦਾ ਹੈ। ਗਿਆਨ ਨਾਲ ਹੀ ਸਿਆਣਪ ਆਉਂਦੀ ਹੈ ਤੇ ਸਿਆਣਪ ਨਾਲ ਕੰਮ ਦੇ ਠੀਕ ਰਸਤੇ ਨਿਕਲ ਆਉਂਦੇ ਹਨ :-

ਘ੍ਰਿਤ ਕਾਰਨ ਦੁਧਿ ਮਥੈ ਸਇਆਨ।
ਜੀਵਨ ਮੁਕਤ ਸਦਾ ਨਿਰਬਾਨ।।

ਘਿਓ (ਘ੍ਰਿਤ) ਪ੍ਰਾਪਤ ਕਰਨ ਲਈ ਸਿਆਣੇ (ਸਇਆਨ) ਲੋਕ ਦਹੀਂ ਨੂੰ ਰਿੜਕਦੇ (ਮਥੈ) ਹਨ ਤਾਂ ਘਿਓ ਪ੍ਰਾਪਤ ਹੁੰਦਾ ਹੈ।

### 4. ਸਮਾਜ ਤੇ ਸਮਾਜਵਾਦ

ਗੁਰੂ ਜੀ ਨੇ ਸਮਾਜ ਨੂੰ ਹਮੇਸ਼ਾਂ ਖੁੱਲ੍ਹੀਆਂ ਅੱਖਾਂ ਨਾਲ ਤੱਕਿਆ। ਸਮਾਜ ਵਿਚ ਵਿਚਰਦਿਆਂ ਜੋ ਕੁਝ ਗਲਤ ਵੇਖਿਆ ਉਸ ਵਿਰੁੱਧ ਆਵਾਜ਼ ਬੁਲੰਦ ਕੀਤੀ। ਰਾਜਿਆਂ ਮਹਾਰਾਜਿਆਂ ਦੀ ਵੀ ਪਰਵਾਹ ਨਹੀਂ ਕੀਤੀ। ਲਖਨਊ ਦੇ ਰਾਜ ਪਾਟਲ ਉਰਫ ਗੋਪਾਲ ਸਿੰਘ ਦੀ ਸਪੁੱਤਰੀ ਤੇ ਉਦੇਪੁਰ ਦੇ ਰਾਣਾ ਕੁੰਭ ਸਿੰਘ ਦੀ ਸਪੁਤਨੀ ਨੇ ਇਕ ਵਾਰੀ ਆਪਣੇ ਹੰਕਾਰ ਵਿਚ ਆ ਕੇ ਆਪਣੇ ਕੀਮਤੀ ਲਿਬਾਸ ਦੇ ਮੁਕਾਬਲੇ ਰਵਿਦਾਸੀਏ ਬਾਣੇ ਨੂੰ ਹੰਕਾਰੀ ਨਜ਼ਰਾਂ ਨਾਲ ਤੱਕਿਆ ਤਾਂ ਗੁਰੂ ਜੀ ਰਹਿ ਨਹੀਂ ਸਕੇ:-

ਤੁਝਹਿ ਸੁਝੰਤਾ ਕਛੂ ਨਾਹਿ
ਪਹਿਰਾਵਾ ਦੇਖੇ ਉਭ ਜਾਇ ...
ਤੂੰ ਕਾਂਇ ਗਰਧਹਿ ਬਾਵਲੀ
ਜੈਸੇ ਭਾਦਉ ਖੂੰਬਰਾ ਜੂ
ਤੂੰ ਤਿਸਤੇ ਖਰੀ ਉਤਾਵਲੀ।

ਤੂੰ ਪਹਿਰਾਵਾ ਵੇਖ ਕੇ ਨਫ਼ਰਤ ਕਰਦੀ ਹੈ ਤੇ ਆਪਣੇ ਸਰੀਰ ਦਾ ਹੰਕਾਰ ਕਰਦੀ ਹੈਂ। ਤੂੰ ਵੀ ਇਕ ਦਿਨ ਭਾਦੋਂ ਵਿਚ ਉੱਗੇ ਖੁੰਭਾਂ (ਖੂੰਬਰਾਂ) ਵਾਂਗੂੰ ਨਸ਼ਟ ਹੋ ਜਾਵੇਂਗੀ।

ਆਪਣੇ ਸਮਾਜ ਵਿਚ ਆਪਣੇ ਲੋਕਾਂ ਦੀ ਦੁਰਦਸ਼ਾ, ਗੁਲਾਮੀ ਅਤੇ ਨਫ਼ਰਤ ਪ੍ਰਤੀ ਉਹਨਾਂ ਨੂੰ ਜਾਗ੍ਰਿਤ ਕਰਨ ਲਈ ਉਹਨਾਂ ਨੇ ਪ੍ਰਾਧੀਨਤਾ ਨੂੰ ਕਸੂਰਵਾਰ ਠਹਿਰਾ ਕੇ ਆਖਿਆ ਕਿ ਇਸ ਹਾਲਤ ਵਿਚ ਜੀਣਾ ਲਾਹਨਤ ਹੈ, ਪਾਪ ਹੈ।

ਪ੍ਰਾਧੀਨਤਾ ਪਾਪ ਹੈ ਜਾਨ ਲੇਹੁ ਰ ਮੀਤ।
ਰਵਿਦਾਸ ਪ੍ਰਾਧੀਨ ਸਉ ਕੌਣ ਕਰੇ ਹੈ ਪ੍ਰੀਤ।

ਕਾਰਲ ਮਾਰਕਸ ਨੂੰ ਮਾਣ ਹੋਵੇਗਾ ਕਿ ਇਕ ਨਵੀਂ ਵਿਚਾਰਧਾਰਾ ਦੇਣ ਦਾ ਜਿਸ ਰਾਹੀਂ ਸਮਾਜਵਾਦ ਜਾਂ ਕਮਿਊਨਿਜ਼ਮ ਦਾ ਪਸਾਰ ਹੋ ਸਕਦਾ ਹੈ ਪਰ ਉਸਨੂੰ ਇਹ ਨਹੀਂ ਪਤਾ ਉਸ ਤੋਂ ਸਦੀਆਂ ਪਹਿਲਾਂ ਇਹ ਵਿਚਾਰ ਗੁਰੂ ਰਵਿਦਾਸ ਵੱਲੋਂ ਬੇਗਮਪੁਰਾ ਦੇ ਰੂਪ ਵਿਚ ਦੇ ਦਿੱਤਾ ਸੀ। ਗੁਰੂ ਜੀ ਨੇ ਉਸ ਵੇਲੇ ਦੇ ਸਮਾਜ ਤੇ ਰਾਜ ਦੀ ਆਲੋਚਨਾ ਕਰਕੇ ਇਕ ਆਦਰਸ਼ ਸਮਾਜ ਦਾ ਖਾਕਾ ਚਿਤਰਿਆ, ਜਿਸ ਨੂੰ ਬੇਗਮਪੁਰਾ (ਬਿਨਾਂ ਗਮ ਤੋਂ) ਦਾ ਨਾਂ ਦੇ ਕੇ ਆਖਦੇ ਹਨ, ਉਸ ਵਿਚ ਕੋਈ ਦੁੱਖ, ਦਰਦ, ਸੰਤਾਪ ਕਿਸੇ ਨੂੰ ਨਹੀਂ ਹੋਵੇਗਾ:-

ਬੇਗਮਪੁਰਾ ਸਹਰ ਕੋ ਨਾਉ।
ਦੂਖ ਅੰਦੋਹ ਨਹੀਂ ਤਿਹਿ ਠਾਉ।

ਅੱਗੇ ਦੱਸਦੇ ਹਨ :-

ਨਾ ਤਸਵੀਸ ਖਿਰਾਜ ਨਾ ਮਾਲੁ
ਖਉਫ ਨਾ ਖਤਾ ਨ ਤਰਸ ਜਵਾਲੁ

ਨਾ ਉਸ ਨਗਰੀ ਵਿਚ ਠਿਕਰ (ਤਸਵੀਸ) ਹੋਵੇਗਾ ਨਾ ਅਸਧਾਬ (ਮਾਲ) ਤੇ ਮਸੂਲ (ਖਿਰਾਜ) ਹੋਵੇਗਾ। ਨਾ ਡਰ (ਖਉਫ) ਹੋਵੇਗਾ, ਨਾ ਕੋਈ ਗਲਤੀ (ਖਤਾ) ਹੋਵੇਗੀ, ਨਾ ਤਰਸਯੋਗ ਹਾਲਤ ਹੋਵੇਗੀ ਤੇ ਨਾ ਹੀ ਕਿਸੇ ਦਾ ਮਾਣ ਸਤਿਕਾਰ ਢਹਿੰਦੀਆਂ (ਜਵਾਲੁ) ਕਲਾਂ ਵਿਚ ਜਾਵੇਗਾ।

ਕਾਇਮ ਦਾਇਮ ਸਦਾ ਪਾਤਸਾਹੀ।
ਦੋਮ ਨ ਸੋਮ ਏਕ ਸੋ ਆਹੀ।

ਉਸ ਨਗਰੀ ਵਿਚ ਰਾਜ ਦਾ ਕੋਈ ਰੌਲਾ ਨਹੀਂ ਹੋਵੇਗਾ। ਹਮੇਸ਼ਾ (ਦਾਇਮ) ਇਕ ਹੀ ਪਾਤਸਾਹੀ ਹੋਵੇਗੀ ਨਾ ਦੂਜੀ (ਦੋਮ) ਹੋਵੇਗੀ, ਨਾ ਤੀਜੀ (ਸੋਮ)

ਅਬਾਦਾਨ ਸਦਾ ਮਸ਼ਹੂਰ
ਊਹਾਂ ਗਨੀ ਬਸਹਿ ਮਾਮੂਰ

ਇਹ ਨਗਰੀ ਇਹੋ ਜਿਹੀ ਆਬਾਦ (ਆਬਾਦਾਨ) ਹੋਵੇਗੀ ਕਿ ਹਮੇਸ਼ਾ ਪ੍ਰਸਿੱਧ ਰਹੇਗੀ। ਇਸ ਵਿਚ ਸਾਰੇ ਲੋਕ ਅਮੀਰ (ਗਨੀ) ਹੋਣਗੇ, ਕੋਈ ਗਰੀਬ ਨਹੀਂ ਹੋਵੇਗਾ। ਅਮੀਰਾਂ ਨਾਲ ਹੀ ਭਰਪੂਰ (ਮਾਮੂਰ) ਹੋਵੇਗੀ।

..........

ਐਸਾ ਢਾਹੂੰ ਰਾਜ ਮੈਂ
ਜਹਾਂ ਮਿਲੇ ਸਭਨ ਕੋ ਅੰਨ।
ਛੋਟੇ ਬੜੇ ਸਭ ਸਮ ਵਸੇ
ਰਹੇ ਰਵਿਦਾਸ ਪ੍ਰਸੰਨ।

ਗੁਰੂ ਜੀ ਆਖਦੇ ਹਨ ਕਿ ਮੈਂ ਅਜਿਹਾ ਰਾਜ ਚਾਹੁੰਦਾ ਹਾਂ, ਜਿੱਥੇ ਸਾਰਿਆਂ ਨੂੰ ਖਾਣ ਨੂੰ ਅੰਨ੍ਹ ਮਿਲੇ ਅਤੇ ਛੋਟੇ ਵੱਡੇ ਸਭ ਬਰਾਬਰਤਾ ਨਾਲ ਵੱਸਣ ਤੇ ਪ੍ਰਸੰਨ ਰਹਿਣ। ਹੋਰ ਇਸ ਤੋਂ ਵੱਧ ਕੇ ਕੀ ਸਮਾਜਵਾਦ ਹੋ ਸਕਦਾ ਹੈ?

### 5. ਵਿਅਕਤੀਗਤ ਗੁਣਾਂ ਦੀ ਵਡਿਆਈ

ਗੁਰੂ ਜੀ ਨੇ ਇਕ ਚੰਗੇ ਸਮਾਜ ਦੀ ਸਿਰਜਣਾ ਦੇ ਨਾਲ ਨਾਲ ਨਿੱਜੀ ਗੁਣਾਂ 'ਤੇ ਵੀ ਜ਼ੋਰ ਦਿੱਤਾ। ਵਿਅਕਤੀਗਤ ਹੀਣ ਭਾਵਨਾ ਕੱਢਣ ਲਈ ਉਹਨਾਂ ਨੇ ਆਪਣੇ ਆਪ ਨੂੰ ਵਾਰ ਵਾਰ ਚਮਾਰ ਲਿਖਿਆ ਪਰ ਇਹ ਹੀਣ ਭਾਵਨਾ ਸਾਨੂੰ ਅੱਜ ਵੀ ਖਾਈ ਜਾਂਦੀ ਹੈ। ਪੈਸੇ ਦੇ ਹੰਕਾਰ ਨੂੰ ਵੀ ਉਹਨਾਂ ਨੇ ਬਹੁਤ ਨਿੰਦਿਆ ਹੈ:-

ਜਬ ਕਛੁ ਪਾਵੇ ਵਧ ਗਰਬ ਕਰਤ ਹੈ।
ਮਾਇਆ ਗਈ ਤਸ ਹੋਵਨ ਲਗਤ ਹੈ।

ਇਸੇ ਤਰ੍ਹਾਂ ਇਕ ਦੂਜੇ ਦੀ ਪੀੜ ਸਮਝਣ ਅਤੇ ਹਮਦਰਦੀ ਵਰਤਣ ਦਾ ਉਪਦੇਸ਼ ਦਿੱਤਾ। ਜਿਸ ਅੰਦਰ ਦਰਦ ਨਹੀਂ ਉਹ ਕਿਸੇ ਦੂਜੇ ਦਾ ਦਰਦ ਸਮਝਣ ਦੇ ਕਾਬਲ ਵੀ ਨਹੀਂ।

ਸੋ ਕਤ ਜਾਨੈ ਪੀਰ ਪਰਾਈ
ਜਾ ਕੇ ਅੰਤਰਿ ਦਰਦ ਨਾ ਪਾਈ।

ਗੁਰੂ ਜੀ ਨੇ ਪਿਆਰ ਨੂੰ ਬੜੀ ਮਹਾਨਤਾ ਦਿੱਤੀ ਪਰ ਸੱਚਾ ਹੋਵੇ ਭਾਵੇਂ ਕਿਸੇ ਚੀਜ਼ ਨਾਲ, ਜਿਵੇਂ ਮਛਲੀ ਤੇ ਪਾਣੀ ਦਾ ਹੁੰਦਾ ਹੈ:-

ਮੀਨ ਪਕਰਿ ਫਾਕਿਓ ਅਰ ਕਾਟਿਓ
ਰਾਂਧਿ ਕੀਓ ਬਹੁ ਬਾਨੀ
ਖੰਡ ਖੰਡ ਕਰ ਭੋਜਨ ਕੀਨੋ
ਤਉ ਨਾ ਬਿਸਰਿਓ ਪਾਨੀ।

ਜਿਵੇਂ ਮੱਛੀ (ਮੀਨ) ਪਕੜ (ਪਕਰਿ) ਕੇ ਉਸਦੇ ਟੁਕੜੇ (ਫਾਂਕਿਓਂ) ਕੱਟ ਲਏ ਜਾਂਦੇ ਹਨ ਫਿਰ ਉਸਨੂੰ ਰਿੰਨ੍ਹ (ਰਾਂਧਿ) ਕੇ ਛੋਟੇ ਛੋਟੇ ਟੁਕੜੇ (ਖੰਡ) ਕਰਕੇ ਖਾ ਲਿਆ ਜਾਂਦਾ ਹੈ ਪਰ ਉਹ ਫਿਰ ਵੀ ਪੇਟ ਅੰਦਰ ਜਾ ਕੇ ਪਾਣੀ ਨਹੀਂ ਭੁੱਲਦੀ, (ਮੱਛੀ ਖਾ ਕੇ ਪਿਆਸ ਬਹੁਤ ਲੱਗਦੀ ਹੈ)।

ਇੰਨੀ ਪ੍ਰਤਿਭਾ ਦੇ ਮਾਲਕ ਸਨ ਗੁਰੂ ਰਵਿਦਾਸ ਜੀ। ਉਨ੍ਹਾਂ ਨੂੰ ਉਹਨਾਂ ਦੇ ਸਹੀ ਰਸਤੇ ਤੋਂ ਰੋਕਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਬ੍ਰਾਹਮਣ ਸ਼੍ਰੇਣੀ ਵੱਲੋਂ ਵਰਤੇ ਗਏ ਪਰ ਉਹ ਅਡੋਲ ਆਪਣੇ ਉਪਦੇਸ਼ ਵਿਚ ਲੱਗੇ ਰਹੇ।

ਅਖੀਰ ਉਹਨਾਂ ਨੂੰ ਕਾਲ ਕੋਠੜੀ ਵਿਚ ਵੀ ਕੈਦ ਕਰਵਾ ਦਿੱਤਾ। ਪਰ ਉਹ ਉਸੇ ਤਰ੍ਹਾਂ ਅਡੋਲ ਨਿਸ਼ਚਿੰਤ ਤੇ ਸ਼ਾਂਤ ਰਹੇ। ਇਹੋ ਜਿਹੇ ਮਹਾਂਪੁਰਸ਼, ਸੰਤ, ਗੁਰੂ, ਭਗਤ ਨੂੰ ਨਾ ਲੋਕੀ ਖਤਮ ਕਰ ਸਕਦੇ ਹਨ, ਨਾ ਵਕਤ ਮਾਰ ਸਕਦਾ ਹੈ, ਸਗੋਂ ਇਹ ਚਿਰਾਂ ਚਿਰਾਂ ਤੱਕ ਅਡੋਲ ਚਾਨਣ ਮੁਨਾਰਾ ਬਣ ਕੇ ਦਿਸ਼ਾ ਦਿੰਦੇ ਰਹਿੰਦੇ ਹਨ।

### 6. ਅਜੋਕੀ ਹਾਲਤ

ਅੱਜ ਉਸ ਮਹਾਨ ਗੁਰੂ ਤੇ ਨਿਡਰ ਯੋਧੇ ਦੇ ਨਾਮ ਲੇਵਿਆਂ ਨੇ ਭਾਵੇਂ ਹਰ ਪਾਸੇ ਤਰੱਕੀ ਕਰ ਲਈ ਹੈ ਪਰ ਉਹਨਾਂ ਵਰਗੀ ਨਿੱਡਰਤਾ, ਦਲੇਰੀ, ਜੁਰਅਤ ਹਾਲੇ ਅਸੀਂ ਪੈਦਾ ਕਰਨੀ ਹੈ। ਅੱਜ ਵੀ ਉਹ ਬ੍ਰਾਹਮਣਵਾਦ ਉਸੇ ਤਰ੍ਹਾਂ ਫਿਰ ਦਨਦਨਾ ਰਿਹਾ ਹੈ, ਜਿਸਨੂੰ ਕਦੇ ਉਸ ਇਕੱਲੇ ਨੇ ਹੀ ਤਰੇਲੀਆਂ ਲਿਆ ਦਿੱਤੀਆਂ ਸਨ।

ਸਦੀਆਂ ਤੋਂ ਲਤਾੜੇ ਉਸ ਅਣਮਨੁੱਖਤਾ ਦੇ ਸ਼ਿਕਾਰ 'ਮਨੁੱਖ' ਦੀ ਹਾਲਤ ਹਾਲੇ ਵੀ ਸੁਧਰੀ ਨਹੀਂ ਸਗੋਂ ਨਿਘਾਰ ਵੱਲ ਜਾ ਰਹੀ ਜਾਪਦੀ ਹੈ। ਇਹੋ ਜਿਹੇ ਮਹਾਨ ਗੁਰੂ ਨਾਲ ਉਦੋਂ ਇਨਸਾਫ ਹੋਵੇਗਾ ਜਦੋਂ ਉਸਦੀ ਸਿੱਖਿਆ ਤੇ ਚੱਲ ਕੇ ਉਸਦਾ ਬੇਗਮਪੁਰਾ ਵਸਾਉਣ ਦਾ ਸੁਪਨਾ ਪੂਰਾ ਕੀਤਾ ਜਾਵੇਗਾ, ਜਦੋਂ ਉਸ ਵਿਚ ਰਹਿਣ ਵਾਲੀਆਂ ਮਾਵਾਂ, ਧੀਆਂ ਭੁੱਖੇ ਢਿੱਡ ਕਾਰਨ ਵਿਕਣਗੀਆਂ ਨਹੀਂ, ਕੋਈ ਜਿੰਦਾ ਨਹੀਂ ਸੜੇਗਾ, ਕੋਈ ਭੁੱਖਾ ਨੰਗਾ ਨਹੀਂ ਰਹੇਗਾ, ਕੋਈ ਨੀਚ ਨਹੀਂ ਰਹੇਗਾ, ਕੋਈ ਉਚ ਨਹੀਂ ਰਹੇਗਾ।

ਉਸਦੇ ਬੇਗਮਪੁਰੇ ਵੱਲ ਨੂੰ ਵਧਾਇਆ ਗਿਆ ਇਕ ਕਦਮ ਵੀ ਉਸਨੂੰ ਸੱਚੀ ਸ਼ਰਧਾਂਜਲੀ ਹੋਵੇਗਾ। ਉਸਦੇ ਜਨਮ ਦਿਨ ਤੇ ਕਸਮਾਂ ਖਾਈਏ ਕਿ ਐ ਗੁਰੂ ਅਸੀਂ ਛ ਸਦੀਆਂ ਲੰਘਾ ਦਿੰਦੀਆਂ ਤੇਰੇ ਬੇਗਮਪੁਰੇ ਦੇ ਸੁਫਨੇ ਨੂੰ ਨਾ ਸਮਝ ਸਕੇ ਪਰ ਅੱਜ ਤੋਂ ਆਪਣਾ ਇਕ ਇਕ ਪਲ ਇਸ ਨਗਰੀ ਨੂੰ ਵਸਾਉਣ ਲਈ ਅਰਪਿਤ ਕਰਾਂਗੇ।

# ਸੰਘਰਸ਼ ਭਰੀ ਸਦੀ ਦਾ ਮਹਾਂ ਨਾਇਕ ਬਾਬਾ ਭਗਤ ਸਿੰਘ ਬਿਲਗਾ



ਪ੍ਰੋ. ਗੋਪਾਲ ਸਿੰਘ ਬੁੱਟਰ
91-99150-05814

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਹਨ। ਇਸੇ ਪਿੰਡ ਵਿੱਚ ਉਹਨਾਂ ਦਾ ਜਨਮ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ (ਪੱਤੀ ਭਲਾਈ) ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ ਭਰਾਵਾਂ 'ਚੋ ਸਭ ਤੋਂ ਛੋਟੇ ਸਨ। ਇਹਨਾਂ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖ਼ਸ਼ ਤੇ ਇਹਨਾਂ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਹੋਏ ਸਨ ਕਿ ਇਹਨਾਂ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਿਵਾਰ 'ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾਂ ਦੀ ਮਾਤਾ ਨੂੰ ਪਰਿਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ, ਪਰ ਫੇਰ ਵੀ ਪੂਰੀ ਨਾ ਪਈ, ਅਖ਼ੀਰ ਘਰ ਘਾਟ ਗਿਰਵੀ ਰੱਖਣਾ ਪਿਆ। ਇਹ ਮਾਲਵੇ ਦੇ ਪਿੰਡ ਅਜੀਤ ਵਾਲ ਆਪਣੀ ਮਾਸੀ ਕੋਲ ਰਹਿ ਕੇ ਨੇੜਲੇ ਪਿੰਡ ਚੂਹੜ ਚੱਕ ਪੜ੍ਹਦੇ ਰਹੇ। ਉੱਥੋਂ ਮਿਡਲ ਕਰਕੇ ਫਿਰ ਲੁਧਿਆਣੇ ਦੇ ਮਾਲਵਾ ਖ਼ਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖ਼ਾਤਿਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।

ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤੱਕ ਦੀ ਲੰਮੀ ਸਰਗਰਮ ਜ਼ਿੰਦਗੀ ਜੀਉ ਕੇ ਗੁਜ਼ਰੇ ਹਨ। ਮੈਨੂੰ ਬਾਬਾ ਜੀ ਦੇ ਨਜ਼ਦੀਕ ਰਹਿਣ ਦਾ 1984 ਤੋਂ ਲੈਕੇ ਉਹਨਾਂ ਦੇ ਆਖ਼ਰੀ ਸਮੇਂ ਤੱਕ ਦਾ ਅਵਸਰ ਮਿਲਿਆ ਹੈ, ਜਿਸ ਸਮੇਂ ਵਿੱਚ 1984 ਤੋਂ ਲੈ ਕੇ (ਜਦੋਂ ਗੁਰਮਿੰਦਰ ਬਿਲਗਾ ਅਤੇ ਪੰਜਾਬੀ ਕਵੀ ਤੇ ਵਿਦਵਾਨ ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਪਹਿਲਕਦਮੀ 'ਤੇ ਉਹਨਾਂ ਨੇ ਮੇਰਾ ਅਤੇ ਕੁਲਵਿੰਦਰ ਦਾ ਰਿਸ਼ਤਾ ਕਰਵਾ ਕੇ ਮੈਨੂੰ ਪੱਕੀ ਤਰ੍ਹਾਂ ਆਪਣੇ ਨਾਲ ਜੋੜ ਲਿਆ), ਉਨ੍ਹਾਂ ਦੇ ਸਦੀਵੀ ਵਿਛੋੜੇ ਤਕ ਮੈਨੂੰ ਉਹਨਾਂ ਦੇ ਵਧੇਰੇ ਨੇੜੇ ਰਹਿਣ ਦੇ ਮੌਕੇ ਮਿਲਦੇ ਰਹੇ। ਮੈਂ ਨੇੜਿਓਂ ਦੇਖਿਆ ਉਹਨਾਂ ਦੇ ਮਨ ਵਿੱਚ ਖ਼ੁਦਗਰਜ਼ੀਆਂ ਵਿੱਚੋਂ ਉਪਜੀਆਂ ਕਮੀਨਗੀਆਂ ਦੇ ਖ਼ਿਲਾਫ਼ ਸ਼ਦੀਦ ਰੋਹ ਸੀ। ਉਹਨਾਂ ਦੀ ਜ਼ਿੰਦਗੀ, ਗ਼ੁਲਾਮੀ, ਨਾ ਬਰਾਬਰੀ, ਬੇਗ਼ਾਨਗੀ ਤੇ ਸ਼ੋਸ਼ਣ ਦੇ ਖ਼ਿਲਾਫ਼ ਵਿਦਰੋਹ ਦਾ ਝੰਡਾ ਬੁਲੰਦ ਰੱਖਦਿਆਂ ਹੀ ਗੁਜ਼ਰੀ ਹੈ। ਉਹਨਾਂ ਦੇ ਮਨ ਵਿੱਚ ਨਿਮਾਣਿਆਂ, ਨਿਤਾਣਿਆਂ, ਹਰ ਲਿਹਾਜ਼ ਨਾਲ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਮਾਸੂਮ ਕਿਰਤੀਆਂ, ਨੇਕ ਇਨਸਾਨਾਂ ਅਤੇ ਅਗਾਂਹ ਵਧੂ ਜੁਝਾਰੂਆਂ ਤੇ ਉਹਨਾਂ ਦੇ ਪਰਿਵਾਰਾਂ ਲਈ ਅਥਾਹ ਮੋਹ ਸੀ। ਮੈਂ ਇੱਥੇ ਬਾਬਾ ਜੀ ਦੀ ਸ਼ਖ਼ਸੀਅਤ ਦੇ ਇਹਨਾਂ ਤਿੰਨਾਂ ਪਹਿਲੂਆਂ ਬਾਰੇ ਹੀ ਚਰਚਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਭਾਰਤ ਵਿੱਚ ਸੂਰਤ ਵਾਲੇ ਪਾਸੇ ਪਲੇਗ ਫੈਲਣ ਦੇ ਚਰਚੇ ਕਾਰਨ ਅੰਤਰਰਾਸ਼ਟਰੀ ਉਡਾਨਾਂ ਗੜਬੜਾ ਗਈਆਂ ਸਨ। ਬਾਬਾ ਬਿਲਗਾ ਜੀ ਨੇ ਇੰਗਲੈਂਡ ਤੋਂ ਆਪਣੇ ਦੇਸ਼ ਆਉਣਾ ਸੀ। ਉਹ ਪਰੇਸ਼ਾਨ ਸਨ। ਉਡਾਨਾਂ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ। ਉਹ ਏਅਰਪੋਰਟ ਦੇ ਇੱਕ ਉੱਚ ਅਧਿਕਾਰੀ ਨੂੰ ਮਿਲੇ।

ਵਰਣਨਯੋਗ ਹੈ ਕਿ ਚੜ੍ਹਦੀ ਜਵਾਨੀ ਵਿੱਚ ਹੀ ਸਾਰਾ ਸ਼ਾਂਤ ਮਹਾਂ ਸਾਗਰ ਘੁੰਮ ਕੇ ਦੇਸ਼ ਭਗਤੀ ਦਾ ਪ੍ਰਚਾਰ ਕਰਨ ਵਾਲੇ ਬਾਬਾ ਜੀ, ਜਿਹੜੇ ਕਿ ਮਾਸਕੋ ਤੋਂ ਗਰੈਜੂਏਸ਼ਨ ਤੱਕ ਪੜ੍ਹੇ ਵੀ ਸਨ, ਨੂੰ ਪੰਜਾਬੀ, ਹਿੰਦੀ, ਉਰਦੂ ਤੋਂ ਇਲਾਵਾ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾਵਾਂ 'ਤੇ ਵੀ ਪੂਰਾ ਅਧਿਕਾਰ ਸੀ। ਉਹਨਾਂ ਨੂੰ ਅਕਸਰ ਇਹਨਾਂ ਭਾਸ਼ਾਵਾਂ ਵਿੱਚ ਗੱਲਬਾਤ ਕਰਨ ਅਤੇ ਭਾਸ਼ਣ ਦੇਣ ਦੀ ਜ਼ਰੂਰਤ ਪੈਂਦੀ ਰਹਿੰਦੀ ਸੀ। ਸੋ ਬਾਬਾ ਬਿਲਗਾ ਜੀ ਨੇ ਅੰਗਰੇਜ਼ ਅਧਿਕਾਰੀ ਨੂੰ ਉਸ ਦੀ ਜ਼ੁਬਾਨ ਵਿੱਚ ਗੁੱਸੇ ਨਾਲ ਪੁੱਛਿਆ, Baba Ji: Why do the flights for India stand cancelled?

Officer: There is plague in India.

Baba Ji: When will the flights resume?

Officer: When the plague will come under control?


Baba Ji: You are ruining my country's business worth crores by making hue and cry about plague without any rhyme or reason.

ਬਾਬਾ ਜੀ ਨੇ ਗੁੱਸੇ ਨਾਲ ਉੱਬਲਦਿਆਂ ਅਫ਼ਸਰ ਨੂੰ ਕਿਹਾ ਤੇ ਹਰਖ਼ੇ ਹੋਏ ਉੱਠਕੇ ਬਾਹਰ ਆ ਗਏ।

ਬਾਬਾ ਜੀ ਦੇ ਦੱਬੇ ਕੁਚਲੇ ਲੋਕਾਂ ਪ੍ਰਤੀ ਸਨੇਹ ਤੋਂ ਸਾਰੇ ਉਹਨਾਂ ਦੇ ਵਾਕਿਫ਼ ਜਾਣੂੰ ਹੀ ਹਨ। ਇੱਕ ਵੇਰ ਕੁਝ ਵਿਦਵਾਨ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿੱਚ ਵਿਚਾਰ ਚਰਚਾ ਕਰ ਰਹੇ ਸਨ ਤਾਂ ਬਾਬਾ ਜੀ ਨੇ ਮਹਿਸੂਸ ਕੀਤਾ ਕਿ ਉਹਨਾਂ ਦੀ ਗੱਲਬਾਤ ਵਿੱਚੋਂ ਦਲਿਤਾਂ ਬਾਰੇ ਨਾ ਪਸੰਦਗੀ ਦੀ ਸੁਰ ਉੱਭਰ ਰਹੀ ਹੈ। ਬਾਬਾ ਜੀ ਨੇ ਗੁੱਸੇ ਵਿੱਚ ਆ ਕੇ ਕਿਹਾ, "ਜੇ ਹਿੰਦੂ ਮੁਸਲਮਾਨਾਂ ਪ੍ਰਤੀ ਨਫ਼ਰਤ ਅਤੇ ਛੂਤ ਛਾਤ ਦੀ ਭਾਵਨਾ ਨਾ ਰੱਖਦੇ ਤਾਂ ਪਾਕਿਸਤਾਨ ਕਦੇ ਨਾ ਬਣਦਾ ਜੇ ਹੁਣ ਅਸੀਂ ਦਲਿਤਾਂ ਪ੍ਰਤੀ ਆਪਣੇ ਰਵੱਈਏ ਨੂੰ ਨਾ ਬਦਲਿਆ ਤਾਂ ਦੇਸ਼ ਦੇ ਹੋਰ ਟੋਟੇ ਹੋਣਗੇ"।

ਬਾਬਾ ਜੀ ਦੱਸਦੇ ਸਨ, ਕਿ ਕਿਸੇ ਦੀ ਵਧੀਕੀ ਮੈਥੋਂ ਬਰਦਾਸ਼ਤ ਨਹੀਂ ਹੁੰਦੀ ਤੇ ਮੈਂ ਆਪ ਕਿਸੇ ਨਾਲ ਵਧੀਕੀ ਕਰਦਾ ਨਹੀਂ। ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਵਿੱਚ ਪੜ੍ਹਦਿਆਂ ਬਾਬਾ ਜੀ ਦਾ ਇੱਕ ਜਮਾਤੀ ਜੋ ਸ਼ਹਿਰੀ ਅਮੀਰ ਵਕੀਲ ਦਾ ਪੁੱਤਰ ਹੋਣ ਕਰਕੇ ਆਕੜਿਆ ਫਿਰਦਾ ਸੀ ਅਤੇ ਉਹਨਾਂ ਦੇ ਮੱਧਰੇ ਕੱਦ ਮੁਕਾਬਲੇ ਆਪਣੀ ਡੀਲ ਡੌਲ 'ਤੇ ਮਾਣ ਕਰਦਿਆਂ ਉਹਨਾਂ ਨੂੰ ਦੁਆਬੀਆ ਕਹਿ ਕੇ ਗਾਲ ਕੱਢ ਦਿੰਦਾ ਸੀ। ਇੱਕ ਵੇਰ ਬਾਬਾ ਜੀ ਨੂੰ ਉਸਦੇ ਰਵੱਈਏ ਤੇ ਐਸਾ ਗੁੱਸਾ ਆਇਆ ਕਿ ਇਹਨਾਂ ਉਹਨੂੰ ਏਨਾ ਕੁੱਟਿਆ ਕਿ ਉਹ ਮੁੜ ਬਾਬਾ ਜੀ ਤੋਂ ਡਰਦਾ ਉਹਨਾਂ ਦਾ ਰਾਹ ਛੱਡ ਕੇ ਪਾਸੇ ਹੋਣ ਲੱਗ ਪਿਆ। ਹਿੰਦ ਸਮਾਚਾਰ ਦੇ ਸ਼ਹੀਦ ਪਰਿਵਾਰ ਸਹਾਇਤਾ ਸਮਾਗਮ ਵਿੱਚ ਇੱਕ ਵੇਰ ਬਾਬਾ ਜੀ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ। ਇਹਨਾਂ ਨੋਟ ਕੀਤਾ ਕਿ ਦਹਿਸ਼ਤ ਗਰਦਾਂ ਵੱਲੋਂ ਨਿਰਦੋਸ਼ ਲੋਕਾਂ ਦੇ ਕਤਲਾਂ ਦੀ ਨਿਖੇਧੀ ਕਰਦਿਆਂ-ਕਰਦਿਆਂ ਕੁਝ ਬੁਲਾਰੇ ਅਕਾਲੀ ਦੇਸ਼ ਭਗਤਾਂ ਵੱਲੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਪਾਏ ਵਡੇਰੇ ਯੋਗਦਾਨ ਉੱਤੇ ਵੀ ਕਾਟਾ ਫੇਰ ਰਹੇ ਹਨ। ਇਹਨਾਂ ਗੁੱਸੇ ਵਿੱਚ ਆ ਕੇ ਬੁਲੰਦ ਆਵਾਜ਼ ਵਿੱਚ ਕਿਹਾ 'ਮੈਂ ਬੇਦੋਸ਼ਿਆਂ ਦੇ ਕਾਤਲਾਂ ਦੇ ਸਖ਼ਤ ਖ਼ਿਲਾਫ਼ ਹਾਂ ਤੇ ਮਰਦੇ ਦਮ ਤੀਕ ਮੈਂ ਇਹਨਾਂ ਦੇ ਖ਼ਿਲਾਫ਼ ਬੋਲਦਾ, ਲਿਖਦਾ ਅਤੇ ਲੜਦਾ ਰਹਾਂਗਾ, ਪਰ ਮੈਂ ਇਹ ਵੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਅਕਾਲੀ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਨਕਾਰਿਆ ਜਾਵੇ'।

ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚਲੇ ਆਪਣੇ ਯੋਗਦਾਨ ਬਦਲੇ ਕੋਈ ਸਰਕਾਰੀ ਸਹਾਇਤਾ ਜਾਂ ਪੈਨਸ਼ਨ ਸਵੀਕਾਰ ਨਹੀਂ ਕੀਤੀ। ਇੱਕ ਵੇਰ ਬਾਬਾ ਜੀ ਨੂੰ ਤਾਮਰ ਪੱਤਰ ਲੈਣ ਲਈ ਬੁਲਾਇਆ ਗਿਆ, ਪਰ ਉਹਨਾਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ, "ਇਹ ਸਾਲੇ ਕੌਣ ਹੁੰਦੇ ਆ ਮੈਨੂੰ ਦੇਸ਼ ਭਗਤ ਹੋਣ ਦਾ ਸਰਟੀਫਿਕੇਟ ਦੇਣ ਵਾਲੇ।" ਉਹ ਤਾਮਰ ਪੱਤਰ ਜਲੰਧਰ ਦੇ ਡੀ.ਸੀ. ਕੋਲ ਪਹੁੰਚਾ ਪਰ ਡੀ.ਸੀ. ਸਾਹਿਬ ਬਾਬਾ ਜੀ ਦੇ ਸੁਭਾਅ ਤੋਂ ਵਾਕਿਫ਼ ਸਨ, ਉਹਨਾ ਨੇ ਐਸ.ਡੀ.ਐਮ. ਫਿਲੌਰ ਦੀ ਡਿਊਟੀ ਲਗਾ ਦਿੱਤੀ। ਐਸ.ਡੀ.ਐਮ. ਨੇ ਤਹਿਸੀਲਦਾਰ ਦੀ ਤੇ ਤਹਿਸੀਲਦਾਰ ਨੇ ਬਿਲਗੇ ਪਿੰਡ ਦੇ ਪਟਵਾਰੀ ਦੀ ਤਾਮਰ ਪੱਤਰ ਬਾਬਾ ਜੀ ਤਕ ਪਹੁੰਚਾਉਣ ਦੀ ਡਿਊਟੀ ਲਗਾ ਦਿੱਤੀ। ਪਟਵਾਰੀ ਨੇ ਤਾਮਰ ਪੱਤਰ ਚੌਕੀਦਾਰ ਨੂੰ ਸੌਂਪ ਦਿੱਤਾ, ਜਿਸ ਨੇ ਵੇਲੇ ਕੁਵੇਲੇ ਗਲੀ ਵਿੱਚੋਂ ਰੌਸ਼ਨਦਾਨ ਰਾਹੀਂ ਤਾਮਰ ਪੱਤਰ ਬਾਬਾ ਜੀ ਦੇ ਘਰ ਸੁੱਟ ਦਿੱਤਾ। ਅੱਤਵਾਦ ਦੇ ਦਿਨਾਂ 'ਚ ਇੱਕ ਵੇਰ ਬਾਬਾ ਬਿਲਗਾ ਜੀ ਪਿੰਡ ਸਨ ਅਤੇ ਵਾਲ ਕਟਾ ਕੇ, ਨਹਾ ਕੇ ਘਰ ਦੇ ਬਾਹਰ ਚੌਤਰੇ 'ਤੇ ਕੁਰਸੀ ਡਾਹ ਕੇ ਬੈਠੇ ਸਨ।



ਏਨੇ ਨੂੰ ਨੂਰਮਹਿਲ ਇਲਾਕੇ ਦਾ ਇੱਕ ਸੱਜਣ ਜੋ ਕਿਸੇ ਖਾੜਕੂ ਦਾ ਰਿਸ਼ਤੇਦਾਰ ਹੋਣ ਕਰੇ ਚੌਧਰੀ ਬਣਿਆ ਫਿਰਦਾ ਸੀ, ਉਹ ਬਾਬਾ ਜੀ ਕੋਲ ਆ ਕੇ ਕਹਿਣ ਲੱਗਾ 'ਕਾਮਰੇਡ ਜੀ ਇੱਕ ਬਚਨ ਕਰਨਾ ਸੀ, ਗੁੱਸਾ ਤਾਂ ਨਹੀਂ ਕਰੋਗੇ'? ਬਾਬਾ ਜੀ ਨੇ ਕਿਹਾ, "ਮੈਨੂੰ ਨਹੀਂ ਲਗਦਾ ਤੂੰ ਕੋਈ ਗੁੱਸੇ ਵਾਲੀ ਗੱਲ ਕਰੇਂਗਾ"? ਉਹਨਾਂ ਕਿਹਾ 'ਵੇਖੋ ਤੁਸੀਂ ਕਿੱਡੇ ਵੱਡੇ ਦੇਸ਼ ਭਗਤ ਹੋ, ਲੋਕ ਤੁਹਾਡਾ ਕਿੰਨਾ ਆਦਰ ਮਾਣ ਕਰਦੇ ਆ, ਪਰ ਤੁਸੀਂ ਰੋਮਾਂ ਦੀ ਬੇਅਦਬੀ ਕਿਉਂ ਕਰਦੇ ਹੋ, ਤੁਹਾਨੂੰ ਪਤਾ ਆਪਣੇ ਗੁਰੂ ਦਾ ਕੀ ਹੁਕਮ ਹੈ? ਬਾਬਾ ਬਿਲਗਾ ਜੀ ਉਸ ਸੱਜਣ ਤੋਂ ਪਹਿਲਾਂ ਹੀ ਦੁਖੀ ਸਨ ਕਿ ਉਹ ਭੋਲੇ ਭਾਲੇ ਲੋਕਾਂ ਨੂੰ ਧਮਕਾਉਂਦਾ ਰਹਿੰਦਾ ਹੈ। ਗੁੱਸੇ ਵਿੱਚ ਆ ਕੇ ਕਹਿਣ ਲੱਗੇ, 'ਤੂੰ ਗੁਰੂ ਦਾ ਬਾਹਲਾ ਸਕਾ ਆ, ਤੈਨੂੰ ਏਨਾ ਫ਼ਿਕਰ ਆ ਉਹਨਾਂ ਦੇ ਹੁਕਮ ਦਾ, ਉਹਨਾਂ ਨੇ ਤਾਂ ਲੋਕਾਂ ਦੇ ਖ਼ਾਤਿਰ ਆਪਣੇ ਚਾਰੇ ਪੁੱਤਰ ਸ਼ਹੀਦ ਕਰਵਾ ਲਏ ਸੀ ਤੇ ਤੂੰ ਝੂਠੇ ਕੇਸਾਂ ਦੇ ਜਾਹਲੀ ਕਾਗਜ਼ ਬਣਾ ਕੇ ਆਪਣੇ ਅਮਰੀਕਾ ਵਾੜ ਦਿੱਤੇ ਆ, ਅਸੀਂ ਤੇ ਫਿਰ ਵੀ ਉਹਨਾਂ ਦੇ ਰਾਹ 'ਤੇ ਚੱਲ ਕੇ ਜ਼ੁਲਮ ਦੇ ਖ਼ਿਲਾਫ਼ ਲੜਦੇ ਹੀ ਰਹੇ ਹਾਂ। ਉਹਨਾਂ ਦੀ ਜ਼ਿੰਦਗੀ ਵਿੱਚ ਅਨੇਕ ਐਸੇ ਪੜਾਅ ਆਏ ਜਦ ਦੰਭੀ ਦੇ ਘਟੀਆ ਲੋਕਾਂ ਨੂੰ ਉਹਨਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ।

ਬਾਬਾ ਜੀ ਦੇ ਅੰਗਰੇਜ਼ ਸਰਕਾਰ ਖ਼ਿਲਾਫ਼ ਵਿਦਰੋਹੀ ਜੀਵਨ ਦਾ ਆਗਾਜ਼ ਉਹਨਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ ਜਦ ਵਾਇਸਰਾਏ ਦੀ ਸਕੂਲ ਫੇਰੀ 'ਤੇ ਇਹਨਾਂ ਨੇ 8ਜਬ 8ਜਬ 8ਚਗ਼ਗਖ ਕਹਿਣ ਦੀ ਥਾਂ ਵਾਇਸਰਾਏ ਹਾਏ ਹਾਏ ਕਹਿ ਕੇ ਸਕੂਲ ਹੈੱਡਮਾਸਟਰ ਦੀ ਬੈਂਤਾਂ ਦੀ ਸਜ਼ਾ ਕਬੂਲ ਕੀਤੀ। ਘਰ ਦੀ ਗ਼ਰੀਬੀ ਧੋਣ ਲਈ ਕਮਾਈ ਕਰਨ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੁਲਾ ਗਲੋਂ ਲਾਹੁਣ ਲਈ ਜੱਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਮਾਰਕਸਵਾਦ ਅਤੇ ਫੌਜੀ ਵਿਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ 60 ਕ੍ਰਾਂਤੀਕਾਰੀਆਂ ਦਾ ਗਰੁੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਭਾਰਤ ਪਰਤੇ। 1934 ਤੋਂ 1936 ਤੱਕ ਕਲਕੱਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਲਾਹੌਰ ਦੇ ਕਿਲੇ ਵਿੱਚ ਦੋ ਮਹੀਨੇ ਅਣ ਮਨੁੱਖੀ ਤਸੀਹੇ ਦਿੱਤੇ ਗਏ। ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕੀਤਾ ਗਿਆ।

ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਉਹਨਾਂ ਨੇ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾ ਹੋਣ 'ਤੇ ਲੁਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ 'ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖ਼ੁਸ਼ ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ 'ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾਂ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਨ 'ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ ਰੱਖਿਆ। ਉਹਨਾਂ ਦੇ ਆਖ਼ਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾਂ ਦੇ ਵਿਦਰੋਹੀ ਜੀਵਨ ਦਾ ਆਖ਼ਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜੋ ਉਹਨਾਂ ਦੀ ਅਗਵਾਈ ਵਿੱਚ ਕੱਢਿਆ ਗਿਆ। ਉਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਕੀਤੀ।

ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇੱਕ ਕੀਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਕੋਲ ਖੜੇ ਕੇ ਇਸ ਯਾਦਗਾਰ ਦਾ ਨਿਰਮਾਣ ਕਰਵਾਇਆ, ਫਿਰ ਇਸ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਿਤ ਕੀਤਾ। ਉਨ੍ਹਾਂ ਨੇ ਆਪ ਸੈਮੀਨਾਰ ਕਰਵਾ ਕੇ, ਕਾਨਫ਼ਰੰਸਾਂ ਕਰਵਾ ਕੇ, ਨਾਟਕ ਮੇਲੇ ਕਰਵਾ ਕੇ ਤੇ ਚੇਤਨਾ ਰੈਲੀਆਂ ਕੱਢ ਕੇ ਦੇਸ਼ ਵਾਸੀਆਂ ਨੂੰ ਜਾਗਰੂਕ ਕੀਤਾ। ਬਾਬਾ ਜੀ ਨੇ ਜਿਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਬਾਰੇ ਸੁਹਿਰਦਤਾ ਨਾਲ ਕੰਮ ਕੀਤਾ, ਉੱਥੇ ਉਨ੍ਹਾਂ ਨੇ ਸਮੱਰਥਾ ਅਨੁਸਾਰ ਆਪਣੀ ਜਨਮ-ਭੂਮੀ ਦੇ ਵਿਕਾਸ ਵਾਸਤੇ ਵੀ ਕੰਮ ਕੀਤਾ। ਭਾਵੇਂ ਪਹਿਲਾਂ ਪੜ੍ਹਾਈ ਫਿਰ ਵਿਦੇਸ਼ ਯਾਤਰਾ ਤੇ ਫਿਰ ਦੇਸ਼ ਭਗਤੀ ਕਾਰਨ ਮਿਲੀਆਂ ਜੇਲ੍ਹਾਂ, ਨਜ਼ਰਬੰਦੀਆਂ ਤੇ ਰੂ-ਪੋਸ਼ੀਆਂ ਦੇ ਸਿਲਸਿਲੇ ਨੇ ਬਾਬਾ ਜੀ ਨੂੰ ਕਦੇ ਵੀ ਰੱਜ ਕੇ ਬਿਲਗੇ ਵਿੱਚ ਰਹਿਣ ਨਹੀਂ ਦਿੱਤਾ, ਪਰ ਇਹ ਵੀ ਸੱਚ ਹੈ ਕਿ ਬਾਬਾ ਬਿਲਗਾ ਜੀ ਜਿਥੇ ਵੀ ਰਹੇ ਪਿੰਡ ਬਿਲਗਾ ਉਨ੍ਹਾਂ ਦੇ ਮਨ 'ਚ ਹਮੇਸ਼ਾ ਵੱਸਦਾ ਰਿਹਾ। ਉਹਨਾਂ ਨੇ ਆਪਣੀ ਜਵਾਨੀ ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ 1935-36 ਵਿੱਚ ਖੁੱਲਵਾਇਆ ਅਤੇ ਖ਼ੁਦ ਉਸਦੀ ਨਿਗਰਾਨੀ ਕੀਤੀ।ਉਹਨਾਂ ਨੇ 1953 ਵਿੱਚ ਬਿਲਗੇ ਵਿਖੇ ਲੜਕਿਆਂ ਦਾ ਹਾਈ ਸਕੂਲ ਖੁਲਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ। ਉਹਨਾਂ ਨੇ ਇਲਾਕੇ ਵਿੱਚ 1969 ਈ. ਵਿੱਚ 'ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ 'ਤੇ ਖੁੱਲ੍ਹੇ ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ' ਦੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾਂ ਆਪਣੀ ਉਮਰ ਦੇ ਆਖ਼ਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਵੱਡ ਆਕਾਰੀ 'ਜਨਰਲ ਹਸਪਤਾਲ ਬਿਲਗਾ' ਬਿਲਗਾ ਨੂਰਮਹਿਲ ਰੋਡ 'ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸਦਾ ਨੀਂਹ ਪੱਥਰ 13 ਅਪ੍ਰੈਲ 2000 ਈ. ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ। ਉਹਨਾਂ ਦੀ ਵਸੀਅਤ, ਜਿਸ ਵਿੱਚ ਉਹਨਾਂ ਨੇ ਬਿਲਗੇ ਦੇ ਸ਼ਮਸ਼ਾਨਘਾਟ ਵਿਖੇ ਆਪਣੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਤੇ ਅਸਥੀਆਂ ਨਜ਼ਦੀਕ ਵਗਦੇ ਦਰਿਆ ਸਤਲੁਜ ਵਿੱਚ ਪ੍ਰਵਾਹ ਕਰਨ ਲਈ ਲਿਖਿਆ ਸੀ, ਬਿਲਗੇ ਪਿੰਡ ਨਾਲ ਉਹਨਾ ਦੇ ਜਜ਼ਬਾਤੀ ਸੰਬੰਧਾਂ ਦਾ ਪ੍ਰਮਾਣ ਹੈ। ਬਾਬਾ ਬਿਲਗਾ ਜੀ ਦੇ ਸ਼ਰਧਾਂਜਲੀ ਸਮਾਰੋਹ ਦੇ ਅਵਸਰ 'ਤੇ 7 ਜੂਨ 2009 ਨੂੰ ਪਿੰਡ ਬਿਲਗਾ ਵਿਖੇ ਸਮਾਗਮ ਸਮੇਂ ਮੰਚ ਸੰਚਾਲਨ ਹੋਇਆ ਮੈਂ ਦਿਲ ਦੀਆਂ ਡੂੰਘਾਣਾ ਤੋਂ ਇਸ ਸੱਚ ਨੂੰ ਮਹਿਸੂਸ ਕਰਦਿਆਂ ਕਿਹਾ ਸੀ ਕਿ ਬਾਬਾ ਜੀ ਜਿੰਨਾ ਚਿਰ ਜਿਊਂਦੇ ਰਹੇ, ਆਪਣੇ ਪਿੰਡ ਬਿਲਗੇ ਦੀਆਂ ਵਡਿਆਈਆਂ 'ਤੇ ਮਾਣ ਕਰਦੇ ਰਹੇ ਹੁਣ ਰਹਿੰਦੀ ਦੁਨੀਆ ਤੱਕ ਪਿੰਡ ਬਿਲਗਾ ਆਪਣੇ ਭਗਤ ਸਿੰਘ ਬਿਲਗਾ 'ਤੇ ਮਾਣ ਕਰਦਾ ਰਹੇਗਾ ਜਿਸਦੀ ਬਹੁਪੱਖੀ ਤੇ ਸੰਪੂਰਨ ਰੂਪ ਵਿੱਚ ਵਿਕਸਿਤ ਸ਼ਖ਼ਸੀਅਤ ਨੇ ਇਸ ਪਿੰਡ ਦੇ ਨਾਮ ਨੂੰ ਪੂਰੇ ਵਿਸ਼ਵ ਵਿੱਚ ਰੁਸ਼ਨਾਇਆ ਹੈ।

ਸਾਡੇ ਕਹਿਣ ਦਾ ਭਾਵ ਇਹ ਨਹੀਂ ਕਿ ਬਾਬਾ ਜੀ ਨੂੰ ਪਿੰਡ ਦੇ ਲੋਕਾਂ ਨਾਲ ਜ਼ਿਆਦਾ ਪਿਆਰ ਸੀ, ਬਲਕਿ ਉਨ੍ਹਾਂ ਦੇ ਪਿਆਰ ਦੀ ਦੁਨੀਆ ਅਸੀਮ ਸੀ। ਜਿੱਥੇ ਬਾਬਾ ਜੀ ਨੇ ਮਨ ਵਿੱਚ ਘਟੀਆ, ਪਾਖੰਡੀ ਦੇ ਖ਼ੁਦਗਰਜ਼ ਲੋਕਾਂ ਲਈ ਉੱਬਲਦੇ ਰੋਹ ਅਤੇ ਗ਼ੁਲਾਮੀ, ਨਾਬਰਾਬਰੀ, ਸ਼ੋਸ਼ਣ ਤੇ ਬੇਗ਼ਾਨਗੀ ਭਰੇ ਨਿਜ਼ਾਮ ਵਿਰੁੱਧ ਵਿਦਰੋਹ ਕਰਨ ਦੀ ਪ੍ਰਬਲ ਇੱਛਾ ਨੂੰ ਦਰਸਾਉਣ ਵਾਲੀਆਂ ਅਣਗਿਣਤ ਘਟਨਾਵਾਂ ਦੀ ਚਰਚਾ ਕੀਤੀ ਜਾ ਸਕਦੀ ਹੈ ਉੱਥੇ ਉਹਨਾਂ ਦੇ ਮਨ ਵਿਚਲੇ ਆਪਣੇ ਲੋਕਾਂ ਪ੍ਰਤੀ ਡੁੱਲ੍ਹ-ਡੁੱਲ੍ਹ ਪੈਂਦੇ ਮੋਹ 'ਤੇ ਵੀ ਕਿਤਾਬਾਂ ਲਿਖਣ ਜਿੰਨੇ ਵਿਸਤ੍ਰਿਤ ਪ੍ਰਸੰਗ ਮਿਲ ਸਕਦੇ ਹਨ। ਦਰਅਸਲ ਬਾਬਾ ਭਗਤ ਸਿੰਘ ਬਿਲਗਾ ਜੀ ਇੱਕ ਬਹੁ ਪੱਖੀ ਸ਼ਖ਼ਸੀਅਤ ਸਨ, ਜੇ ਉਹਨਾਂ ਨੂੰ ਇੱਕ ਵਿਅਕਤੀ ਦੀ ਥਾਂ ਇੱਕ ਸੰਸਥਾ ਕਹਿ ਲਈਏ ਤਾਂ ਇਹ ਤਸ਼ਬੀਹ ਬਹੁਤ ਰਵਾਇਤੀ ਲੱਗੇਗੀ ਕਿਉਂਕਿ ਅਸੀਂ ਰਸਮੀ ਸਤਿਕਾਰ ਪ੍ਰਗਟਾਉਂਦੇ ਸਮੇਂ ਝੀਲਾਂ ਵਰਗੀਆਂ ਹਸਤੀਆਂ ਨੂੰ ਵੇਗ ਵਿੱਚ ਸਮੁੰਦਰ ਕਹਿ ਜਾਣੇ ਹਾਂ, ਦਿੱਕਤ ਉੱਥੇ ਆਉਂਦੀ ਹੈ ਜਦ ਅਸਲੀ ਸਮੁੰਦਰ ਜਿਹੀ ਹਸਤੀ ਬਾਰੇ ਗੱਲ ਕਰਨੀ ਪੈਂਦੀ ਹੈ। ਬਾਬਾ ਜੀ ਦੀ ਸ਼ਖ਼ਸੀਅਤ ਬਾਰੇ ਗੱਲ ਕਰਦਿਆਂ ਵੀ ਇਹੀ ਪਰੇਸ਼ਾਨੀ ਮਹਿਸੂਸ ਹੁੰਦੀ ਹੈ। ਉਂਝ ਇਹ ਵੀ ਸੱਚ ਕਿ ਬਾਬਾ ਜੀ ਇੱਕ ਮਿੱਥ ਜਾਂ ਦੰਤ ਕਥਾ ਜਿੰਨੀ ਅਦਭੁਤ, ਕ੍ਰਿਸ਼ਮਈ ਤੇ ਮਿਕਨਾਤੀਸੀ ਸ਼ਖ਼ਸੀਅਤ ਸਨ। ਬਾਬਾ ਬਿਲਗਾ ਜੀ ਦੀ ਸ਼ਖ਼ਸੀਅਤ ਦੀਆਂ ਹੋਰ ਵਡਿਆਈਆਂ ਦੇ ਨਾਲ-ਨਾਲ ਉਹਨਾਂ ਦਾ ਵਿਸ਼ੇਸ਼ ਗੁਣ ਇਨਸਾਨੀ ਗੁਣਾਂ ਦਾ ਮੁਜੱਸਮਾ ਹੋਣਾ ਹੈ। ਉਹ ਦੇਸ਼ ਭਗਤ ਤੇ ਲੋਕ ਹਿਤੈਸ਼ੀ ਲੋਕਾਂ ਪ੍ਰਤੀ ਅਤੇ ਉਹਨਾਂ ਦੇ ਸਨੇਹੀਆਂ ਪ੍ਰਤੀ ਆਪਣੇ ਮਨ ਵਿੱਚ ਬੇਪਨਾਹ ਮੁਹੱਬਤ ਅਤੇ ਅਪਣੱਤ ਰੱਖਦੇ ਸਨ। ਉਹਨਾਂ ਦੀ ਅਪਣੱਤ ਦਾ ਕਰਾਮਾਤੀ ਪ੍ਰਭਾਵ ਕਿਸੇ ਦੀ ਵੀ, ਕਿਸੇ ਤਰ੍ਹਾਂ ਦੀ ਵੀ ਬੇਗ਼ਾਨਗੀ ਨੂੰ ਵਿਸ਼ਵਾਸ ਤੇ ਉਤਸ਼ਾਹ ਵਿੱਚ ਬਦਲ ਦੇਣ ਦੇ ਸਮਰੱਥ ਸੀ। ਉਹਨਾਂ ਦੇ ਸਭ ਸਨੇਹੀਆਂ ਕੋਲ ਉਹਨਾਂ ਦੀ ਮੁਹੱਬਤ ਅਤੇ ਅਪਣੱਤ ਨਾਲ ਸੰਬੰਧਤ ਅਨੇਕ ਮਿੱਠੇ ਤੇ ਵਿਸਮਾਦੀ ਅਨੁਭਵ ਹੋਣਗੇ। ਬਾਬਾ ਬਿਲਗਾ ਜੀ ਦੇ ਵਿਸ਼ਾਲ ਪਰਿਵਾਰ ਦੇ ਬਹੁਤ ਸਾਰੇ ਐਸੇ ਬੱਚੇ ਹਨ ਜੋ ਉਹਨਾਂ ਦੀ ਤਲਿਸਮੀ ਮੁਹੱਬਤ ਦੇ ਸਰੂਰ ਵਿੱਚ ਗੜੁੱਚ ਹੋ ਕੇ ਸਦੀਵੀਂ ਤੌਰ ਤੇ ਉਹਨਾਂ ਦੇ ਹੋ ਗਏ। ਬਾਬਾ ਜੀ ਦੀ ਜਾਦੂਈ ਮੁਹੱਬਤ ਦੀ ਕੀਲਣ ਸ਼ਕਤੀ ਦਾ ਅਸਰ ਹੈ ਕਿ ਅੱਜ ਉਹਨਾਂ ਨਾਲ ਅਤੇ ਉਹਨਾਂ ਦੀ ਲੋਕ ਹਿਤੈਸ਼ੀ ਸੋਚ ਨਾਲ ਜੁੜੇ ਵਿਸ਼ਾਲ ਜਨ ਸਮੂਹ ਲਈ 'ਬਾਬਾ ਜੀ' ਸ਼ਬਦ ਦਾ ਅਰਥ 'ਬਾਬਾ ਭਗਤ ਸਿੰਘ ਬਿਲਗਾ' ਹੀ ਹੈ।

ਬਾਬਾ ਜੀ ਆਪਣੇ ਲੋਕਾਂ ਦੇ ਮੋਹ ਵਿੱਚ ਬੱਝੇ ਹੋਏ ਕਈ ਵੇਰ ਆਪਣਿਆਂ ਦੀਆਂ ਲੋਕ ਵਿਰੋਧੀ ਹਰਕਤਾਂ ਨੂੰ ਵੀ ਬੇਬਾਕੀ ਨਾਲ ਤੇ ਕਰੜੇ ਸ਼ਬਦਾਂ ਨਾਲ ਰੱਦ ਕਰਦੇ ਰਹਿੰਦੇ ਸਨ। ਦੇਸ਼ ਦੀ ਵੰਡ ਸਮੇਂ ਉਹਨਾਂ ਦੀ ਪਾਰਟੀ ਦੇ ਬਹੁ-ਗਿਣਤੀ ਆਗੂ ਪਾਕਿਸਤਾਨ ਦੀ ਮੰਗ ਦੇ ਹੱਕ ਵਿੱਚ ਸਨ। ਪਰ ਬਾਬਾ ਜੀ ਨੇ ਫਿਰਕੂ ਆਧਾਰ 'ਤੇ ਦੇਸ਼ ਦੀ ਵੰਡ ਦਾ ਡੱਟ ਕੇ ਵਿਰੋਧ ਕੀਤਾ। ਪਾਰਟੀ ਵਾਲੇ ਉਹਨਾਂ ਨੂੰ ਪਾਰਟੀ ਵਿੱਚੋਂ ਕੱਢਣ ਲਈ ਤਿਆਰ ਹੋ ਗਏ। ਪਰ ਐਨ ਮੌਕੇ 'ਤੇ ਹੋਈ ਉਹਨਾਂ ਦੀ ਗ੍ਰਿਫ਼ਤਾਰੀ ਕਾਰਨ ਨੇਤਾਵਾਂ ਨੇ ਆਪਣਾ ਫ਼ੈਸਲਾ ਬਦਲ ਲਿਆ। ਬਾਬਾ ਜੀ ਹੱਸਦਿਆਂ ਦੱਸਿਆ ਕਰਦੇ ਸਨ ਕਿ ਸਾਡੇ ਕਮਲੇ ਕਾਮਰੇਡ ਇਹ ਸੋਚਦੇ ਸੀ ਕਿ ਅਸੀਂ ਪਾਕਿਸਤਾਨ ਵਿੱਚ ਵੀ ਕਮਿਊਨਿਸਟ ਪਾਰਟੀ ਬਣਾਵਾਂਗੇ। ਇਹਨਾਂ ਨੂੰ ਬੰਦਾ ਪੁੱਛੇ ਕਿ ਉਥੋਂ ਦੇ ਜਗੀਰਦਾਰਾਂ ਤੇ ਮੁਲਾਣਿਆਂ ਨੇ ਤੁਹਾਨੂੰ ਕਦ ਟਿਕਣ ਦੇਣਾ ਸੀ। ਜਦ ਮੈਂ ਕਹਿੰਦਾ ਸਾਂ ਕਿ ਤੁਸੀਂ ਪਾਕਿਸਤਾਨ ਬਣਵਾ ਕੇ ਉਥੋਂ ਦੇ ਲੋਕ ਹਿਤੈਸ਼ੀ ਲੋਕਾਂ ਨੂੰ ਜਗੀਰਦਾਰ ਤੇ ਕਠਮੁੱਲਿਆਂ ਰੂਪੀ ਬਘਿਆੜਾਂ ਅੱਗੇ ਸੁੱਟ ਦੇਣਾ ਹੈ ਤਾਂ ਇਹਨਾਂ ਨੂੰ ਮੇਰੀਆਂ ਗੱਲਾਂ ਚੰਗੀਆਂ ਨਹੀਂ ਸਨ ਲੱਗਦੀਆਂ, ਹੁਣ ਦੁਨੀਆ ਇਸ ਸੱਚ ਨੂੰ ਦੇਖ ਰਹੀ ਹੈ।

ਉਹ ਅਕਸਰ ਹੀ ਪਟਵਾਰ ਯੂਨੀਅਨ ਅਤੇ ਬਿਜਲੀ ਬੋਰਡ ਦੇ ਕਾਮਿਆਂ ਦੀ ਯੂਨੀਅਨ ਤੇ ਹੋਰ ਲੋਕਾਂ ਨਾਲ ਸਿੱਧੇ ਤੌਰ 'ਤੇ ਸੰਬੰਧਤ ਮਹਿਕਮਿਆਂ ਦੀਆਂ ਯੂਨੀਅਨਾਂ ਦੇ ਆਗੂਆਂ ਨੂੰ ਤਾੜਨਾ ਕਰਿਆ ਕਰਦੇ ਸਨ ਕਿ "ਆਪਣੇ ਬੰਦਿਆਂ ਨੂੰ ਸਮਝਾਇਆ ਕਰੋ ਕਿ ਲੋਕਾਂ ਤੋਂ ਸ਼ਰਾਬ ਘੱਟ ਪੀਆ ਕਰਨ। ਉਹਨਾਂ ਨੇ ਇਹਨਾਂ ਨੂੰ ਪਿਲਾਉਂਦੇ-ਪਿਲਾਉਂਦੇ ਕਰਜ਼ਾਈ ਹੋ ਜਾਣਾ ਹੈ ਅਤੇ ਇਹਨਾਂ ਨੇ ਪੀ-ਪੀ ਕੇ ਮਰ ਜਾਣਾ ਹੈ"। ਸੋ ਉਹਨਾਂ ਦੇ ਮਨ ਵਿਚਲੇ ਆਪਣੇ ਲੋਕਾਂ ਪ੍ਰਤੀ ਡੁੱਲ੍ਹ- ਡੁੱਲ੍ਹ ਪੈਂਦੇ ਮੋਹ ਕਾਰਨ ਹੀ ਉਹਨਾਂ ਦੇ ਮਨ ਵਿੱਚ ਦੰਭੀਆਂ ਲਈ ਰੋਹ ਅਤੇ ਸ਼ੋਸ਼ਕਾਂ ਲਈ ਵਿਦਰੋਹ ਦੀ ਭਾਵਨਾ ਉਤਪੰਨ ਹੁੰਦੀ ਰਹਿੰਦੀ ਸੀ। ਜਦ ਅਸੀਂ ਬਾਬਾ ਬਿਲਗਾ ਜੀ ਦੀ ਦੇਹ ਨੂੰ ਅੰਮ੍ਰਿਤਸਰ ਏਅਰ ਪੋਰਟ ਤੋਂ ਲੈ ਕੇ ਬਿਲਗੇ ਜਾ ਰਹੇ ਸਾਂ ਤਾਂ ਏਅਰਪੋਰਟ ਤੋਂ ਲੈ ਕੇ ਰਸਤੇ ਵਿੱਚ ਵੇਰਕੇ, ਟਾਂਗਰੇ, ਖਲਚੀਆਂ, ਕਰਤਾਰਪੁਰ, ਭੋਗਪੁਰ ਚੌਂਕ ਤੇ ਫਿਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ (ਜਿਸ ਨੂੰ ਉਸਾਰਨ ਤੋਂ ਲੈ ਕੇ ਇੱਕ ਸਭਿਆਚਾਰਕ ਕੇਂਦਰ ਵਜੋਂ ਸਥਾਪਿਤ ਕਰਨ ਵਿੱਚ ਉਹਨਾਂ ਦਾ ਪਹਿਲਾਂ ਇਸ ਸੰਸਥਾ ਦੇ ਜਨਰਲ ਸਕੱਤਰ ਤੇ ਬਾਅਦ ਵਿੱਚ ਆਜੀਵਨ ਪ੍ਰਧਾਨ ਦੇ ਤੌਰ 'ਤੇ ਬਹੁਤ ਵੱਡਾ ਯੋਗਦਾਨ ਹੈ) ਵਿੱਚ ਅਤੇ ਉਸ ਤੋਂ ਉਪਰੰਤ ਜਲੰਧ ਕੈਂਟ, ਧੀਣਾ, ਜਮਸ਼ੇਰ, ਜੰਡਿਆਲਾ, ਨੂਰਮਹਿਲ, ਚੀਮਾਂ ਕਲਾਂ, ਜਨਰਲ ਹਸਪਤਾਲ ਬਿਲਗਾ ਅਤੇ ਬਾਬਾ ਜੀ ਦੇ ਜੱਦੀ

(ਬਾਕੀ ਅਗਲੇ ਸਫੇ ਤੇ)

# ਬਹੁਤ ਹੀ ਅਮਿਣਵੀਂ ਦੇਣ ਹੈ ਬਾਬਾ ਬਿਲਗਾ ਜੀ ਦੀ


ਜਤਿੰਦਰ ਪਨੂੰ

ਗ਼ਦਰ ਪਾਰਟੀ ਦੇ ਬਾਨੀਆਂ ਵਿਚੋਂ ਮੋਹਰਲੇ ਬਾਬਾ ਸੋਹਨ ਸਿੰਘ ਭਕਨਾ ਦੀ ਬਰਸੀ ਦੇ ਇਕ ਸਮਾਗਮ ਵਿਚ ਜਦੋਂ ਇਹ ਐਲਾਨ ਹੋਇਆ ਕਿ ਬਾਬਾ ਭਗਤ ਸਿੰਘ ਬਿਲਗਾ ਬੋਲਣਗੇ ਤਾਂ ਮੈਂ ਨਾਲਦਿਆਂ ਵਿਚੋਂ ਇੱਕ ਬਜ਼ੁਰਗ ਤੋਂ ਪੁੱਛਿਆ ਸੀ ਕਿ ਇਹ ਬਾਬਾ ਕੌਣ ਹੈ? ਉਸ ਨੇ ਦੱਸਿਆ ਕਿ ਗ਼ਦਰ ਪਾਰਟੀ ਵਾਲੇ ਜਿਹੜੇ ਥੋੜ੍ਹੇ ਜਿਹੇ ਬਜ਼ੁਰਗ ਹਾਲੇ ਤੱਕ ਜ਼ਿੰਦਾ ਹਨ, ਉਨ੍ਹਾਂ ਵਿਚੋਂ ਇਹ ਬਾਬਾ ਵੱਡੇ ਸਤਿਕਾਰ ਵਾਲਾ ਹੈ। ਮੈਂ ਉਦੋਂ ਖੱਬੀ ਲਹਿਰ ਵਿਚ ਨਵਿਆਂ ਵਿਚੋਂ ਸਾਂ। ਉਸ ਬਜ਼ੁਰਗ ਕਾਮਰੇਡ ਤੋਂ ਬਾਬਾ ਜੀ ਬਾਰੇ ਇਹ ਸੁਣਨ ਪਿੱਛੋਂ ਮੈਂ ਬੜੇ ਧਿਆਨ ਨਾਲ ਬਾਬਾ ਬਿਲਗਾ ਜੀ ਦਾ ਭਾਸ਼ਣ ਸੁਣਿਆ। ਇਸ ਤੋਂ ਬਾਅਦ ਮੈਂ ਕਈ ਵਾਰ ਬਾਬਾ ਜੀ ਨੂੰ ਵੇਖਿਆ, ਪਰ ਚਿਰਾਂ ਤੱਕ ਕਦੀ ਗੱਲਬਾਤ ਨਹੀਂ ਸੀ ਹੋਈ, ਪਰ ਜਦੋਂ ਹੋਈ ਤਾਂ ਹੁੰਦੀ-ਹੁੰਦੀ ਏਨੀ ਨੇੜ ਤੇ ਅਪਣੱਤ ਵਾਲੀ ਹੱਦ ਨੂੰ ਪਹੁੰਚ ਗਈ

ਕਿ ਚਾਰ ਦਿਨਾਂ ਦਾ ਪਾੜਾ ਪੈਣ ਪਿੱਛੋਂ ਬਾਬਾ ਜੀ ਤੋਂ ਮਿੱਠੀ ਜਿਹੀ ਝਿੜਕ ਵੀ ਸਹਾਰਨੀ ਪੈਂਦੀ ਸੀ ਕਿ ਏਨੇ ਦਿਨ ਆਇਆ ਕਿਉਂ ਨਹੀਂ।

ਹੁਣ ਜਦੋਂ ਉਨ੍ਹਾਂ ਬਾਰੇ ਬਹੁਤ ਸਾਰੇ ਸਾਥੀ, ਸਨੇਹੀ ਤੇ ਸਿਆਸਤ ਦੀ ਮੱਸ ਰੱਖਣ ਵਾਲੇ ਸੱਜਣ ਲਿਖਣ ਲਈ ਕਲਮਾਂ ਚੁੱਕ ਰਹੇ ਹਨ, ਮੈਂ ਉਨ੍ਹਾਂ ਦੇ ਸਿਆਸੀ ਜੀਵਨ ਅਤੇ ਆਜ਼ਾਦੀ ਲਹਿਰ ਦੇ ਦਿਨਾਂ ਵਿਚ ਉਨ੍ਹਾਂ ਦੀ ਸਰਗਰਮੀ ਬਾਰੇ ਨਹੀਂ ਲਿਖਾਂਗਾ, ਕਿਉਂਕਿ ਇਹ ਕੁਝ ਕਈ ਹੋਰ ਸਾਥੀ ਵੀ ਲਿਖ ਚੁੱਕੇ ਹੋਣ ਕਰਕੇ ਦੁਹਰਾਓ ਜਾਪੇਗਾ। ਇਸ ਦੀ ਥਾਂ ਮੈਂ ਕੁਝ ਨਿੱਜੀ ਤਜਰਬੇ ਸਾਂਝੇ ਕਰਾਂਗਾ, ਜਿਹੜੇ ਮੇਰੇ ਵਰਗੇ ਕਈਆਂ ਨੂੰ ਹੋਏ ਹੋਣਗੇ। ਜਦੋਂ ਇਨ੍ਹਾਂ ਤਜਰਬਿਆਂ ਦੀ ਗੱਲ ਛੋਹ ਲਈਏ ਤਾਂ ਉਨ੍ਹਾਂ ਵਿਚੋਂ ਬਾਬਾ ਬਿਲਗਾ ਜੀ ਦੇ ਅੰਦਰਲਾ ਇੱਕ ਪਿਤਾ ਸਮਾਨ ਪੁਰਖ ਹੀ ਨਹੀਂ, ਇੱਕ ਮਹਾਂ ਮਨੁੱਖ ਵੀ ਨਜ਼ਰ ਪੈਂਦਾ ਹੈ। ਇਹ ਤਜਰਬੇ ਨਵੀਂ ਪੀੜ੍ਹੀ ਲਈ ਸ਼ਾਇਦ ਓਨੇ ਲਾਹੇਵੰਦ ਨਾ ਹੋਣ, ਪਰ ਮੇਰੀ ਪੀੜ੍ਹੀ ਦੇ ਜਿਹੜੇ ਲੋਕ ਹੁਣ ਚਿੱਟੇ ਵਾਲਾਂ ਨਾਲ ਤੁਰੇ ਫਿਰਦੇ ਹਨ, ਉਨ੍ਹਾਂ ਨੂੰ ਇਸ ਤੋਂ ਇਹ ਸਿੱਖਣ ਵਾਲਾ ਮੌਕਾ ਮਿਲੇਗਾ ਕਿ ਅਗਲੀ ਪੀੜ੍ਹੀ ਨੂੰ ਤਿਆਰ ਕਰਨ ਤੇ ਥਾਪੜਾ ਦੇਣ ਦਾ ਆਹ ਵੀ ਇੱਕ ਢੰਗ ਤੇ ਫਰਜ਼ ਹੁੰਦਾ ਹੈ।

ਭਕਨੇ ਦੀ ਉਪਰੋਕਤ ਦੱਸੀ ਕਾਨਫ਼ਰੰਸ ਤੋਂ ਕਈ ਸਾਲ ਬਾਅਦ ਉਹ ਦਿਨ ਆਇਆ, ਜਦੋਂ ਅਪਰੇਸ਼ਨ ਬਲਿਊ ਸਟਾਰ ਹੋਣ ਤੋਂ ਥੋੜ੍ਹਾ ਸਮਾਂ ਬਾਅਦ ਪੱਟੀ ਵਿਚ ਅਸਾਂ ਸਰਬ ਭਾਰਤ ਨੌਜਵਾਨ ਸਭਾ ਦੀ ਜ਼ਿਲ੍ਹਾ ਕਾਨਫ਼ਰੰਸ ਰੱਖੀ ਅਤੇ ਉਸ ਦੇ ਜਨਰਲ ਸਕੱਤਰ ਵਜੋਂ ਤਜਵੀਜ਼ ਮੰਨੀ ਗਈ ਕਿ ਇਸ ਦਾ ਉਦਘਾਟਨ ਕਰਨ ਲਈ ਬਾਬਾ ਭਗਤ ਸਿੰਘ ਬਿਲਗਾ ਨੂੰ ਸੱਦਿਆ ਜਾਵੇ।

ਨੌਜਵਾਨਾਂ ਨੇ ਤਜਵੀਜ਼ ਮੰਨ ਲਈ, ਪਰ ਪੁਰਾਣੇ ਕਈ ਕਾਮਰੇਡਾਂ ਨੇ ਇਸ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਬਾਬਾ ਭਗਤ ਸਿੰਘ ਬਿਲਗਾ ਮਾਰਕਸੀ ਕਮਿਊਨਿਸਟ ਪਾਰਟੀ ਦਾ ਹੈ। ਮੈਂ ਆਪਣੀ ਥਾਂ ਅੜਿਆ ਰਿਹਾ ਤੇ ਪਾਰਟੀ ਦਾ ਜ਼ਿਲ੍ਹਾ ਸਕੱਤਰ ਕਾਮਰੇਡ ਹਰਭਜਨ ਸਿੰਘ ਸਾਡੀ ਹਮਾਇਤ ਕਰਦਾ ਰਿਹਾ। ਬਾਬਾ ਜੀ ਮਿਥੇ ਦਿਨ ਸਮਾਗਮ ਦੇ ਸ਼ੁਰੂ ਤੱਕ ਨਾ ਦਿਸੇ। ਸਾਨੂੰ ਉਨ੍ਹਾਂ ਦੇ ਆਉਣ ਦੀ ਚਿੰਤਾ ਸੀ, ਹਾਲਾਂਕਿ ਅਸੀਂ ਸ਼ਹਿਰ ਵਿਚ ਨੌਜਵਾਨਾਂ ਦਾ ਭਰਵਾਂ ਅਮਨ ਮਾਰਚ ਕਰਨ ਦੇ ਬਾਅਦ ਆਏ ਸਾਂ। ਜਦੋਂ ਡੈਲੀਗੇਟ ਬੈਠ ਰਹੇ ਸਨ, ਬਾਬਾ ਜੀ ਦਿੱਸ ਪਏ।

ਸਮਾਗਮ ਦੇ ਰਸਮੀ ਉਦਘਾਟਨ ਵੇਲੇ ਉਨ੍ਹਾਂ ਦੱਸਿਆ ਕਿ ਮੈਂ ਤੁਹਾਡੇ ਕੋਲ ਆਉਣ ਤੋਂ ਪਹਿਲਾਂ ਸ਼ਹਿਰ ਦਾ ਚੱਕਰ ਲਾਇਆ ਹੈ ਤੇ ਲੋਕਾਂ ਨੇ ਦੱਸਿਆ ਹੈ ਕਿ ਕੱਲ੍ਹ ਇਸ ਸ਼ਹਿਰ ਵਿਚ ਅੱਤਵਾਦੀਆਂ ਨੇ ਦੋ ਕਤਲ ਕੀਤੇ ਸਨ। ਸ਼ਹਿਰ ਦੇ ਲੋਕ ਆਖਦੇ ਹਨ ਕਿ ਆਹ ਲਾਲ ਝੰਡੇ ਵਾਲੇ ਜਦੋਂ ਅਮਨ ਦਾ ਜਲੂਸ ਕੱਢਦੇ ਹਨ ਤਾਂ ਸਾਨੂੰ ਹੌਸਲਾ ਹੋ ਜਾਂਦਾ ਹੈ, ਇਸ ਲਈ ਤੁਸੀਂ ਨੌਜਵਾਨ ਜੋ ਕੁਝ ਕਰ ਰਹੇ ਹੋ, ਉਸ ਨੂੰ ਵੇਖ ਕੇ ਮੈਨੂੰ ਏਥੇ ਆਉਣ ਦਾ ਮਾਣ ਮਹਿਸੂਸ ਹੋ ਰਿਹਾ ਹੈ।

ਬਾਅਦ ਵਿਚ ਜਦੋਂ ਅਸੀਂ ਚਾਹ ਪੀਣ ਬੈਠੇ ਤਾਂ ਉਨ੍ਹਾਂ ਨੇ ਪੁੱਛ ਲਿਆ: 'ਪਨੂੰ, ਮੈਂ ਮਾਰਕਸੀ ਪਾਰਟੀ ਨਾਲ ਹਾਂ, ਤੂੰ ਸੀ.ਪੀ.ਆਈ. ਨਾਲ, ਮੈਨੂੰ ਸੱਦਣ ਦਾ ਕਿਸੇ ਨੇ ਵਿਰੋਧ ਨਹੀਂ ਸੀ ਕੀਤਾ?' ਮੈਂ ਮੰਨ ਗਿਆ ਕਿ ਇਹ ਕੀਤਾ ਗਿਆ ਸੀ, ਪਰ ਸਾਡੀ ਰਾਏ ਹੈ ਕਿ ਮੌਜੂਦਾ ਹਾਲਾਤ ਵਿਚ ਦੋਵਾਂ ਪਾਰਟੀਆਂ ਦੇ ਕਾਡਰ ਦਾ ਇੱਕ ਦੂਸਰੇ ਦੇ ਨੇੜੇ ਲੱਗ ਕੇ ਚੱਲਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ, ਇਸ ਲਈ ਅਸੀਂ ਕਿਸੇ ਵਿਰੋਧ ਦੀ ਪਰਵਾਹ ਨਹੀਂ ਕੀਤੀ। ਅੱਗੋਂ ਬਾਬਾ ਜੀ ਨੇ ਹੱਸ ਕੇ ਦੱਸਿਆ ਕਿ ਇਹੋ ਕੁਝ ਉਨ੍ਹਾਂ ਨਾਲ ਹੋਇਆ ਹੈ। ਮਾਰਕਸੀ ਪਾਰਟੀ ਵਿਚੋਂ ਕੁਝ ਸਾਥੀ ਵਿਰੋਧ ਕਰਦੇ ਸਨ ਤੇ ਬਾਬਾ ਜੀ ਨੇ ਵੀ ਉਹੋ ਜਵਾਬ ਦਿੱਤਾ ਸੀ, ਜਿਹੜਾ ਅਸੀਂ ਸੀ.ਪੀ.ਆਈ. ਵਿਚ ਦਿੱਤਾ ਹੋਇਆ ਸੀ। ਸਾਡੀ ਗੱਲਬਾਤ ਵਿਚ ਇਸ ਮਸਲੇ ਬਾਰੇ ਇੱਕੋ ਰਾਏ ਜ਼ਾਹਰ ਹੋਣ ਤੋਂ ਉਹ ਵੀ ਖੁਸ਼ ਤੇ ਉਤਸ਼ਾਹ ਵਿਚ ਸਨ ਤੇ ਮੇਰੇ ਵਰਗੇ ਉਨ੍ਹਾਂ ਤੋਂ ਅੱਧੀ ਉਮਰ ਤੋਂ ਵੀ ਘੱਟ ਵਾਲੇ ਬੱਚੇ ਦਾ ਖੁਸ਼ ਹੋਣਾ ਤਾਂ ਕੋਈ ਵੀ ਸਮਝ ਸਕਦਾ ਹੈ।

ਫਿਰ ਜਦੋਂ ਮੈਂ ਜਲੰਧਰ 'ਨਵਾਂ ਜ਼ਮਾਨਾ' ਵਿਚ ਆ ਗਿਆ, ਸਾਡਾ ਅਕਸਰ ਮੇਲ ਹੁੰਦਾ ਰਿਹਾ। ਬਹੁਤੀ ਨੇੜਤਾ ਤਾਂ ਸਬੱਬ ਓਦੋਂ ਬਣਿਆ, ਜਦੋਂ ਮੈਂ ਪਹਿਲੀ ਵਾਰੀ ਇੰਗਲੈਂਡ ਗਿਆ। ਬਾਬਾ ਜੀ ਆਪਣੇ ਵੱਡੇ ਪੁੱਤਰ ਕੁਲਬੀਰ ਸਿੰਘ ਦੇ ਕੋਲ ਬਰਮਿੰਘਮ ਸਨ। ਮੇਰੇ ਪਹੁੰਚਣ ਦੀ ਪਹਿਲੀ ਰਾਤ ਉਹ ਉਥੋਂ ਦੋ ਸੌ ਕਿਲੋਮੀਟਰ ਦੇ ਕਰੀਬ ਪੈਂਡਾ ਕਰਕੇ ਲੰਡਨ ਵਿਚ ਸਾਊਥਾਲ ਕਾਮਰੇਡ ਹਰਦੀਪ ਦੂਹੜਾ ਦੇ ਘਰ ਆ ਗਏ। ਰਾਤ ਨੂੰ ਸਾਡਾ ਦੋਵਾਂ ਦਾ ਬਿਸਤਰਾ ਇੱਕੋ ਕਮਰੇ ਵਿਚ ਸੀ। ਬਾਕੀ ਲੋਕ ਖਾ-ਪੀ ਕੇ ਚਲੇ ਗਏ ਤੇ ਹਰਦੀਪ ਤੇ ਉਨ੍ਹਾਂ ਦੀ ਜੀਵਨ-ਸਾਥਣ ਜਸਬੀਰ ਕੌਰ ਵੀ ਸਵੇਰੇ ਕੰਮ ਲਈ ਜਲਦੀ ਜਾਣਾ ਹੋਣ ਕਰਕੇ ਸੌਂ ਗਏ।

ਬਾਬਾ ਜੀ ਨੇ ਮੈਨੂੰ ਬਿਠਾ ਲਿਆ ਤੇ ਇੰਗਲੈਂਡ ਦਾ ਊਚ-ਨੀਚ ਸਮਝਾਉਣ ਲੱਗ ਪਏ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਏਥੇ ਮੌਸਮ ਦਾ ਵਿਸਾਹ ਨਾ ਖਾਵੀਂ। ਕਈ ਵਾਰੀ ਧੁੱਪ ਵੇਖ ਕੇ ਤੁਰ ਪਈਦਾ ਹੈ ਤੇ ਪੰਜ ਮਿੰਟਾਂ ਵਿਚ ਫਿਰ ਮੀਂਹ ਪੈ ਕੇ ਦੰਦੋੜਿੱਕੇ ਵੱਜਣ ਲੱਗ ਪੈਂਦੇ ਹਨ। ਜੇ ਤੂੰ ਏਥੇ ਬਿਮਾਰ ਪਿਆ ਤਾਂ ਜਿਨ੍ਹਾਂ ਨੇ ਤੈਨੂੰ ਸੱਦਿਆ ਹੈ, ਉਹ ਵਿਚਾਰੇ ਸਾਰੇ ਤੇਰੇ ਇਸ ਸਫ਼ਰ ਨੂੰ ਭੁਗਤਣਗੇ ਤੇ ਦੇਸ਼ ਵਾਪਸੀ ਤੱਕ ਤੇਰਾ ਹਾਲ ਠੀਕ ਨਹੀਂ ਹੋ ਸਕਣਾ, ਕਿਉਂਕਿ ਏਥੇ ਹੱਡਾਂ ਵਿਚ ਇਕ ਵਾਰ ਵੜੀ ਠੰਢ ਨਿਕਲਦੀ ਨਹੀਂ ਹੁੰਦੀ। ਜਿਵੇਂ ਕੋਈ ਬਾਪ ਆਪਣੇ ਪੁੱਤਰ ਨੂੰ ਨਵੇਂ ਥਾਂ ਦੀ ਨਿੱਕੀ-ਨਿੱਕੀ ਗੱਲ ਸਮਝਾ ਸਕਦਾ ਹੈ, ਉਵੇਂ ਸਮਝਾਉਣ ਤੋਂ ਬਾਅਦ ਬਾਬਾ ਜੀ ਨੇ ਨੀਂਦ ਆਉਣ ਦੇ ਬਾਵਜੂਦ ਉਥੋਂ ਦੀਆਂ ਕਈ ਸਿਆਸੀ ਉਲਝਣਾ ਵੀ ਰਾਤ ਨੂੰ ਹੀ ਸਮਝਾ ਦਿੱਤੀਆਂ।

ਇਨ੍ਹਾਂ ਦੋ ਪਹਿਲੀਆਂ ਘਟਨਾਵਾਂ ਤੋਂ ਬਾਅਦ ਜਿਹੜੇ ਬਾਕੀ ਦੇ ਡੇਢ ਦਹਾਕੇ ਦੇ ਕਰੀਬ ਸਾਲ ਗੁਜ਼ਾਰੇ, ਉਨ੍ਹਾਂ ਦੇ ਦੌਰਾਨ ਜਿਨ੍ਹਾਂ ਮਾਮਲਿਆਂ ਵਿਚ ਬਾਬਾ ਜੀ ਤੋਂ ਸਾਨੂੰ ਸੇਧ ਮਿਲਦੀ ਰਹੀ, ਉਨ੍ਹਾਂ ਵਿਚ ਸਿਆਸੀ ਵੀ ਸਨ, ਸਮਾਜਕ ਵੀ ਤੇ ਕਈ ਵਾਰੀ ਪਰਿਵਾਰਿਕ ਮਾਮਲੇ ਵੀ ਅਸੀਂ ਵਿਚਾਰਦੇ ਰਹੇ। ਉਨ੍ਹਾਂ ਅੰਦਰ ਇੱਕ ਮਹਾਨ ਇਨਕਲਾਬੀ ਵੀ ਸੀ, ਇੱਕ ਸਮਾਜ ਸੇਵੀ ਵੀ ਤੇ ਇੱਕ ਸੁਹਿਰਦ ਮਨੁੱਖ ਵੀ, ਜਿਹੜਾ ਆਮ ਕਰਕੇ ਸਿਆਸੀ ਪਾਣ ਚੜ੍ਹ ਚੁੱਕੇ ਲੋਕਾਂ ਵਿਚ ਬਹੁਤ ਵਿਰਲਾ ਮਿਲਦਾ ਹੈ। ਬਹੁਤ ਸਾਰੇ ਲੋਕ ਹਨ, ਜਿਨ੍ਹਾਂ ਨੂੰ ਬਾਬਾ ਜੀ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੇ ਸਨ, ਤੇ ਉਹ ਸਾਰੇ ਇਸ ਗੱਲ ਦਾ ਮਾਣ ਕਰ ਸਕਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਉਹ ਬਾਕੀਆਂ ਨੂੰ ਇਸ ਮਾਮਲੇ ਵਿਚ ਕੋਈ ਊਣੇ-ਪੌਣੇ ਸਮਝਦੇ ਹੋਣਗੇ, ਪਰ ਮੈਨੂੰ ਜਿਵੇਂ ਉਹ ਆਪਣੇ ਪੁੱਤਰਾਂ ਕੁਲਬੀਰ ਸਿੰਘ ਤੇ ਪ੍ਰੇਮ ਸਿੰਘ ਦੇ ਵਾਂਗ ਮੋਹ ਦੇਂਦੇ ਸਨ, ਉਹ ਮੋਹ ਮੈਂ ਉਨ੍ਹਾਂ ਨੂੰ ਹਰ ਉਸ ਕਾਰਕੁੰਨ ਲਈ ਨਿਛਾਵਰ ਕਰਦੇ ਵੇਖਿਆ ਸੀ, ਜਿਹੜਾ ਉਹ ਸਮਝਦੇ ਸਨ ਕਿ ਸਮਾਜ ਦੇ ਇਕ ਜਾਂ ਦੂਸਰੇ ਪੱਖ ਤੋਂ ਕੰਮ ਆਉਂਦਾ ਹੈ। ਦੇਸ਼ ਦੇ ਰੌਸ਼ਨ ਭਵਿੱਖ ਲਈ ਨਵੀਂ ਪੀੜ੍ਹੀ ਦੇ ਲੋਕ ਜਦੋਂ ਲੱਕ ਬੰਨ੍ਹ ਕੇ ਤੁਰਦੇ ਹਨ ਤਾਂ ਉਨ੍ਹਾਂ ਨੂੰ ਸਿਰਫ਼ ਸਿਆਸੀ ਸੂਝ ਦੇਣ ਵਾਲੇ ਹੀ ਨਹੀਂ, ਇਸ ਤਰ੍ਹਾਂ ਮੋਹ ਦੇਣ ਵਾਲੇ ਬਜ਼ੁਰਗਾਂ ਦੀ ਇਸ ਲਹਿਰ ਨੂੰ ਲੋੜ ਹੈ, ਜਿਹੜੀ ਹੁਣ ਘਟਦੀ ਜਾਂਦੀ ਮਹਿਸੂਸ ਹੋ ਰਹੀ ਹੈ। ਅੱਜ ਜਦੋਂ ਉਹ ਸਾਡੇ ਵਿਚ ਨਹੀਂ ਰਹੇ ਤਾਂ ਇੰਜ ਲੱਗਦਾ ਹੈ, ਜਿਵੇਂ ਪਿਓ-ਦਾਦੇ ਵਾਲੀ ਸਰਪ੍ਰਸਤੀ ਦੇਣ ਵਾਲਾ ਉਹ ਬਜ਼ੁਰਗ ਤੁਰ ਗਿਆ ਹੋਵੇ, ਜਿਸ ਦੇ ਵਾਸਤੇ ਮੇਰ-ਤੇਰ ਦੀ ਗੁੰਜਾਇਸ਼ ਰੱਖੇ ਬਿਨਾਂ ਦੇਸ਼ ਦਾ ਦਰਦ ਰੱਖਣ ਵਾਲੇ ਉਨ੍ਹਾਂ ਦੇ ਪੁੱਤਰਾਂ ਦੀ ਉਮਰ ਦੇ ਸਾਰੇ ਲੋਕ ਪੁੱਤਰ ਹੀ ਹੋਣ, ਸਗੋਂ ਕਈ ਮਾਮਲਿਆਂ ਵਿਚ ਸ਼ਾਇਦ ਸਕੇ ਪੁੱਤਰਾਂ ਤੋਂ ਵੱਧ ਜਾਪਦੇ ਹੋਣ। ਬੜੀ ਵੱਡੀ ਦੇਣ ਹੈ ਬਾਬਾ ਬਿਲਗਾ ਜੀ, ਦੇਸ਼ ਦੀ ਆਜ਼ਾਦੀ ਲਹਿਰ ਦੇ ਸਮੇਂ ਤੋਂ ਅੱਜ ਤੱਕ ਉਂਜ ਵੀ, ਪਰ ਜਿਵੇਂ ਨਵੀਂ ਪੀੜ੍ਹੀ ਨੂੰ ਪਿਆਰ ਦਾ ਥਾਪੜਾ ਦੇ ਕੇ ਗਏ ਹਨ, ਇਹ ਸ਼ਾਇਦ ਸਭ ਤੋਂ ਵੱਡੀ ਦੇਣ ਹੋਵੇਗੀ।

# ਸੰਘਰਸ਼ ਭਰੀ ਸਦੀ ਦਾ ਮਹਾਨਾਇਕ ਬਾਬਾ ਭਗਤ ਸਿੰਘ ਬਿਲਗਾ

ਘਰ ਹੀਰਾ ਨਿਵਾਸ ਪੱਤੀ ਭਲਾਈ ਬਿਲਗਾ ਵਿਖੇ, ਜਿਸ ਸ਼ਰਧਾ ਨਾਲ ਲੋਕਾਂ ਨੇ ਬਾਬਾ ਜੀ ਦੀ ਦੇਹ 'ਤੇ ਸ਼ਰਧਾ ਸੁਮਨ ਅਰਪਿਤ ਕੀਤੇ ਤੇ ਜਿਹੜੇ ਸ਼ਬਦਾਂ ਨਾਲ ਉਹਨਾਂ ਦੀ ਮਹਾਨਤਾ ਨੂੰ ਯਾਦ ਕੀਤਾ ਗਿਆ ਅਤੇ ਜਿਸ ਵੱਡੀ ਗਿਣਤੀ ਵਿੱਚ ਲੋਕ ਬਾਬਾ ਜੀ ਨੂੰ ਅੰਤਿਮ ਵਿਦਾਇਗੀ ਦੇਣ ਲਈ ਬਿਲਗੇ ਵਿੱਚ ਇਕੱਤਰ ਹੋਏ, ਉਹ ਦੇਖਦਿਆਂ ਹੋਇਆਂ ਬਾਬਾ ਜੀ ਦੇ ਸਭ ਪਿਆਰੇ ਭਾਵੁਕਤਾ ਦੇ ਵਹਿਣ ਵਿੱਚ ਵਹਿ ਤੁਰੇ ਸਨ, ਉਸ ਵਕਤ ਭਾਵੁਕਤਾ ਨਾਲ ਫਿੱਸ-ਫਿੱਸ ਪੈਂਦੇ ਮਨ, ਭਰੇ ਗ਼ਲੇ ਤੇ ਨਿਰੰਤਰ ਵਹਿੰਦੇ ਅੱਥਰੂਆਂ ਕਾਰਨ ਕੋਈ ਵੀ ਬੋਲਣ ਦੇ ਸਮਰੱਥ ਨਹੀਂ ਸੀ। ਇਸ ਤੋਂ ਉਪਰੰਤ ਜਦ ਉਹਨਾਂ ਦੀਆਂ ਅਸਥੀਆਂ ਨੂੰ ਅਸੀਂ ਬਿਲਗੇ ਤੋਂ ਹੁਸੈਨੀਵਾਲਾ ਲੈ ਕੇ ਜਾ ਰਹੇ ਸਾਂ ਤਾਂ ਵੀ ਰਸਤੇ ਵਿੱਚ ਨਕੋਦਰ, ਮਹਿਤਪੁਰ, ਸਿਧਵਾਂ ਬੇਟ, ਜਗਰਾਵਾਂ, ਅਜੀਤਵਾਲ, ਮੋਗਾ ਬੁੱਘੀਪੁਰ ਚੌਂਕ, ਮੋਗਾ ਬੱਸ ਸਟੈਂਡ, ਮੋਗਾ ਨੈਸਲੇ ਗੇਟ, ਘੱਲ਼ੂ ਕਲਾਂ, ਫਿਰੋਜ਼ਪੁਰ ਕੈਂਟ, ਫਿਰੋਜ਼ਪੁਰ ਸ਼ਹਿਰ ਤੇ ਹੁਸੈਨੀਵਾਲਾ ਵਿਖੇ ਵੀ ਇਸੇ ਤਰ੍ਹਾਂ ਲੋਕਾਂ ਦੇ ਹਜੂਮ ਨੇ ਬਾਬਾ ਬਿਲਗਾ ਜੀ ਦੇ ਪ੍ਰਤੀ ਨਮ ਅੱਖਾਂ ਅਤੇ ਭਰੇ ਗ਼ਲ ਨਾਲ ਆਪਣੀ ਸ਼ਰਧਾ ਪ੍ਰਗਟਾਈ।

ਇਸ ਮੌਕੇ 'ਤੇ ਮੈਂ ਤੇ ਬਾਬਾ ਜੀ ਦੇ ਪਰਿਵਾਰ ਦੇ ਸਾਰੇ ਮੈਂਬਰ ਇਹ ਦੇਖ ਕੇ ਹੈਰਾਨ ਹੋ ਰਹੇ ਸਾਂ ਕਿ ਕਿੰਨੇ ਹੀ ਐਸੇ ਲੋਕ, ਜਿਨ੍ਹਾਂ ਨੂੰ ਨਾ ਮੈਂ ਅਤੇ ਨਾ ਹੀ ਉਹਨਾਂ ਦੇ ਪਰਿਵਾਰ ਦਾ ਕੋਈ ਹੋਰ ਮੈਂਬਰ ਜਾਣਦਾ ਸੀ ਪਰ ਉਹ ਆਪਸ ਵਿੱਚ ਨਮ ਅੱਖਾਂ ਨਾਲ ਬਾਬਾ ਜੀ ਦੀ ਮੌਤ ਦਾ ਇੱਕ ਦੂਜੇ ਨਾਲ ਅਫ਼ਸੋਸ ਕਰ ਰਹੇ ਸਨ ਅਤੇ ਇਹ ਸ਼ਬਦ ਵਾਰ-ਵਾਰ ਸੁਣਨ ਨੂੰ ਮਿਲ ਰਹੇ ਸਨ ਕਿ ਤੁਹਾਨੂੰ ਤਾਂ ਪਤਾ ਹੀ ਹੈ ਕਿ ਬਾਬਾ ਜੀ ਦਾ ਸਾਡੇ ਨਾਲ ਕਿੰਨਾਂ ਪਿਆਰ ਸੀ।

ਭਾਵੇਂ ਬਾਬਾ ਬਿਲਗਾ ਜੀ ਦੇ ਪਿਆਰ ਕਲਾਵੇ ਵਿੱਚ ਅਣਗਿਣਤ ਲੋਕ ਆਉਂਦੇ ਸਨ ਤੇ ਉਹ ਸਾਰੇ ਬਾਬਾ ਜੀ ਦੇ ਕਿਸੇ ਕੰਮ ਆਉਣ ਦੇ ਸੁਭਾਗੇ ਵਕਤ ਦੀ ਉਡੀਕ ਵਿੱਚ ਵੀ ਰਹਿੰਦੇ ਸਨ ਪਰ ਓਥੇ ਉਹਨਾਂ ਦੇ ਘਰ ਦੇ ਜੀਆਂ ਬਾਰੇ ਵੀ ਕੁਝ ਕਹਿਣ ਦੀ ਲੋੜ ਮਹਿਸੂਸ ਹੁੰਦੀ ਹੈ ਕਿ ਜਿਸ ਵਿਅਕਤੀ ਨੇ ਲੋਕ ਹਿੱਤ ਵਿੱਚ ਆਪਣੀ ਸਾਰੀ ਉਮਰ ਲਗਾ ਦਿੱਤੀ ਹੋਵੇ ਅਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਆਮ ਦੁਨੀਆਦਾਰ ਵਿਅਕਤੀ ਵਾਂਗੂੰ ਵਧੇਰੇ ਦਿਲਚਸਪੀ ਲੈਕੇ ਨਾ ਨਿਭਾਈਆਂ ਹੋਣ, ਉਸ ਵਿਅਕਤੀ ਦਾ ਨਿੱਜੀ ਪਰਿਵਾਰ ਉਸ ਸੰਬੰਧੀ ਕਿਸ ਤਰ੍ਹਾਂ ਦੇ ਜਜ਼ਬਾਤ ਰੱਖਦਾ ਹੈ।ਵੱਡੇ ਭਰਾ ਨੰਬਰਦਾਰ ਚੌਧਰੀ ਰਾਮ ਬਖ਼ਸ਼ ਨੂੰ ਇਹਨਾਂ ਦੀ ਆਜ਼ਾਦੀ ਦੀ ਲੜਾਈ ਤੇ ਲੋਕ ਹਿੱਤ ਦੇ ਮੋਰਚਿਆਂ ਕਾਰਨ ਸਰਕਾਰੀ ਪਰੇਸ਼ਾਨੀਆਂ ਬਰਦਾਸ਼ਤ ਕਰਨੀਆਂ ਪਈਆਂ। ਇਹਨਾਂ ਦੀ ਸੁਪਤਨੀ ਮਾਤਾ ਚੰਨਣ ਕੌਰ ਨੂੰ ਇਹਨਾਂ ਦੇ ਹਿੱਸੇ ਦੀਆਂ ਜ਼ਿੰਮੇਵਾਰੀਆਂ ਦੀ ਭਾਰੀ ਪੰਡ ਸਾਰੀ ਉਮਰ ਚੁੱਕਣੀ ਪਈ, ਪਰ ਉਸ ਸਖ਼ਤ ਜਾਨ ਬਹਾਦਰ ਔਰਤ ਨੇ ਕਦੇ ਵੀ ਇਹਨਾਂ ਦੇ ਕਾਰਜ ਵਿੱਚ ਰੁਕਾਵਟ ਨਹੀਂ ਪਾਈ, ਸਗੋਂ ਪਾਰਟੀ ਦੀ ਹਦਾਇਤ 'ਤੇ ਜੇਕਰ ਪਰਿਵਾਰ ਨੂੰ ਨਾਲ ਰੱਖਣਾ ਜ਼ਰੂਰੀ ਹੋਇਆ ਤਾਂ ਵੀ ਘਰ ਛੱਡ ਕੇ ਆਪਣੇ ਪਤੀ ਦਾ ਸਾਥ ਦਿੱਤਾ। ਤੰਗੀ ਦੇ ਦਿਨਾਂ ਵਿੱਚ ਬਾਬਾ ਜੀ ਦੇ ਸਹੁਰੇ ਪਰਿਵਾਰ ਖਾਨਖਾਨਾ ਵਾਲਿਆਂ ਨੇ ਵੀ ਭਰਪੂਰ ਮਦਦ ਕੀਤੀ।

ਆਪਣੇ ਬਾਪ ਦੀ ਬੁੱਕਲ ਦੇ ਨਿੱਘ ਨੂੰ ਬਚਪਨ ਵਿੱਚ ਤਰਸਦੇ ਰਹੇ ਇਹਨਾਂ ਦੇ ਸਪੁੱਤਰ ਕੁਲਬੀਰ ਸਿੰਘ ਸੰਘੇੜਾ ਤੇ ਗੁਰਪ੍ਰੇਮ ਸਿੰਘ ਸੰਘੇੜਾ ਵੀ ਆਪਣੇ ਬਾਪ ਦੀਆਂ ਇਤਿਹਾਸਕ ਵਡਿਆਈਆਂ ਤੇ ਫਖ਼ਰ ਕਰਦੇ ਸਨ।

ਉਹਨਾਂ ਨੇ, ਉਹਨਾਂ ਦੀਆਂ ਪਤਨੀਆਂ ਨੇ ਉਹਨਾਂ ਦੇ ਪੋਤਰਿਆਂ ਤੇ ਪੋਤ ਨੂੰਹਾਂ ਨੇ ਬਾਬਾ ਜੀ ਦੀ ਬੁਢਾਪੇ ਵਿੱਚ, ਜਦ ਉਹ ਦੇਖਣ ਸੁਣਨ ਤੇ ਚੱਲਣ ਤੋਂ ਅਸਮਰੱਥ ਹੋ ਗਏ ਤਾਂ ਘਰ ਦੇ ਇਹਨਾਂ ਸਾਰੇ ਜੀਆਂ ਨੇ ਉਹਨਾਂ ਦੀਆਂ ਅੱਖਾਂ, ਕੰਨ, ਪੈਰ ਭਾਵ ਹਰ ਤਰ੍ਹਾਂ ਦੀ ਸ਼ਕਤੀ ਬਣ ਕੇ ਲਾਸਾਨੀ ਸੇਵਾ ਸੰਭਾਲ ਕੀਤੀ ਅਤੇ ਉਹਨਾਂ ਦੇ ਹਰ ਬੋਲ 'ਤੇ ਪੂਰੀ ਸ਼ਰਧਾ ਨਾਲ ਫੁੱਲ ਚੜ੍ਹਾਏ। ਇਹ ਉਹਨਾਂ ਦੇ ਪਿਆਰ ਦੀ ਸ਼ਕਤੀ ਦਾ ਕਮਾਲ ਸੀ। ਬਾਬਾ ਜੀ ਦੇ ਪਿਆਰ ਵਿੱਚ ਅਥਾਹ ਸ਼ਕਤੀ ਸੀ। ਦਰਅਸਲ ਬਾਬਾ ਬਿਲਗਾ ਜੀ ਮੋਹ ਦਾ ਸਮੁੰਦਰ ਸਨ। ਉਨ੍ਹਾਂ ਵਰਗੀ ਬਹੁਪੱਖੀ ਸ਼ਖ਼ਸੀਅਤ ਬਾਰੇ ਸਮੁੱਚ ਵਿੱਚ ਕੁਝ ਕਹਿ ਸਕਣਾ ਨਾ-ਮੁਮਕਿਨ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ।

# ਨਿਊਯਾਰਕ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਜਨਮ ਦਿਨ ਧੂਮ-ਧਾਮ ਨਾਲ ਮਨਾਇਆ











**ਨਿਊਯਾਰਕ (ਬਲਵਿੰਦਰ ਭੌਰਾ) –** ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਗੁਰੂ ਘਰ ਵਿਖੇ ਦਲਿਤ ਨੇਤਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ 82ਵਾਂ ਜਨਮ ਦਿਨ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ। ਜਨਮ ਦਿਨ ਦੇ ਸਬੰਧ 'ਚ ਪਹਿਲਾਂ 25 ਮਾਰਚ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿ ਦੀ ਆਰੰਭਤਾ ਹੋਈ। ਇਸ ਉਪਰੰਤ 27 ਮਾਰਚ ਐਤਵਾਰ ਸਵੇਰੇ ਆਖੰਡ ਪਾਠ ਦੇ ਭੋਗ ਦੀ ਅਰਦਾਸ ਉਪਰੰਤ ਜਨਮ ਦਿਨ ਸਮਾਗਮ ਨਿਰੰਤਰ ਦੇਰ ਸ਼ਾਮ ਤੱਕ ਚੱਲਿਆ। ਇਸ ਮੌਕੇ ਆਏ ਵੱਖ-ਵੱਖ ਬੁਲਾਰਿਆਂ ਨੇ ਸ੍ਰੀ ਕਾਂਸ਼. ਰਾਮ ਜੀ ਦੇ ਜੀਵਨ ਸੰਘਰਸ਼ ਨੂੰ ਬਾਖੂਬੀ ਬਿਆਨਿਆ। ਜਿਹਨਾਂ ਵਿਚ ਮਿਸ਼ਨਰੀ ਨੌਜਵਾਨ ਸਾਥੀ ਹਰਜਿੰਦਰ ਕੁਮਾਰ ਨੇ ਵੱਖ ਵੱਖ ਸਮੇਂ ਕਾਂਸ਼ੀ ਰਾਮ ਜੀ ਨਾਲ ਹੋਏ ਸਿਆਸੀ ਧੋਖਿਆਂ ਨੂੰ ਵਿਸਥਾਰ ਨਾਲ ਪੇਸ਼ ਕੀਤਾ। ਮਿਸ਼ਨਰੀ ਜੇ. ਪੀ. ਆਰ. ਨੇ ਆਪਣੇ ਹੱਥ 'ਚ ਹਿੰਦੂ ਗ੍ਰੰਥ ਮਨੂੰ ਸਿਮਰਤੀ ਦਿਖਾਉਂਦੇ ਹੋਏ ਕਿਹਾ ਕਿ ਸਾਡੇ 'ਤੇ ਹੋ ਰਹੇ ਜ਼ੁਲਮਾਂ ਦਾ ਕਾਰਨ ਇਹ ਕਿਤਾਬ ਹੈ, ਉਹਨਾਂ ਕਿਹਾ ਕਿ ਸਾਨੂੰ ਲਾਮਬੰਦ ਹੋ ਕੇ ਆਪਣਾ ਰਾਜ ਲਿਆਉਣਾ ਚਾਹੀਦਾ ਹੈ, ਜਿਸ ਨਾਂਲ ਸਾਡੀ ਦਿਸ਼ਾ ਅਤੇ ਦਸ਼ਾ ਬਦਲੇ, ਲੇਖਕ ਬਲਵਿੰਦਰ ਭੌਰਾ ਨੇ ਕਿਹਾ ਕਿ ਜਿੰਨਾ ਚਿਰ ਅਸੀਂ ਆਪਣੇ ਇਤਿਹਾਸ ਨੂੰ ਪੜ੍ਹਦੇ ਨਹੀਂ, ਉਨਾ ਚਿਰ ਅਸੀਂ ਆਪਣੇ ਸੰਘਰਸ਼ 'ਚ ਕਾਮਯਾਬ ਨਹੀਂ ਹੋ ਸਕਦੇ। ਇਹਨਾਂ ਤੋਂ ਇਲਾਵਾ ਬੁਲਾਰਿਆਂ 'ਚ ਪਰਵੀਨ ਕੁਮਾਰ ਬੌਬੀ ਇਟਲੀ, ਹਰਦੇਵ ਸਹਾਏ, ਦਲੀਪ ਮਸਕੇ ਮਹਾਂਰਾਸ਼ਟਰ ਤੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਅਮਰਜੀਤ ਸਿੰਘ ਨੇ ਵੀ ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਸਬੰਧੀ ਵਿਚਾਰ ਪੇਸ਼ ਕੀਤੇ।


ਇਸ ਮੌਕੇ ਗਾਇਕ ਅਮਰਜੀਤ ਰਮਤਾ ਤੇ ਸਾਥੀਆਂ ਨੇ ਜੋਸ਼ੀਲੇ ਗੀਤਾਂ ਰਾਹੀਂ ਦਲਿਤ ਹੱਕਾਂ ਦਾ ਹੋਕਾ ਦਿੱਤਾ। ਕਵੀ ਸੋਹਣ ਸਿੰਘ ਨੇ ਕਵਿਤਾ ਪੜ੍ਹੀ, ਇਸ ਤੋਂ ਬਾਅਦ ਪ੍ਰਸਿੱਧ ਰਾਗੀ ਭਾਈ ਅਮਰਜੀਤ ਸਿੰਘ ਬੋਦਲ ਵਾਲਿਆਂ ਦੇ ਜਥੇ ਵੱਲੋਂ ਆਨੰਦ ਸਾਹਿਬ ਦਾ ਕੀਰਤਨ ਗਾਇਨ ਕੀਤਾ ਗਿਆ। ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਨਵੇਂ ਬਣੇ ਪ੍ਰਧਾਨ ਸ੍ਰੀ ਅਸ਼ੋਕ ਮਾਹੀ ਨੇ ਆਈਆਂ ਸੰਗਤਾਂ ਤੇ ਬੁਲਾਰਿਆਂ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦੀ ਕਾਰਵਾਈ ਸਕੱਤਰ ਰਾਮ ਸਰੂਪ ਬੰਗੜ ਨੇ ਨਿਭਾਈ।





ਸਤਵੰਤ ਕੌਰ ਕਲੋਟੀ
91-95011-98881

# ਬ੍ਰਹਿਮੰਡ: ਇਕ ਨਜ਼ਰ
## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)




**(ਗਿਆਰਵੀ ਕਿਸਤ)**


**ਤਾਰਾ ਸਮੂਹ**
(Constellations)

ਅਸੀਂ ਜਾਣਦੇ ਹਾਂ ਕਿ ਤਾਰੇ ਅਤਿਅੰਤ ਗਰਮ ਗੈਸਾਂ ਦੇ ਸਵੈ-ਪ੍ਰਕਾਸ਼ਮਾਨ ਗੋਲੇ ਹਨ। ਜਦੋਂ ਅਸੀਂ ਰਾਤ ਨੂੰ ਅਸਮਾਨ ਵੱਲ ਤੱਕਦੇ ਹਾਂ ਤਾਂ ਤਾਰਿਆਂ ਦੇ ਕਈ ਗਰੁੱਪ ਬਹੁਤ ਖੂਬਸੂਰਤ ਆਕ੍ਰਿਤੀਆਂ (ਰੂਪ-ਰੇਖਾਵਾਂ) ਬਣਾਉਂਦੇ ਨਜ਼ਰ ਆਉਂਦੇ ਹਨ। ਇਹਨਾਂ ਆਕ੍ਰਿਤੀਆਂ ਨੂੰ ਤਾਰਾ-ਸਮੂਹ, ਤਾਰਾ-ਝੁੰਡ ਜਾਂ ਤਾਰਾ-ਮੰਡਲ ਕਿਹਾ ਜਾਂਦਾ ਹੈ।

ਕਈ ਤਾਰਾ-ਸਮੂਹ ਸਾਰਾ ਸਾਲ ਦਿਖਾਈ ਦਿੰਦੇ ਹਨ, ਪ੍ਰੰਤੂ ਕਈ ਰੁੱਤਾਂ ਅਨੁਸਾਰ ਹੀ ਨਜ਼ਰ ਆਉਂਦੇ ਹਨ। ਇਸ ਦਾ ਕਾਰਨ ਧਰਤੀ ਦੀ ਆਪਣੇ ਧੁਰੇ ਦੁਆਲੇ ਅਤੇ ਸੂਰਜ ਦੁਆਲੇ ਚੱਕਰਵਾਤ ਗਤੀ ਹੈ। ਇਕ ਤਾਰਾ-ਸਮੂਹ ਵਿਚਲੇ ਤਾਰੇ ਸਾਨੂੰ ਇਕ-ਦੂਜੇ ਦੇ ਨੇੜੇ-ਨੇੜੇ ਪ੍ਰਤੀਤ ਹੁੰਦੇ ਹਨ ਪ੍ਰੰਤੂ ਅਸਲ ਵਿਚ ਇਹ ਪੁਲਾੜ ਵਿਚ ਇਕ-ਦੂਜੇ ਤੋਂ ਬਹੁਤ ਦੂਰ-ਦੂਰ ਮੌਜੂਦ ਹੁੰਦੇ ਹਨ। ਉਰਸਾ ਮੇਜਰ, ਉਰਸਾ ਮਾਈਨਰ, ਓਰੀਆਨ, ਬ੍ਰਿਸਚਕ ਅਤੇ ਕਰਿਤਿਕਾ ਅਸਮਾਨ ਵਿਚ ਨਜ਼ਰ ਆਉਣ ਵਾਲੇ ਮੁੱਖ ਤਾਰਾ-ਸਮੂਹ ਹਨ।

ਸਭ ਤੋਂ ਪਹਿਲਾਂ 150 AD ਦੇ ਨੇੜੇ-ਤੇੜੇ ਮਿਸਰ ਦੇ ਜੰਮਪਲ ਵਿਗਿਆਨੀ ਟੌਲਮੀ (Ptolemy) ਦੁਆਰਾ ਲਿਖੀ ਗਈ ਕਿਤਾਬ 'ਅਲਮਾਜੈਸਟ' ਪ੍ਰਕਾਸ਼ਿਤ ਹੋਈ, ਜਿਸ ਵਿਚ ਪੁਲਾੜ ਬਾਰੇ ਡੂੰਘੀ ਜਾਣਕਾਰੀ ਦਰਜ ਸੀ। ਇਸ ਵਿਚ 1022 ਤਾਰਿਆਂ ਦੀ ਸੂਚੀ ਸ਼ਾਮਲ ਸੀ, ਜਿਹਨਾਂ ਨੂੰ 48 ਤਾਰਾ-ਸਮੂਹਾਂ ਵਿਚ ਵੰਡਿਆ ਗਿਆ ਸੀ। 1922 ਵਿਚ ਏ. ਆਈ. ਯੂ. (International Astronomical Union) ਪੈਰਿਸ, ਫਰਾਂਸ ਨੇ ਟੌਲਮੀ ਦੁਆਰਾ ਪਹਿਚਾਣੇ ਗਏ 47 ਤਾਰਾ-ਸਮੂਹਾਂ ਨੂੰ ਸ਼ਾਮਲ ਕਰਦਿਆਂ ਕੁੱਲ 88 ਤਾਰਾ-ਸਮੂਹਾਂ ਦੀ ਸੂਚੀ ਜਾਰੀ ਕੀਤੀ। ਟੌਲਮੀ ਦੀ 48 ਤਾਰਾ-ਸਮੂਹਾਂ ਦੀ ਸੂਚੀ ਵਿਚੋਂ ਸਿਰਫ ਇਕ ਤਾਰਾ-ਸਮੂਹ ਹੀ ਅਜਿਹਾ ਸੀ, ਜਿਸ ਨੂੰ ਏ. ਆਈ. ਯੂ. ਦੁਆਰਾ ਪ੍ਰਮਾਣਿਤ ਨਹੀਂ ਕੀਤਾ ਗਿਆ। ਇਸ ਤਾਰਾ-ਸਮੂਹ ਦਾ ਨਾਂ ਅਰਗੋ ਨੇਵਿਸ (Argo Navis) ਸੀ। ਇਸ ਦਾ ਆਕਾਰ ਵੱਡਾ ਹੋਣ ਕਰਕੇ, ਇਸ ਨੂੰ ਕਰੀਨਾ (Carina), Upwips (Puppis) ਅਤੇ ਵੇਲਾ (Vela) ਨਾਂ ਦੇ ਤਿੰਨ ਤਾਰਾ-ਸਮੂਹਾਂ ਵਿਚ ਵੰਡ ਦਿੱਤਾ ਗਿਆ।

88 ਤਾਰਾ-ਸਮੂਹਾਂ ਦੀ ਇਹ ਸੂਚੀ ਅੱਜ ਵੀ ਸਵੀਕਾਰੀ ਜਾ ਰਹੀ ਹੈ। ਇਹਨਾਂ ਵਿਚੋਂ 42 ਤਾਰਾ-ਸਮੂਹ ਜਾਨਵਰਾਂ ਨੂੰ, 29 ਨਿਰਜੀਵ ਵਸਤਾਂ ਨੂੰ ਅਤੇ 17 ਮਿਥਿਹਾਸਕ ਮਨੁੱਖੀ ਕਿਰਦਾਰਾਂ ਨੂੰ ਪ੍ਰਗਟਾਉਂਦੇ ਹਨ। ਵੱਖ-ਵੱਖ ਸੱਭਿਆਤਾਵਾਂ ਦੁਆਰਾ ਇਨ੍ਹਾਂ ਤਾਰਾ-ਸਮੂਹਾਂ ਨੂੰ ਆਪਣੇ ਵਿਰਸੇ ਦੀਆਂ ਕਹਾਣੀਆਂ, ਦੇਵੀ-ਦੇਵਤਿਆਂ ਅਤੇ ਧਾਰਮਿਕ ਕਿਰਦਾਰਾਂ ਨਾਲ ਜੋੜਿਆ ਗਿਆ ਹੈ।




ਵਿਆਧ (Orion)

ਬਹੁਤ ਸਾਰੇ ਲੋਕ ਆਪਣੇ ਦਿਨ ਦੀ ਸ਼ੁਰੂਆਤ ਰਾਸ਼ੀਫਲ ਦੇਖ ਕੇ ਸ਼ੁਰੂ ਕਰਦੇ ਹਨ। ਰਾਸ਼ੀ ਚਿੰਨ੍ਹਾਂ (Zodiac Signs) ਜਿਹਨਾਂ ਦੀ ਗਿਣਤੀ 12 ਹੈ, ਨੂੰ 12 ਤਾਰਾ-ਸਮੂਹਾਂ ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ: ਮੇਖ, ਬ੍ਰਿਖ, ਮਿਥੁਨ, ਕਰਕ, ਸਿੰਘ, ਕੰਨਿਆ, ਤੁਲਾ, ਬ੍ਰਿਸਚਕ, ਧਨ, ਮਕਰ, ਕੁੰਭ ਅਤੇ ਮੀਨ (Aries, Taurus, Gemini, Cancer, Leo, Virgo, Libra, Scorpio, Sagittarius, Capricorn, Aquarius, Pisces) ਇਹਨਾਂ ਨੂੰ ਰਾਸ਼ੀ ਤਾਰਾ - ਸਮੂਹ (Contellations of Zodic) ਕਿਹਾ ਜਾਂਦਾ ਹੈ। ਅਸਲ ਵਿਚ ਇਹਨਾਂ 12 ਤਾਰਾ-ਸਮੂਹਾਂ ਦੀ ਮਹੱਤਤਾ ਇਹ ਹੈ ਕਿ ਇਹ ਪੁਲਾੜ ਵਿਚ ਇਕਲਿਪਟਿਕ (Ecliptic) ਨਾਂ ਦੇ ਤਲ ਵਿਚ ਮੌਜੂਦ ਹਨ, ਜਿਸ ਉਤੇ ਸਾਡੇ ਸੂਰਜੀ ਪਰਿਵਾਰ ਦੇ ਜ਼ਿਆਦਾਤਰ ਮੈਂਬਰ ਗਤੀ ਕਰਦੇ ਹਨ।

ਆਓ ਆਕਾਸ਼ ਵਿਚ ਨਜ਼ਰ ਆਉਣ ਵਾਲੇ ਕੁਝ ਮੁੱਖ ਤਾਰਾ-ਸਮੂਹਾਂ ਉਤੇ ਚਰਚਾ ਕਰੀਏ।

### 2.1 ਵਿਆਧ
### (Orion)

(ਓਰੀਆਨ, ਮ੍ਰਿਗ, ਹੰਟਰ) ਵਿਆਧ ਸਰਦੀਆਂ ਵਿਚ ਨਜ਼ਰ ਆਉਣ ਵਾਲਾ ਸਭ ਤੋਂ ਵੱਧ ਚਮਕਦਾਰ ਅਤੇ ਖੂਬਸੂਰਤ ਤਾਰਾ-ਸਮੂਹ ਹੈ। ਇਹ ਨਵੰਬਰ ਤੋਂ ਫਰਵਰੀ ਤੱਕ ਰਾਤ ਸਮੇਂ ਕਾਫੀ ਉਘੜਵਾਂ ਨਜ਼ਰ ਆਉਂਦਾ ਹੈ। ਉਤਰੀ ਅਰਧ-ਗੋਲੇ ਵਿਚ ਰਹਿ ਰਹੇ ਲੋਕਾਂ ਨੂੰ ਇਹ ਦੱਖਣ-ਪੱਛਮ ਅਸਮਾਨ ਵਿਚ ਨਜ਼ਰ ਆਉਂਦਾ ਹੈ, ਜਦਕਿ ਦੱਖਣੀ ਅਰਧ-ਗੋਲੇ ਦੇ ਲੋਕਾਂ ਨੂੰ ਇਹ ਉਤਰ-ਪੱਛਮੀ ਅਸਮਾਨ ਵਿਚ ਦਿਸਦਾ ਹੈ। ਇਹ ਅਸਮਾਨ ਦਾ ਸਭ ਤੋਂ ਜ਼ਿਆਦਾ ਉਘੜਵਾਂ ਅਤੇ ਇੱਕ ਦਮ ਪਹਿਚਾਣਿਆ ਜਾਣ ਵਾਲਾ ਤਾਰਾ-ਸਮੂਹ ਹੈ।

ਭਾਰਤ ਵਿਚ ਇਸ ਨੂੰ 'ਮ੍ਰਿਗ' ਵੀ ਕਿਹਾ ਜਾਂਦਾ ਹੈ। ਇਸ ਤਾਰਾ-ਸਮੂਹ ਦਾ ਨਾਂ 'ਓਰੀਆਨ' (Orion) ਯੂਨਾਨੀ ਮਿਥਿਹਾਸ ਦੇ ਇਕ 'ਓਰੀਆਨ' ਨਾਂ ਦੇ ਸ਼ਿਕਾਰੀ ਦੇ ਨਾਂ ਤੇ ਪਿਆ। ਇਸ ਵਿਚ 7 ਮੁੱਖ ਚਮਕਦਾਰ ਤਾਰੇ ਅਤੇ ਕਈ ਹੋਰ ਧੁੰਦਲੇ ਤਾਰੇ ਇਸ ਨੂੰ ਇਕ ਸ਼ਿਕਾਰੀ ਦੀ ਦਿੱਖ ਦਿੰਦੇ ਪ੍ਰਤੀਤ ਹੁੰਦੇ ਹਨ। ਤਾਰਾ ਬੈਟੈਲਜੂਜ਼ (Betelgeuse) ਸ਼ਿਕਾਰੀ ਦੇ ਸੱਜੇ ਮੋਢੇ ਅਤੇ ਬੈਲੇਟਰਿਕਸ (Bellatrix) ਖੱਬੇ ਮੋਢੇ ਦੀ ਤਰ੍ਹਾਂ ਪ੍ਰਤੀਤ ਹੁੰਦੇ ਹਨ। ਅਲਨਿਲਾਮ (Alnilam), ਮਿੰਤਾਕਾ (Mintaka) ਅਤੇ ਅਲਨਿਤਾਕ (Alnitak) ਨਾਂ ਦੇ ਤਿੰਨ ਤਾਰੇ ਸ਼ਿਕਾਰੀ ਦੀ ਬੈਲਟ ਬਣਾਉਂਦੇ ਨਜ਼ਰ ਆਉਂਦੇ ਹਨ। ਇਹ ਤਿੰਨ ਤਾਰੇ ਇਸ ਤਾਰਾ-ਸਮੂਹ ਦੇ ਪ੍ਰਮੁੱਖ ਤਾਰੇ ਹਨ। ਇਸ ਦੀ ਬੈਲਟ ਵਿਚੋਂ ਇਕ ਤਲਵਾਰ ਲਟਕਦੀ ਪ੍ਰਤੀਤ ਹੁੰਦੀ ਹੈ। ਇਸ ਤਲਵਾਰ ਦਾ ਮੱਧ-ਬਿੰਦੂ ਕਿਸੇ ਤਾਰੇ ਦੀ ਬਜਾਏ, ਓਰੀਆਨ ਨੈਬੁਲਾ (Orion Nebula) ਹੈ, ਜੋ ਕਿ ਧੂੜ, ਹਾਈਡ੍ਰੋਜਨ, ਹੀਲੀਅਮ ਅਤੇ ਹੋਰ ਗੈਸਾਂ ਤੋਂ ਬਣਿਆ ਹੋਇਆ ਹੈ। ਹੈਟਸਿਆ (Hatsya) ਨਾਂ ਦਾ ਤਾਰਾ ਤਲਵਾਰ ਦਾ ਅਖੀਰਲਾ ਸਿਰਾ ਬਣਦਾ ਹੈ। ਤਾਰਾ 'ਮੇਇੱਸਾ' ਸ਼ਿਕਾਰੀ ਦੇ ਸਿਰ ਦੀ ਥਾਂ ਤੇ ਜਾਪਦਾ ਹੈ। ਸੇਫ (Saiph) ਅਤੇ ਰਾਈਜਲ (Rigel) ਨਾਂ ਦੇ ਤਾਰੇ ਕ੍ਰਮਵਾਰ ਸ਼ਿਕਾਰੀ ਦੇ ਸੱਜੇ ਅਤੇ ਖੱਬੇ ਗੋਡੇ ਨੂੰ ਦਰਸਾ ਰਹੇ ਹਨ। ਬਾਕੀ ਧੁੰਦਲੇ ਤਾਰੇ ਸ਼ਿਕਾਰੀ ਦੇ ਸਰੀਰ ਦੇ ਬਾਕੀ ਹਿੱਸਿਆਂ ਦੀ ਥਾਂ ਪੂਰਦੇ ਜਾਪਦੇ ਹੁੰਦੇ ਹਨ।

ਅਸਮਾਨ ਦਾ ਸਭ ਤੋਂ ਵੱਧ ਚਮਕਦਾਰ ਤਾਰਾ ਸੀਰੀਅਸ, ਓਰੀਆਨ ਤਾਰਾ-ਸਮੂਹ ਦੀ ਮਦਦ ਨਾਲ ਢੂੰਡਿਆ ਜਾ ਸਕਦਾ ਹੈ। ਬੈਲਟ ਵਾਲੇ ਤਿੰਨ ਤਾਰਿਆਂ ਵਿਚੋਂ ਖਿੱਚੀ ਗਈ ਸਿੱਧੀ ਰੇਖਾ ਸਾ ਨੂੰ ਸੀਰੀਅਸ ਤਾਰੇ ਤੱਕ ਲੈ ਜਾਂਦੀ ਹੈ, ਜਿਵੇਂ ਕਿ ਚਿੱਤਰ ਵਿਚ ਦਿਖਾਇਆ ਗਿਆ ਹੈ।

ਓਰੀਆਨ ਤਾਰਾ-ਸਮੂਹ ਦੇ ਨਾਲ ਕਈ ਮਿਥਿਹਾਸਕ ਕਿੱਸੇ ਜੁੜੇ ਹੋਏ ਹਨ। ਇਕ ਯੂਨਾਨੀ ਕਿੱਸੇ ਅਨੁਸਾਰ ਓਰੀਆਨ ਇਕ ਸ਼ਿਕਾਰੀ ਸੀ। ਉਹ ਪਿਤਾ 'ਪੋਸਾਈਡੋਨ' (Poseidon) (ਜੋ ਕਿ ਸਮੁੰਦਰ ਦਾ ਦੇਵਤਾ ਸੀ) ਅਤੇ ਮਾਤਾ 'ਯੂਰਾਇਲੀ' ਦਾ ਪੁੱਤਰ ਸੀ। ਉਹ ਵਿਸ਼ਾਲ ਡੀਲ-ਡੌਲ ਵਾਲਾ ਅਤੇ ਅਲੌਕਿਕ ਸ਼ਕਤੀਆਂ ਦਾ ਧਾਰਨੀ ਸੀ। ਉਸ ਦੀਆਂ ਅਸੀਮ ਸ਼ਕਤੀਆਂ ਨੇ ਉਸ ਨੂੰ ਬੇਹੱਦ ਘੁਮੰਡੀ ਬਣਾ ਦਿੱਤਾ ਸੀ।

ਉਹ ਸੰਸਾਰ ਦਾ ਸਭ ਤੋਂ ਮਹਾਨ ਸ਼ਿਕਾਰੀ ਹੋਣ ਦੀ ਧੌਂਸ ਦੇਣ ਲੱਗਾ ਅਤੇ ਹੰਕਾਰ ਵਿਚ ਡੀਂਗਾਂ ਮਾਰਨ ਲੱਗਾ ਕਿ ਉਹ ਧਰਤੀ ਦੇ ਹਰ ਜਾਨਵਰ ਨੂੰ ਮਾਰਨ ਦੇ ਸਮਰੱਥ ਹੈ। ਇਸ ਕਰਕੇ ਉਹ ਧਰਤੀ ਦੀ ਦੇਵੀ 'ਗਾਇਆ' ਦੇ ਕ੍ਰੋਧ ਦਾ ਸ਼ਿਕਾਰ ਹੋ ਗਿਆ। ਧਰਤੀ ਦੀ ਦੇਵੀ ਨੇ ਉਸ ਨੂੰ ਮਾਰਨ ਲਈ ਇਕ ਬਿੱਛੂ (Scorpion) ਭੇਜਿਆ।

ਉਹ ਬਚਣ ਲਈ ਭੱਜਿਆ ਪ੍ਰੰਤੂ ਬਿੱਛੂ ਨੇ ਉਸ ਨੂੰ ਡੰਗ ਲਿਆ ਤੇ ਉਹ ਮਾਰਿਆ ਗਿਆ। ਮੌਤ ਤੋਂ ਬਾਅਦ ਧਰਤੀ ਦੀ ਦੇਵੀ ਦੇ ਕਹਿਣ ਤੇ, ਜੀਅਸ ਦੇਵਤਾ ਨੇ ਉਸ ਨੂੰ ਪੁਲਾੜ ਵਿਚ ਜੜ੍ਹ ਦਿੱਤਾ।

ਵਰਣਨਯੋਗ ਹੈ ਕਿ ਬ੍ਰਿਸਚਕ (Scorpio) ਨਾਂ ਦਾ ਤਾਰਾ-ਸਮੂਹ ਵੀ ਪੁਲਾੜ ਵਿਚ ਮੌਜੂਦ ਹੈ, ਪ੍ਰੰਤੂ ਓਰੀਆਨ ਅਤੇ ਬ੍ਰਿਸਚਕ ਕਦੇ ਵੀ ਅਸਮਾਨ ਵਿਚ ਇਕੱਠੇ ਨਜ਼ਰ ਨਹੀਂ ਆਉਂਦੇ।

ਨੋਟ- ਓਰੀਆਨ ਵਿਚਲੇ ਤਾਰਿਆਂ ਦੇ ਨਾਵਾਂ ਦੇ ਉਚਾਰਣ ਲਈ ਹਵਾਲਾ- ਵੈਬ ਪੇਜ
t.space.com/all/3250-stars-pronunciation-guide.html

# ਬਾਬਾ ਭਗਤ ਸਿੰਘ ਬਿਲਗਾ ਨਾਲ ਮੁਲਾਕਾਤ

**(ਸਫਾ 15 ਦੀ ਬਾਕੀ)**

ਮਖੌਲ ਉਡਾਇਆ ਤੇ ਕਿਹਾ ਕਿ ਮਜ਼੍ਹਬੀ ਤੇ ਫਿਰਕੂਆਂ ਦੇ ਹਥਿਆਰਬੰਦ ਟੋਲਿਆਂ ਦੇ ਮੁਕਾਬਲੇ 'ਤੇ ਸਾਨੂੰ ਵੀ ਹੱਥਿਆਰਬੰਦ ਹੋਣਾ ਚਾਹੀਦਾ ਹੈ।

1947 ਦੇ ਘੱਲੂ ਘਾਰੇ ਤੋਂ ਕੁੱਝ ਚਿਰ ਪਹਿਲਾਂ ਕਮਿਊਨਿਸਟ ਪਾਰਟੀ ਦੀ ਸੂਬਾ ਚੋਣ ਦਾ ਸਮਾਂ ਸੀ। ਜ਼ਿਲੇ ਪੱਧਰ ਦੀ ਕਮੇਟੀ (ਡੀ. ਸੀ.) ਚੁਣੀ ਜਾਣੀ ਸੀ ਤੇ ਸੂਬਾ ਕਮੇਟੀ ਲਈ ਡੈਲੀਗੇਟਾਂ ਦੀ ਚੋਣ ਲਈ ਮੀਟਿੰਗ ਪਿੰਡ ਰਾਜਿਆਣਾ 'ਚ ਰੱਖੀ ਗਈ। ਇੱਸ ਮੀਟਿੰਗ 'ਚ ਤੇਜਾ ਸਿੰਘ ਸੁਤੰਤਰ ਸੂਬਾ ਕਮੇਟੀ ਦਾ ਜਨਰਲ ਸਕੱਤਰ ਹੋਣ ਸਦਕਾ ਨਿਗਰਾਨ ਵਜੋਂ ਆਇਆ, ਬਾਬਾ ਰੂੜ ਸਿੰਘ ਚੂਹੜਚੱਕ ਤੇ ਬਾਬਾ ਨਿਧਾਨ ਸਿੰਘ ਮਹੇਸਰੀ ਇਸ ਮੀਟਿੰਗ 'ਚ ਹਾਜ਼ਰ ਨਹੀਂ ਸਨ। ਮੈਂ ਬਚਨ ਸਿੰਘ ਘੋਲੀਆ ਦਾ ਮਸ਼ਵਰਾ ਸੀ ਕਿ ਜ਼ਿਲਾ ਕਮੇਟੀ ਤੇ ਸੂਬਾ ਕਮੇਟੀ ਦੇ ਡੈਲੀਗੇਟ ਸਰਵਸੰਮਤੀ ਨਾਲ ਚੁਣੇ ਜਾਣ, ਬਾਬਾ ਗੇਂਦਾ ਸਿੰਘ ਨੂੰ ਇਸ ਕੰਮ ਲਈ ਜੋਰ ਦੇਣ ਲਈ ਕਿਹਾ। ਤੇਜਾ ਸਿੰਘ ਸੁਤੰਤਰ ਨੇ ਬਤੌਰ ਨਿਗਰਾਨ ਕੋਈ ਦਖਲ ਅੰਦਾਜ਼ੀ ਨਾ ਕੀਤੀ। ਆਖਰ ਚੋਣ ਹੋਈ, ਬਾਬਾ ਰੂੜ ਸਿੰਘ ਤੇ ਬਾਬਾ ਨਿਧਾਨ ਸਿੰਘ ਦੀਆਂ ਵੋਟਾਂ ਘੱਟ ਗਈਆਂ, ਚੋਣ ਨਤੀਜਾ ਲੈ ਕੇ ਜਦ ਕਾ: ਤੇਜਾ ਸਿੰਘ ਸੁਤੰਤਰ ਲਹੌਰ ਪਹੁੰਚਿਆ, ਨਕਸ਼ਾ ਪੇਸ਼ ਹੋਇਆ ਕਿ ਸੂਬਾ ਕਮੇਟੀ ਦੀ ਚੋਣ ਕਰਵਾਈ ਗਈ ਤਾਂ ਤੇਜਾ ਸਿੰਘ ਸੁਤੰਤਰ ਦੇ ਡੈਲੀਗੇਟ ਜ਼ਿਆਦਾ ਹਨ। ਅਧਿਕਾਰੀਆਂ ਨੇ ਚੋਣ ਮੁਲਤਵੀ ਕਰ ਦਿੱਤੀ ਤੇ ਦੋਸ਼ ਲਾਇਆ ਗਿਆ ਕਿ ਡੈਲੀਗੇਟਾਂ ਦੀ ਚੋਣ ਗੈਰਵਾਜ਼ਬ ਸੀ। ਬਾਅਦ ਵਿੱਚ ਫਾਰਮ ਪ੍ਰਕਾਸ਼ਤ ਕਰਕੇ ਵੰਡੇ ਗਏ ਕਿ ਹੇਠਲੇ ਪੱਧਰ ਦੇ ਮੈਂਬਰ ਦਸਤਖ਼ਤ ਕਰਕੇ ਮੰਨਣ ਕਿ ਇਸ ਕੰਮ ਲਈ ਤੇਜਾ ਸਿੰਘ ਸੁਤੰਤਰ ਨੇ ਗਦਾਰੀ ਕੀਤੀ ਹੈ।

11, 12 ਤੇ 13 ਅਗਸਤ 1947 ਨੂੰ ਮੋਗਾ ਵਿਖੇ ਇਸ ਸਬੰਧ 'ਚ ਵਿੱਚ ਵਿਸ਼ੇਸ਼ ਮੀਟਿੰਗ ਹੋਈ ਤੇ ਇਸ ਮੀਟਿੰਗ ਵਿੱਚ ਅਜੈ ਕੁਮਾਰ ਘੋਸ਼ ਤੇ ਉਨਾਂ ਨਾਲ ਰੀਡਰ ਦਾ ਕੰਮ ਕਰਨ ਵਾਲਾ ਅਵਤਾਰ ਸਿੰਘ ਮਲਹੋਤਰਾ ਸੀ। ਅਜੈ ਕੁਮਾਰ ਘੋਸ਼ ਨੇ ਵੀ ਵਰਕਰਾਂ ਨੂੰ ਕਿਹਾ ਕਿ ਤੇਜਾ ਸਿੰਘ ਸੁਤੰਤਰ ਨੂੰ ਗਦਾਰ ਲਿਖੋ, ਘੋਸ਼ ਦੀ ਇਸ ਅਪੀਲ ਦੇ ਪ੍ਰਤੀਕਰਮ ਵਿੱਚ ਬਚਨ ਸਿੰਘ ਘੋਲੀਆਂ ਨੇ ਕਿਹਾ, "ਤੁਸੀਂ ਪੜ੍ਹੇ ਲਿਖੇ ਆਗੂ ਹੋ, ਸਾਨੂੰ ਦੱਸਿਆ ਜਾਵੇ ਕਿ ਤੇਜਾ ਸਿੰਘ ਸੁਤੰਤਰ ਨੇ ਕੀ ਗਦਾਰੀ ਕੀਤੀ ਹੈ। ਕੀ ਉਸ ਨੇ ਫੰਡ ਖਾਧੇ ਹਨ? ਕੀ ਉਸ ਨੇ ਪਾਰਟੀ ਅਨੁਸ਼ਾਸ਼ਨ ਭੰਗ ਕੀਤਾ ਹੈ? ਜਾਂ ਕੋਈ ਫੰਡ ਛੱਕ ਕੇ ਖਿਆਨਤ ਕੀਤੀ। ਜਮਹੂਰੀਅਤ ਦੀ ਮੰਗ ਸੀ, ਚੋਣਾ ਨੇਪਰੇ ਚੜ੍ਹਾਈਆਂ ਜਾਦੀਆਂ, ਵੋਟਾਂ ਰਾਹੀਂ ਕੋਈ ਬੰਦਾ ਵੀ ਅੱਗੇ ਆ ਸਕਦਾ ਹੈ। ਇੱਥੇ ਕੋਈ ਡਿਕਟੇਟਸ਼ਿਪ ਨਹੀਂ?" ਪਰ ਅਜੈ ਕੁਮਾਰ ਘੋਸ਼ ਨੇ ਫਿਰ ਆਖਿਆਂ ਕਿ ਤੇਜਾ ਸਿੰਘ ਨੂੰ ਗ਼ਦਾਰ ਲਿਖੋ। ਇਸ ਦੇ ਜਬਾਬ ਵਿੱਚ ਬਚਨ ਸਿੰਘ ਘੋਲੀਆਂ ਨੇ ਕਿਹਾ ਤੁਹਾਡੇ ਤੇ ਮੇਰੇ ਵਿੱਚ ਵੱਡਾ ਫਰਕ ਹੈ, ਤੁਸੀਂ ਕਹਿੰਦੇ ਹੋ ਕਿ ਗ਼ਦਾਰ ਲਿਖੋ, ਪਰ ਮੈਂ ਜਿਸ ਦੇ ਮੂੰਹੋਂ ਇਹ ਸ਼ਬਦ ਨਿਕਲਣ ਉਹ ਜੀਭ ਕੱਟ ਦੇਣਾਂ ਚਾਹੁੰਦਾ ਹਾਂ। ਬਹਿਸ ਦੌਰਾਨ ਇੱਕ ਹੋਰ ਗੱਲ ਉਭਰ ਕੇ ਆਈ ਕਿ ਗ਼ਦਾਰ ਨਾ ਲਿਖਿਆ ਜਾਵੇ ਪਰ ਚੁਣੇ ਗਏ ਡੀ.ਸੀ. (ਡੈਲੀਗੇਟ ਕਮੇਟੀ) ਮੈਂਬਰ ਅਸਤੀਫੇ ਦੇਣ। ਇਸ ਦੇ ਉੱਤਰ 'ਚ ਬਚਨ ਸਿੰਘ ਘੋਲੀਆਂ ਨੇ ਕਿਹਾ, ਜਿਨ੍ਹਾਂ ਨੇ ਸਾਨੂੰ ਵੋਟਾਂ ਪਾਕੇ ਭੇਜਿਆ ਹੈ, ਅਸੀਂ ਉਨ੍ਹਾਂ ਨੂੰ ਕੀ ਜਬਾਬ ਦੇਵਾਂ ਗੇ। ਉਹ ਸਾਨੂੰ ਗ਼ਦਾਰ ਨਾ ਕਹਿਣਗੇ? ਅਸੀਂ ਉਨ੍ਹਾਂ ਨੂੰ ਕੀ ਮੂੰਹ ਵਿਖਾਵਾਂਗੇ? ਮੈਂ ਬਚਨ ਸਿੰਘ ਘੋਲੀਆ ਨੇ ਬਾਬਾ ਰੂੜ ਸਿੰਘ ਦੀ ਚਿੱਠੀ ਦਿਖਾਈ, ਜਿਸ ਵਿੱਚ ਲਿਖਿਆ ਸੀ, ਸਾਥੀਓ ਤੇਜਾ ਸਿੰਘ ਸੁਤੰਤਰ ਨੂੰ ਗੁੱਠੇ ਲਾ ਦਿਓ। ਨਾਲ ਹੀ ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਤੇਜਾ ਸਿੰਘ ਸੁਤੰਤਰ ਨੂੰ ਗ਼ਦਾਰ ਕਹਿਕੇ ਪਾਰਟੀ 'ਚੋਂ ਖਾਰਜ ਕਰ ਰਹੇ ਹੋ, ਉਹ ਪਾਰਟੀ ਦਾ ਸੂਬਾ ਸਕੱਤਰ ਹੈ ਜੇ ਉਹ ਪਾਰਟੀ ਦਾ ਵੱਡਾ ਹਿੱਸਾ ਲੈ ਕੇ ਬਾਹਰ ਹੋ ਗਿਆ ਫਿਰ ਕੀ ਬਣੇ ਗਾ। ਪਹਿਲਾ ਉਸ ਨੂੰ ਥੱਲੇ ਵਾਲੇ ਰੈਂਕ 'ਚ ਲਿਆਓ, ਫੇਰ ਉਸ 'ਤੇ ਕੋਈ ਐਕਸ਼ਨ ਲੈ ਲੈਣਾਂ। ਅਰੁਣ ਕੁਮਾਰ ਘੋਸ਼ ਤਾਂ ਇਸ ਗੱਲ 'ਤੇ ਸਹਿਮਤ ਹੋ ਗਿਆ, ਪਰ ਤੇਜਾ ਸਿੰਘ ਸੁਤੰਤਰ ਨੂੰ ਹੁਣ ਹੇਠਲੇ ਰੈਂਕ ਵਿੱਚ ਲਿਆਉਣਾ ਸੌਖਾ ਨਹੀਂ ਸੀ। ਆਖ਼ਰ ਕਿਹਾ ਗਿਆ ਪਹਿਲੀ ਚੋਣ ਠੀਕ ਢੰਗ ਨਾਲ ਨਹੀਂ ਹੋਈ, ਚੋਣ ਦੁਬਾਰਾ ਕੀਤੀ ਜਾਵੇ। ਇਸ ਗੱਲ ਨਾਲ ਬਚਨ ਸਿੰਘ ਘੋਲੀਆ ਵੀ ਸਹਿਮਤ ਹੋ ਗਏ। ਬਚਨ ਸਿੰਘ ਘੋਲੀਆ ਜ਼ਿਲਾ ਫਿਰੋਜ਼ਪੁਰ ਦੀ ਜ਼ਿਲਾ ਕਮੇਟੀ ਦਾ ਸਕੱਤਰ ਚੁਣਿਆ ਗਿਆ ਸੀ। ਉਨ੍ਹਾਂ ਕਿਹਾ, ਅਸੀਂ ਜੱਫਾ ਮਾਰਕੇ ਨਹੀਂ ਬੈਠਦੇ ਚੋਣ ਦੁਬਾਰਾ ਕਰਵਾ ਲਈ ਜਾਵੇ।

ਇਹ ਚੋਣ ਦੋ ਥਾਵਾਂ 'ਤੇ ਕਰਵਾਣ ਲਈ ਇੱਕ ਮੋਗਾ ਇਲਾਕੇ 'ਚ ਬੱਧਣੀ ਕਲਾਂ 20 ਅਗਸਤ 1947 ਨੂੰ ਸਹਿਮਤੀ ਹੋਈ ਤਾਂ ਅਜੈ ਕੁਮਾਰ ਘੋਸ਼ ਨੇ ਬਚਨ ਸਿੰਘ ਘੋਲੀਆ 'ਤੇ ਪਾਬੰਦੀ ਲਾਈ ਕਿ ਤੁਸੀ ਬੱਧਣੀ ਤਾਂ ਜਾ ਸਕਦੇ ਹੋ, ਪਰ ਉੱਥੇ ਬੋਲ ਨਹੀਂ ਸਕਦੇ। ਬਚਨ ਸਿੰਘ ਨੇ ਕਿਹਾ ਕਿ ਹਰ ਕੋਈ ਅਪਣਾ ਪੱਖ ਪੇਸ਼ ਕਰ ਸਕਦਾ ਹੈ, ਇਹ ਪਾਬੰਦੀ ਜਾਇਜ ਨਹੀਂ, ਦੂਜਾ ਮੈਂ ਲੋਕਾਂ ਨੂੰ ਰੂੜ ਸਿੰਘ ਦੀ ਤੇਜਾ ਸਿੰਘ ਸੁਤੰਤਰ ਨੂੰ ਗੁੱਠੇ ਲਾਉਣ ਵਾਲੀ ਚਿੱਠੀ ਵੀ ਦਿਖਾਵਾਂ ਗਾ, ਅਜੇ ਕੁਮਾਰ ਘੋਸ਼ ਨੇ ਕਿਹਾ ਕਿ ਚਿੱਠੀ ਤੁਸੀਂ ਨਸ਼ਰ ਨਹੀਂ ਕਰ ਸਕਦੇ। ਪਰ ਮੇਰੇ ਜੋਰ ਦੇਣ 'ਤੇ ਇਹ ਦੋਵੇਂ ਹੱਕ ਅਜੈ ਕੁਮਾਰ ਘੋਸ਼ ਨੂੰ ਬਹਾਲ ਕਰਨੇ ਪਏ ਸਨ। ਅਜੈ ਕੁਮਾਰ ਘੋਸ਼ ਤੇ ਅਵਤਾਰ ਸਿੰਘ ਮਲਹੋਤਰਾ 13 ਅਗਸਤ 1947 ਚਲੇ ਗਏ ਸਨ। 14 ਅਗਸਤ ਨੂੰ ਦੋਵੇਂ ਪਾਸੇ ਕਤਲੇਆਮ ਸ਼ੁਰੂ ਹੋ ਗਿਆ। ਜਦੋਂ ਕਮਿਊਨਿਸਟ ਆਗੂ ਇੱਕ ਦੂਜੇ ਨੂੰ ਗੁੱਠੇ ਲਾਉਣ ਤੇ ਗਦਾਰ ਕਹਿੰਦੇ ਫਿਰਦੇ ਸਨ। ਉੱਪਰੋਂ ਹੁਕਮ ਕਰ ਦਿੱਤਾ ਕਿ ਕਿਸੇ ਪਾਰਟੀ ਮੈਂਬਰ ਕੋਲ ਹਥਿਆਰ ਨਹੀਂ ਹੋਣਾ ਚਾਹੀਦਾ। ਪਰ ਅਜੈ ਕੁਮਾਰ ਘੋਸ਼ ਨਾਲ ਸਹਿਮਤੀ ਰੱਖਣ ਵਾਲੇ ਕੁੱਝ ਪਾਰਟੀ ਲੀਡਰ ਜਾਨ ਬਚਾਉਣ ਲਈ ਸਾਡੇ ਕੋ.ਲ ਆ ਗਏ ਸਨ। ਤੇਜਾ ਸਿੰਘ ਸੁਤੰਤਰ ਨੇ ਪੰਜ ਆਦਮੀਆਂ ਦੀ ਪਾਕਿਸਤਾਨ ਕਮਿਊਨਿਸਟ ਪਾਰਟੀ ਨਿਯੁਕਤ ਕਰ ਦਿੱਤੀ ਸੀ, ਬਾਅਦ ਇਸ ਨੂੰ ਦੋਸ਼ ਬਣਾ ਕੇ ਸੁਤੰਤਰ 'ਤੇ ਲਾਇਆ ਗਿਆ। ਇਨ੍ਹਾਂ ਮੱਤਭੇਦਾ ਬਾਰੇ ਸੁਤੰਤਰ ਨੇ 'ਮੱਤਭੇਦ' ਇੱਕ ਕਿਤਾਬਚਾ ਵੀ ਲਿਖਿਆ ਸੀ। ਪਹਿਲੀ ਜਨਵਰੀ 1948 ਨੂੰ ਮੱਤਭੇਦਾਂ ਦੇ ਅਧਾਰ 'ਤੇ ਪਾਰਟੀ ਵਰਕਰਾਂ ਦਾ ਇੱਕ ਵਿਸ਼ਾਲ ਇਕੱਠ ਨਕੋਦਰ ਵਿੱਚ ਕਰਕੇ ਛੇ ਦਿਨ ਲਗਾਤਾਰ ਬਹਿਸ ਹੋਣ ਬਾਅਦ ਕ੍ਹਾ: ਤੇਜਾ ਸਿੰਘ ਸੁਤੰਤਰ, ਗਦਰੀ ਬਾਬਾ ਭਾਗ ਸਿੰਘ ਕਨੇਡੀਅਨ, ਰਾਮ ਸਿੰਘ ਦੱਤ, ਬੂਝਾ ਸਿੰਘ ਤੇ ਬਚਨ ਸਿੰਘ ਘੋਲੀਆ ਤੋਂ ਇਲਾਵਾ ਅਨੇਕਾਂ ਆਗੂ ਵੱਡੀ ਗਿਣਤੀ 'ਚ ਵਰਕਰ ਇਕੱਠੇ ਹੋਏ ਸਨ। ਜਦੋਂ ਲਾਲ ਪਾਰਟੀ ਬਨਾਉਣ ਦਾ ਐਲਾਨ ਕੀਤਾ ਗਿਆ। ਇਸ ਸਮੇਂ ਲਾਲ ਪਾਰਟੀ ਦਾ ਪ੍ਰਧਾਨ ਰਾਮ ਸਿੰਘ ਦੱਤ ਤੇ ਸਕੱਤਰ ਤੇਜਾ ਸਿੰਘ ਸੁਤੰਤਰ ਨੂੰ ਬਣਾਇਆ ਗਿਆ। ਪਰ ਕਾ: ਤੇਜਾ ਸਿੰਘ ਸੁਤੰਤਰ ਨੂੰ ਲਾਲ ਪਾਰਟੀ ਦੀ ਅਗਵਾਈ ਕਰਨ ਲਈ ਕਿਹਾ ਗਿਆ। ਭਾਗ ਸਿੰਘ ਕਨੇਡੀਅਨ, ਬੂਝਾ ਸਿੰਘ ਤੇ ਬਚਨ ਸਿੰਘ ਨੂੰ ਇਸ ਟੀਮ ਦੇ ਮੈਂਬਰ ਚੁਣਿਆ ਗਿਆ। ਇਸ ਚੋਣ ਤੋਂ ਤੁਰੰਤ ਬਾਅਦ ਸਮਾਜ ਸੁਧਾਰ ਲਹਿਰ 'ਚ ਜਾਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ ਤੇ ਹੋਰ ਕਈ ਸਮਰਪੱਤ ਲੀਡਰ ਪਾਰਟੀ ਮੈਂਬਰ ਸਨ। ਇਸ ਪਾਰਟੀ ਨੇ ਮੁਜ਼ਾਰਿਆਂ ਨੂੰ ਜ਼ਮੀਨ ਦਵਾਉਣ ਲਈ ਲੜਿਆ ਘੋ.ਲ ਇਤਿਹਾਸਕ ਮਹਾਨਤਾ ਰੱਖਦਾ ਹੈ। ਜਦੋਂ ਇਹ ਪਹਿਲੀ ਜਨਵਰੀ 1948 ਲਾਲ ਪਾਰਟੀ ਦੀ ਸਥਾਪਨਾ ਹੋਈ ਤੇ ਮਈ 1952 ਨੂੰ ਲਾਲ ਪਾਰਟੀ ਤੋੜ ਕੇ ਕਮਿਊਨਿਸਟ ਪਾਰਟੀ ਆਫ ਇੰਡੀਆ ਵਿੱਚ ਮਿਲਾ ਦਿੱਤੀ ਗਈ ਸੀ।

1948 ਚ ਮੈਨੂੰ ਗ੍ਰਿਫਤਾਰ ਕਰ ਕੇ ਦੋ ਸਾਲ ਅੰਬਾਲਾ ਜਿਹ.ਲ 'ਚ ਰੱਖਿਆ ਤੇ 6 ਮਹੀਨੇ ਪਿੰਡ 'ਚ ਜੂਹ ਬੰਦ। 1952 'ਚ ਅਜਾਦ ਭਾਰਤ ਦੀਆਂ ਆਮ ਚੋਣਾਂ 'ਚ ਮੈਂ ਵਿਧਾਨ ਸਭਾ ਹਲਕਾ ਬਾਘਾਪੁਰਣਾ ਤੋਂ ਚੋਣ 2300 ਵੋਟਾ 'ਤੇ ਜਿੱਤੀ, ਮੇਰੇ ਮੁਕਾਬਲੇ 'ਤੇ ਥੰਮਣ ਸਿੰਘ ਚੋਟੀਆਂ ਥੋਬਾ ਕਾਂਗਰਸ, ਮਕੰਦ ਸਿੰਘ ਥਰਾਜ ਅਕਾਲੀ, ਹੈਡ ਮਾਸਟਰ ਕਰਤਾਰ ਸਿੰਘ ਬਰਾੜ ਸਮਾਲਸਰ ਫਾਰਵਰਡ ਬਲਾਕ, ਸੁੱਚਾ ਸਿੰਘ ਰੋਡੇ (ਅਕਾਲੀ ਮਾਸਟਰ ਗਰੁੱਪ ਦੇ ਉਲਟ) ਦੋ ਉਮੀਦਵਾਰ ਹੋਰ ਸਨ ਅਤੇ ਨਿਹਾਲਵਾਲਾ ਹਲਕੇ ਤੋਂ ਬਾਬਾ ਕਾ: ਨਿਧਾਨ ਸਿੰਘ 2300 ਵੋਟਾਂ ਤੇ ਅਪਣੀ ਚੋਣ ਜਿੱਤੇ ਸਨ। ਇੱਥੇ ਬਹੁਤ ਸਾਰੇ ਵਾਕਿਆਂ 'ਚੋਂ ਇੱਕ ਵਾਕਿਆ ਹੈ ਕਿ ਭਾਖੜਾ ਡੈਂਮ ਦੀ ਸਾਰੀ ਦੇਖ ਰੇਖ ਕਰਨ ਵਾਲਾ ਅਮਰੀਕੀ ਇੰਜਨੀਅਰ ਸਲੋਕਮ 30000 ਤੀਹ ਹਜ਼ਾਰ ਰੁਪਏ ਮਹੀਨਾ ਤਨਖਾਹ ਲੈਂਦਾ ਸੀ ਤੇ ਇਸਤਰਾਂ ਨਾਲ ਹੋਰ ਵੀ ਅਨੇਕ ਇੰਜਨੀਅਰ ਕੰਮ ਕਰਨ ਵਾਲਿਆ ਦੀ ਵੀ। ਪਰ ਉਨ੍ਹਾਂ ਨਾਲ ਕੰਮ ਕਰਦੇ ਭਾਰਤੀ ਇੰਜਨੀਅਰਾਂ ਦੀ ਤਨਖਾਹਾਂ ਬਹੁਤ ਘੱਟ ਸੀ, ਪਰ ਯੋਗਤਾ, ਕੰਮ ਕਰਨ ਦੀ ਚੁਸਤੀ ਤੇ ਮੁਹਾਰਤ ਦੇ ਹਿਸਾਬ ਨਾਲ ਭਾਰਤੀ ਇੰਜਨੀਅਰ ਕਿਸੇ ਗੱਲੋਂ ਘੱਟ ਨਹੀਂ ਸਨ। ਭਾਰਤੀ ਇੰਜਨੀਅਰਾਂ ਨੇ ਇਸ ਧੱਕੇ ਵਿਰੁੱਧ ਸ਼ਕਾਇਤ ਸਰਕਾਰ ਨੂੰ ਭੇਜੀ, ਜਿਸ ਦੀ ਕਾਪੀ ਮੇਰੇ ਹੱਥ ਵੀ ਆ ਗਈ ਸੀ। ਉੱਜ.ਲ ਸਿੰਘ ਭਾਖੜਾ ਡੈਂਮ ਨਾਲ ਸਬੰਧਤ ਮੰਤਰੀ ਸਨ, ਹਾਊਸ ਦੀ ਚਲਦੀ ਕਾਰਵਾਈ 'ਚ ਜਦ ਮੈਂ ਉਹ ਚਿੱਠੀ ਮੇਜ 'ਤੇ ਰੱਖੀ, ਬਹਿਸ ਸ਼ੁਰੂ ਹੋਈ ਤਾਂ ਵਜੀਰ ਉੱਜ.ਲ ਸਿੰਘ ਨਾਲੇ ਜਬਾਬ ਦੇਈ ਜਾਣ, ਨਾਲੇ ਧਮਕੀ ਦੇਈ ਜਾਣ ਕਿ ਮੈਂ ਦੇਖਾਂਗਾ ਕਿ ਇਹ ਚਿੱਠੀ ਤੁਹਾਡੇ ਹੱਥ ਕਿਵੇਂ ਲੱਗੀ! ਪਰ ਵਿਰੋਧੀ ਪਾਰਟੀ ਦੀ ਕੋਈ ਸੁਣਦਾ ਨਹੀ ਸੀ।

ਨੋਟ: ਕਿਤਾਬ ਵਿੱਚ ਇਹ ਵੀ ਦਰਜ਼ ਹੈ ਕਿ ਬਾਬਾ ਭਗਤ ਸਿੰਘ ਬਿਲਗਾ ਨੇ ਬਾਬਾ ਬਚਨ ਸਿੰਘ ਘੋਲੀਆ ਨਾਲ ਮੁਲਾਕਾਤ 1980 'ਚ ਕੀਤੀ ਸੀ ਤੇ 1984 'ਚ ਬਾਬਾ ਬਚਨ ਸਿੰਘ ਘੋਲੀਆ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ।

ਆਪ ਦਾ ਵੱਡਾ ਪੁੱਤਰ ਜਗਮੇਲ ਸਿੰਘ ਅਜਾਦ ਹਿੰਦ ਫੌਜ 'ਚ ਸੁਭਾਸ਼ ਚੰਦਰ ਬੋਸ਼ ਦੀ ਹਾਜਰੀ 'ਚ ਲੈਫਟੀਨੈਂਟ ਹੋਣ ਸਦਕਾ, ਦੋਹਾਂ ਪਿਓ ਪੁੱਤਾਂ ਨੂੰ ਭਾਰਤ ਸਰਕਾਰ ਵੱਲੋਂ ਤਾਮਰ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਦਾ ਦੂਜਾ ਪੁੱਤਰ ਕਰਨਲ ਹਰਦੇਵ ਸਿੰਘ 1965 ਤੇ 1971 ਦੀਆਂ ਜੰਗਾਂ ਲੜਨ ਬਾਅਦ ਭਾਰਤੀ ਫੌਜ 'ਚੋਂ ਰੀਟਾਇਰ ਹੋ ਕੇ ਪ੍ਰਵਾਰ ਸਮੇਤ ਕੈਲੇਫੋਰਨੀਆ ਅਮਰੀਕਾ ਵਿੱਚ ਵਸੇ ਹੋਏ ਹਨ।

**ਸੁਦਾਗਰ ਬਰਾੜ ਲੰਡੇ 905 799 8407**


**ਧੰਨਵਾਦ ਸਹਿਤ: –**
**'ਗਦਰੀ ਬਾਬਾ ਸਾਥੀ ਬਚਨ ਸਿੰਘ ਘੋਲੀਆ' ਦੀ ਜੀਵਨੀ, ਅਮਰਜੀਤ ਸਿੰਘ ਬੱਬਰੀ 'ਚੋਂ**

(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




# ਗਦਰ ਲਹਿਰ ਦਾ ਇਤਿਹਾਸਕ ਪਿਛੋਕੜ

ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।**-ਡਾ. ਜਸਵੰਤ ਰਾਏ**

**(ਛੇਵੀ ਕਿਸਤ)**

ਉਹਨਾਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦਿੱਤੇ ਗਏ। ਪਰ ਇਹ ਲਾਲਚ ਦੇ ਗੁਬਾਰ ਉਹਨਾਂ ਦੇ ਇਕੋ ਠੁੱਡੇ ਨਾਲ ਧਰਤੀ ਤੇ ਵਿਛ ਗਏ। ਇਹਨਾਂ ਨੇ ਆ ਕੇ ਦੱਸਿਆ ਕਿ ਹਾਂਡੂਰਸ ਦਾ ਵਾਤਾਵਰਣ ਬਹੁਤ ਗੰਦਾ ਹੈ। ਉਥੇ ਮੱਖੀਆਂ ਅਤੇ ਮੱਛਰਾਂ ਦਾ ਕੋਈ ਅੰਤ ਨਹੀਂ। ਪੀਣ ਲਈ ਪਾਣੀ ਵੀ ਸਮੁੰਦਰ ਦਾ ਹੀ ਵਰਤਣਾ ਪੈਂਦਾ ਹੈ। ਵਾਤਾਵਰਣ ਵਿਚ ਕਹਿਰ ਦੀ ਸਿੱਲ੍ਹ ਹੈ। ਅੱਧੇ ਲੋਕ ਬਿਮਾਰੀਆਂ ਦਾ ਸ਼ਿਕਾਰ ਹਨ। ਕਰਨ ਲਈ ਕੰਮ ਵੀ ਪੂਰੀ ਨਹੀਂ ਮਿਲਦਾ।

ਹਿੰਦੀਆਂ ਨੂੰ ਹਾਂਡੂਰਸ ਨਾ ਭੇਜਣ ਬਾਰੇ ਹਾਂਡੂਰਸ ਦੇ ਗਵਰਨਰ ਕਰਨਲ ਸਵੇਨ ਦੀ ਰਿਪੋਰਟ ਨੇ ਵੀ ਚੰਗਾ ਕੰਮ ਕੀਤਾ ਸੀ। ਉਹ ਇਸ ਗਵਰਨਰੀ ਤੋਂ ਪਹਿਲਾਂ ਪੰਜਾਬ ਬਹੁਤ ਸਾਲ ਰਹਿ ਗਿਆ ਸੀ ਅਤੇ ਪੰਜਾਬੀ ਵੀ ਚੰਗੀ ਬੋਲਣੀ ਜਾਣਦਾ ਸੀ। ਉਸਨੇ ਕੈਨੇਡਾ ਆ ਕੇ ਹਿੰਦੀਆਂ ਦੇ ਡੇਰਿਆਂ 'ਚ ਆਪ ਜਾ ਕੇ ਸ਼ਿਰਕਤ ਕੀਤੀ ਸੀ ਅਤੇ ਪੜਤਾਲ ਤੋਂ ਬਾਅਦ ਇਹ ਬਿਆਨ ਪੇਸ਼ ਕੀਤਾ ਸੀ:

"ਕੈਨੇਡੀਅਨ ਸਰਕਾਰ ਮੈਨੂੰ ਇਕ ਵੀ ਹਿੰਦੀ ਨਹੀਂ ਦਿਖਾ ਸਕੀ ਜੋ ਬੇਕਾਰ ਹੋਵੇ। ਇੱਥੋਂ ਦੇ ਮਿੱਲਾਂ ਵਾਲੇ ਹਿੰਦੀਆਂ ਨੂੰ ਮਜ਼ਦੂਰੀ ਤੇ ਲਾ ਕੇ ਖੁਸ਼ ਹੁੰਦੇ ਹਨ। ਉਸਨੇ ਗੁਰਦੁਆਰੇ ਨੂੰ ਲੇਬਰ ਯੂਨੀਅਨ ਦੱਸਿਆ ਅਤੇ ਲਿਖਿਆ ਕਿ ਜੇ ਕੋਈ ਹਿੰਦੀ ਬੇਕਾਰ ਵੀ ਹੋਵੇ ਤਾਂ ਉਸਦਾ ਰੋਟੀ ਪਾਣੀ ਦਾ ਪ੍ਰਬੰਧ ਗੁਰਦੁਆਰਾ ਕਰਦਾ ਹੈ। ਸਰਕਾਰ ਉਤੇ ਬੋਝ ਨਹੀਂ ਪੈਂਦਾ। ਗੁਰਦੁਆਰਾ ਇਕ ਤਰ੍ਹਾਂ ਨਾਲ ਹਿੰਦੀਆਂ ਲਈ ਕੰਮ ਦਵਾਊ ਦਫ਼ਤਰ ਹੈ, ਜਿੱਥੋਂ ਆ ਕੇ ਬੇਕਾਰ ਹਿੰਦੀ ਕੰਮ ਦਾ ਪਤਾ ਲੈ ਕੇ ਕੰਮ ਲੱਗ ਸਕਦੇ ਹਨ। ਪੰਜਾਬ ਵਿਚ ਵੈਨਕੂਵਰ ਨਾਲੋਂ ਜ਼ਿਆਦਾ ਠੰਡ ਹੁੰਦੀ ਹੈ। ਇਸ ਲਈ ਕੋਲੰਬੀਆ ਦੀ ਠੰਡ ਉਹਨਾਂ ਦਾ ਕੁਝ ਨਹੀਂ ਵਿਗਾੜ ਸਕਦੀ। ਇਹ ਬੇਕਾਰੀ ਤੇ ਪਾਲੇ ਮਾਰਨ ਵਾਲਾ ਰੌਲਾ ਰੱਪਾ ਬਿਲਕੁਲ ਨਿਰਮੂਲ ਹੈ। ਇਹਨਾਂ ਹਿੰਦੀਆਂ ਨੂੰ ਇੱਥੇ ਹੀ ਰਹਿਣ ਦਿਓ। ਦੇਸ਼ ਚਲੇ ਗਏ ਤਾਂ ਅੰਗਰੇਜ਼ੀ ਹਕੂਮਤ ਨੂੰ ਬਹੁਤ ਨੁਕਸਾਨ ਪਹੁੰਚਾਉਣਗੇ।"

ਗਵਰਨਰ ਕਰਨਲ ਸਵੇਨ ਦੀ ਰਿਪੋਰਟ ਕਰਕੇ ਵੀ ਵਿਲੀਅਮ ਹਾਪਕਿਨਸਨ ਦੇ ਯਤਨਾਂ ਨੂੰ ਮੂੰਹ ਦੀ ਖਾਣੀ ਪਈ। ਹਾਂਡੂਰਸ ਸਬੰਧੀ ਕੀਤੇ ਸੰਘਰਸ਼ ਵਿਚ ਬਾਬੂ ਹਰਨਾਮ ਸਿੰਘ ਤੇ ਸਾਥੀਆਂ ਦੀ ਜਿੱਤ ਹੋਈ। ਪਰ ਸਵੇਨ ਦੀ ਰਿਪੋਰਟ ਵਿਚ ਪੇਸ਼ ਕੀਤੇ ਗੁੱਝੇ ਭੇਤਾਂ ਨੇ ਕੈਨੇਡੀਅਨ ਸਰਕਾਰ ਨੂੰ ਚੇਤੰਨ ਕਰ ਦਿੱਤਾ। ਉਹਨਾਂ ਨੇ ਹਿੰਦੀਆਂ ਸਬੰਧੀ ਕਾਨੂੰਨੀ ਦਾਅ ਪੇਚਾਂ ਨੂੰ ਹੋਰ ਸਖ਼ਤ ਕਰ ਦਿੱਤਾ।

5 ਨਵੰਬਰ 1909 ਈ. ਨੂੰ ਬਾਬੂ ਹਰਨਾਮ ਸਿੰਘ ਦਾ ਮੇਲ ਵੈਨਕੂਵਰ ਵਿਚ ਪਿੰਡ ਬੰਨੂੰ ਜ਼ਿਲ੍ਹਾ ਲਾਹੌਰ ਦੇ ਵਾਸੀ ਗੁਰਾਂ ਦਿੱਤਾ ਸਿੰਘ ਨਾਲ ਹੋਇਆ ਅਤੇ ਇਹਨਾਂ ਨੇ ਕਾਫੀ ਸਮਾਂ ਇਕੱਠੇ ਬੈਠ ਕੇ ਦੇਸ਼ ਦੀ ਆਜ਼ਾਦੀ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਚਿੰਤਨ ਕੀਤਾ। ਗੁਰਾਂ ਦਿੱਤਾ ਸਿੰਘ ਲਾਹੌਰ ਵਿਚ ਇਕ ਧਾਰਮਿਕ ਸਿੱਖ ਬਿਰਤੀ ਵਾਲੇ ਪਰਿਵਾਰ ਵਿਚ ਜੰਮਿਆ ਪਲਿਆ ਸੀ। ਜਦੋਂ ਇਸਦਾ ਜਨਮ ਹੋਇਆ ਤਾਂ ਇਸਦੇ ਘਰਦਿਆਂ ਨੇ 'ਗੁਰੂਆਂ ਨੇ ਦਿੱਤਾ' ਵਾਲੇ ਸੰਕਲਪ ਤੋਂ ਇਸਦਾ ਨਾਮਕਰਨ ਗੁਰਾਂ ਦਿੱਤਾ ਕਰ ਦਿੱਤਾ। ਇਹ ਇਕ ਪ੍ਰਸਿੱਧ ਇਨਕਲਾਬੀ ਸੀ ਜਿਸਨੇ 1907 ਈ. ਵਿਚ ਰਾਵਲਪਿੰਡੀ ਸਾਕੇ ਵਿਚ ਵੱਧ ਚੜ੍ਹ ਕੇ ਭਾਗ ਲਿਆ ਸੀ। ਰਾਵਲਪਿੰਡੀ ਸਾਕਾ 'ਪੱਗੜੀ ਸੰਭਾਲ ਜੱਟਾ' ਲਹਿਰ ਦੀ ਉਪਜ ਸੀ। 'ਪੱਗੜੀ ਸੰਭਾਲ ਜੱਟਾ' ਲਹਿਰ ਦਾ ਆਗਾਜ਼ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਨੇ ਸਾਮਰਾਜੀ ਹਕੂਮਤ ਦੇ ਨਪੀੜੇ ਕਿਰਤੀ ਕਿਸਾਨਾਂ ਨੂੰ ਵੰਗਾਰ ਕੇ ਸੰਘਰਸ਼ਸ਼ੀਲ ਪੰਧ ਤੇ ਤੋਰਦਿਆਂ ਕੀਤਾ ਸੀ। "ਪੱਗੜੀ ਸੰਭਾਲ ਜੱਟਾਂ ਦੀ ਲਹਿਰ ਸਮੇਂ ਜਦੋਂ ਅੰਗਰੇਜ਼ ਹਕੂਮਤ ਨੇ ਐਜੀਟੇਸ਼ਨ ਨੂੰ ਦਬਾਉਣ ਲਈ ਰਾਵਲਪਿੰਡੀ ਵਿਚ ਫੌਜ ਦੀ ਵਰਤੋਂ ਕਰਨੀ ਚਾਹੀ ਤਾਂ ਫੌਜੀਆਂ ਨੇ ਆਪਣੀਆਂ ਬੰਦੂਕਾਂ ਦੇ ਮੂੰਹ ਲੋਕਾਂ ਵੱਲ ਕਰਨ ਦੀ ਥਾਂ ਆਪਣੇ ਕਮਾਂਡਰ ਵੱਲ ਕਰ ਦਿੱਤੇ ਸਨ। ਇਸੇ ਕਾਰਨ ਲੋਕਾਂ ਵਿਰੁੱਧ ਕੋਈ ਕਾਰਵਾਈ ਨਾ ਹੋ ਸਕੀ।" ਇਸ ਸਾਕੇ ਨੇ ਵਿਦੇਸ਼ੀ ਬੈਠੇ ਹਿੰਦੀਆਂ ਨੂੰ ਬਹੁਤ ਸਕੂਨ ਦਿੱਤਾ ਸੀ। ਉਹ ਸਮਝਦੇ ਸਨ ਕਿ ਹੁਣ ਸਾਡੇ ਆਜ਼ਾਦੀ ਲਈ ਸੰਘਰਸ਼ ਨੂੰ ਸਿਰਫ ਆਮ ਲੋਕਾਂ ਦੀ ਹਮਾਇਤ ਹੀ ਨਹੀਂ ਪ੍ਰਾਪਤ ਸਗੋਂ ਬ੍ਰਿਟਿਸ਼ ਹਕੂਮਤ ਵਿਚ ਹਿੰਦੀ ਫੌਜੀਆਂ ਦੀ ਹਮਾਇਤ ਵੀ ਪ੍ਰਾਪਤ ਹੈ। ਗਦਰ ਪਾਰਟੀ ਦਾ ਪਹਿਲਾ ਪ੍ਰਧਾਨ "ਬਾਬਾ ਸੋਹਣ ਸਿੰਘ ਭਕਨਾ" ਅਪ੍ਰੈਲ 1909 ਨੂੰ ਅਮਰੀਕਾ ਪੁੱਜਿਆ ਸੀ। ਇੱਥੇ ਇਸਨੇ ਪਹਿਲੀ ਰਾਤ ਸਵਦੇਸ਼ ਸੇਵਕ ਹੋਮ ਵਿਚ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਗੁਜ਼ਾਰੀ ਜਿਹੜਾ ਵੈਨਕੂਵਰ ਤੋਂ ਆਉਣ ਤੋਂ ਬਾਅਦ ਸਿਆਟਲ ਰਹਿ ਰਿਹਾ ਸੀ। ਬਾਬੂ ਹਰਨਾਮ ਸਿੰਘ ਨਾਲ ਉਸਨੇ ਪੱਗੜੀ ਸੰਭਾਲ ਜੱਟਾ 1907 ਲਹਿਰ ਬਾਰੇ ਗੱਲਬਾਤ ਕੀਤੀ। ਬਾਬਾ ਸੋਹਣ ਸਿੰਘ ਭਕਨਾ ਤੇ ਬਾਬੂ ਹਰਨਾਮ ਸੰਘ ਵਿਚਕਾਰ ਹੋਈ ਗੱਲਬਾਤ ਵੀ 'ਪੱਗੜੀ ਸੰਭਾਲ ਜੱਟਾ' ਲਹਿਰ ਦੀ ਮਹੱਤਤਾ ਨੂੰ ਬਿਆਨ ਕਰਦੀ ਹੈ।


ਡਾ.ਜਸਵੰਤ ਰਾਏ
91-98158 25999

ਬਾਬੂ ਹਰਨਾਮ ਸਿੰਘ ਜੀ ਨਾਲ ਮੇਲ ਅਤੇ ਉਹਨਾਂ ਦੀ ਜ਼ਿੰਦਾਦਿਲੀ ਬਾਰੇ ਬਾਬਾ ਸੋਹਣ ਸਿੰਘ ਜੀ ਭਕਨਾ ਆਪਣੀ ਸਵੈਜੀਵਨੀ 'ਮੇਰੀ ਰਾਮ ਕਹਾਣੀ' ਵਿਚ ਇੰਝ ਬਿਆਨ ਕਰਦੇ ਹਨ- "ਜਿਸ ਦਿਨ ਮੈਂ ਜਹਾਜ਼ ਤੋਂ ਉਤਰਿਆ ਉਸ ਦਿਨ ਅਸੀਂ ਰਾਤ ਦੇਸ਼ ਭਗਤ ਭਾਈ ਹਰਨਾਮ ਸਿੰਘ ਜੀ ਕਾਹਰੀ ਸਾਹਰੀ ਜੋ ਸੈਨਾਇਲ (ਸਿਆਟਲ) ਯੂਨੀਵਰਸਿਟੀ ਵਿਚ ਉਹਨੀਂ ਦਿਨੀਂ ਪੜ੍ਹਦੇ ਸਨ- ਪਾਸ ਰਹੇ। ਕਿਉਂ ਜੋ ਭਾਈ ਕੇਹਰ ਸਿੰਘ ਜੀ ਦੀ ਪਹਿਲਾਂ ਉਹਨਾਂ ਨਾਲ ਵਾਕਫੀ ਸੀ। ਉਸ ਦਿਨ ਤੋਂ ਮੇਰੀ ਤੇ ਭਾਈ ਹਰਨਾਮ ਸਿੰਘ ਜੀ ਦੀ ਵੀ ਜਾਣ-ਪਛਾਣ ਹੋ ਗਈ ਤੇ ਫਿਰ ਅਸੀਂ ਚਿਰੇ ਝੱਖੇ ਆਪੋ ਵਿਚ ਮਿਲਦੇ ਰਹੇ। ਭਾਈ ਹਰਨਾਮ ਸਿੰਘ ਜੀ ਉਹਨਾਂ ਸੱਚੇ ਦੇਸ਼ ਭਗਤਾਂ ਵਿਚੋਂ ਸਨ ਜੋ ਸੰਸਾਰ ਦੇ ਇਤਿਹਾਸ ਨੂੰ ਆਪਣੇ ਖ਼ੂਨ ਨਾਲ ਲਿਖਦੇ ਹਨ। ਉਹ ਬਹੁਤ ਦ੍ਰਿੜ੍ਹ ਵਿਸ਼ਵਾਸੀ ਅਤੇ ਧੀਰਜ ਵਾਲੇ ਆਦਮੀ ਸਨ। ਉਹਨਾਂ ਦੇ ਗੁਣ ਇਸ ਇਕ ਹੀ ਘਟਨਾ ਤੋਂ ਪ੍ਰਗਟ ਹਨ ਕਿ ਜਦੋਂ ਉਹ ਸੰਨ 1915 ਵਿਚ ਅਮਰੀਕਾ ਤੋਂ ਬਰ੍ਹਮਾ ਵਿਚ ਕੰਮ ਕਰਨ ਲਈ ਆਏ ਤਾਂ ਅੰਗਰੇਜ਼ੀ ਸਰਕਾਰ ਨੇ ਜੋ ਆਪਣੀ ਜ਼ਾਲਮਾਨਾ ਪਾਲਸੀ ਉੱਤੇ ਤੁਲੀ ਹੋਈ ਸੀ ਤੇ ਦੇਸ਼ ਭਗਤਾਂ ਨੂੰ ਫੜ ਫੜ ਕੇ ਧੜਾਧੜ ਫਾਹੇ ਟੰਗ ਰਹੀ ਸੀ- ਭਾਈ ਹਰਨਾਮ ਸਿੰਘ ਜੀ ਤੇ ਉਹਨਾਂ ਦੇ ਹੋਰਨਾਂ ਦੇਸ਼ ਭਗਤ ਸਾਥੀਆਂ ਨੂੰ ਜੋ ਬਰ੍ਹਮਾ ਵਿਚ ਕੰਮ ਕਰਦੇ ਸਨ- ਮੌਤ ਦੀ ਸਜ਼ਾ ਦਿੱਤੀ। ਭਾਈ ਹਰਨਾਮ ਸਿੰਘ ਜੀ ਦੇ ਨਾਲ ਇਕ ਭਾਈ ਚਾਲੀਆ ਰਾਮ ਦੇਸ਼ ਭਗਤ ਵੀ ਸਨ। ਉਹਨਾਂ ਨੂੰ ਵੀ ਮੌਤ ਦੀ ਸਜ਼ਾ ਮਿਲੀ ਸੀ, ਪਰ ਜੱਜ ਨੇ ਉਹਨਾਂ ਦੇ ਫੈਸਲੇ ਵਿਚ ਕੁਝ ਗੁੰਜਾਇਸ਼ ਰੱਖੀ ਸੀ। ਫੈਸਲਾ ਸੁਣਾਉਣ ਸਮੇਂ ਜੱਜ ਨੇ ਭਾਈ ਚਾਲੀਆ ਰਾਮ ਨੂੰ ਆਖਿਆ ਸੀ ਕਿ ਤੁਸੀਂ ਅਪੀਲ ਜ਼ਰੂਰ ਕਰਨੀ। ਤੁਹਾਡੀ ਫਾਂਸੀ ਦੀ ਸਜ਼ਾ ਕੈਦ ਵਿਚ ਜ਼ਰੂਰ ਬਦਲ ਜਾਵੇਗੀ। ਐਪਰ ਭਾਈ ਚਾਲੀਆ ਰਾਮ ਨੇ ਇਹ ਆਖ ਕੇ ਅਪੀਲ ਕਰਨ ਤੋਂ ਸਿਰ ਫੇਰ ਦਿੱਤਾ ਸੀ ਕਿ "ਮੈਂ ਭਾਈ ਹਰਨਾਮ ਸਿੰਘ ਜੀ ਵਰਗੇ ਮਹਾਤਮਾ ਦਾ ਸੰਗ ਨਹੀਂ ਛੱਡਣਾ ਚਾਹੁੰਦਾ। ਉਹਨਾਂ ਦੇ ਨਾਲ ਮੈਨੂੰ ਮੌਤ ਜੀਵਨ ਨਾਲੋਂ ਵੀ ਕਈ ਦਰਜੇ ਮਿੱਠੀ ਪ੍ਰਤੀਤ ਹੁੰਦੀ ਹੈ।" ਆਖਿਰ ਭਾਈ ਚਾਲੀਆ ਰਾਮ ਫਾਂਸੀ ਪੁਰ ਤਾਂ ਲਟਕੇ ਪਰ ਹਰਨਾਮ ਸਿੰਘ ਜੀ ਦਾ ਸਾਥ ਛੱਡਣਾ ਗਵਾਰਾ ਨਾ ਕੀਤਾ। ਸ਼ਾਬਾਸ਼ ਬਈ ਦੇਸ਼ ਭਗਤੋ! ਪ੍ਰੇਮ ਹੋਵੇ ਤਾਂ ਇਸੇ ਤਰ੍ਹਾਂ ਦਾ ਹੋਵੇ। ਗੁਰਾਂ ਦਿੱਤਾ ਸਿੰਘ ਨੇ ਆਪਣਾ ਨਾਂ ਜੀ. ਡੀ. ਕੁਮਾਰ ਰੱਖ ਲਿਆ। ਹਰਨਾਮ ਸਿੰਘ ਦੇ ਨਾਂ ਨਾਲ ਬਾਬੂ ਸ਼ਬਦ ਜੁੜਨ ਦਾ ਵੀ ਬੜਾ ਵਧੀਆ ਤਰਕ ਹੈ। ਹਰਨਾਮ ਸਿੰਘ ਨੇ ਮਿਡਲ ਤੱਕ ਦੀ ਪੜ੍ਹਾਈ ਤਾਂ ਹਿੰਦੋਸਤਾਨ ਵਿਚ ਹੀ ਪੂਰੀ ਕਰ ਲਈ ਸੀ। ਕੈਨੇਡਾ ਆ ਕੇ ਉਸਨੇ ਸਕੂਲੀ ਅਤੇ ਯੂਨੀਵਰਸਿਟੀ ਪੱਧਰ ਦੀ ਹੋਰ ਵਿੱਦਿਆ ਪ੍ਰਾਪਤ ਕਰ ਲਈ। ਉਹ ਕਈ ਭਾਸ਼ਾਵਾਂ ਦਾ ਗਿਆਤਾ ਸੀ। ਕਾਨੂੰਨੀ ਦਾਅ ਪੇਚਾਂ 'ਚ ਵੀ ਮਾਹਿਰ ਸੀ। ਰਹਿੰਦਾ ਵੀ ਬਣ-ਠਣ ਕੇ ਸੀ। ਬਹੁਤ ਸਾਰੇ ਗੁਣਾਂ ਦਾ ਧਾਰਨੀ ਅਤੇ ਵੱਧ ਪੜ੍ਹਿਆ ਲਿਖਿਆ ਹੋਣ ਕਰਕੇ ਇਸਦੇ ਨਾਂ ਅੱਗੇ ਬਾਬੂ ਸ਼ਬਦ ਪ੍ਰਚੱਲਿਤ ਹੋ ਗਿਆ। ਬਾਬੂ ਹਰਨਾਮ ਸਿੰਘ ਅਤੇ ਜੀ. ਡੀ. ਕੁਮਾਰ ਦੀ ਚੰਗੀ ਸੁਰ ਮਿਲੀ। ਦੋਵੇਂ ਬਹੁਤ ਵਧੀਆ ਬੁਲਾਰੇ ਸਨ। ਇਹਨਾਂ ਨੇ ਤੁਰ ਫਿਰ ਕੇ ਗਦਰੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਕਾਰਖਾਨਿਆਂ, ਮਿੱਲਾਂ ਅਤੇ ਧਾਰਮਿਕ ਸਥਾਨਾਂ ਤੇ ਹੋਏ ਇਕੱਠਾਂ ਵਿਚ ਪ੍ਰਚਾਰ ਕਰਦੇ। ਹਿੰਦੀ ਮਜ਼ਦੂਰਾਂ ਨੂੰ ਸ਼ਰਾਬ ਅਤੇ ਹੋਰ ਬੁਰੀਆਂ ਆਦਤਾਂ ਤੋਂ ਬਚਣ ਅਤੇ ਔਖੇ ਵੇਲੇ ਆਪਣੇ ਹਿੰਦੀ ਭਰਾਵਾਂ ਦੀ ਮਦਦ ਕਰਨ ਦੀਆਂ ਤਕਰੀਰਾਂ ਕਰਦੇ। ਇਹਨਾਂ ਦੀਆਂ ਤਕਰੀਰਾਂ ਵਿਚ ਦੇਸ਼ ਪਿਆਰ ਦੀਆਂ ਭਾਵਨਾਵਾਂ ਡੁੱਲ੍ਹ-ਡੁੱਲ੍ਹ ਪੈਂਦੀਆਂ ਸਨ। ਬਾਬੂ ਹਰਨਾਮ ਸਿੰਘ ਤੇ ਜੀ. ਡੀ. ਕੁਮਾਰ ਦੇ ਯਤਨਾਂ ਨੇ ਹਿੰਦੀਆਂ ਨੂੰ ਜਥੇਬੰਦ ਕਰਨ ਦਾ ਸੁੱਘੜ ਉਪਰਾਲਾ ਕੀਤਾ।

ਇਸ ਆਸ਼ੇ ਨੂੰ ਮੁੱਖ ਰੱਖ ਕੇ ਇਹਨਾਂ ਨੇ ਯੂਰਪੀ ਤੇ ਨਿਊਯਾਰਕੀ ਦੇਸ ਭਗਤਾਂ ਦੀ ਦੇਖਾ ਦੇਖੀ 1909 ਦੇ ਅਖੀਰ ਤੇ ਇਕ ਕੌਮੀ ਸਭਾ ਬਣਾਈ ਜਿਸਦਾ ਨਾਂ 'ਹਿੰਦੋਸਤਾਨ ਐਸੋਸੀਏਸ਼ਨ' ਰੱਖਿਆ ਗਿਆ। ਇਸਦੇ ਪ੍ਰਧਾਨ ਭਾਈ ਭਾਗ ਸਿੰਘ ਭਿਖੀਵਿੰਡ, ਸਕੱਤਰ ਜੀ. ਡੀ. ਕੁਮਾਰ ਤੇ ਖਜਾਨਚੀ ਭਾਈ ਬਲਵੰਤ ਸਿੰਘ ਖੁਰਦਪੁਰੀ ਸਨ। ਹੋਰ ਬਹੁਤ ਸਾਰੇ ਸਿਰਕੱਢ ਹਿੰਦੀ ਇਸਦੇ ਮੈਂਬਰ ਬਣੇ। ਐਸੋਸੀਏਸ਼ਨ ਦੇ ਮੈਂਬਰਾਂ ਤੇ ਸਮਾਜਵਾਦੀ ਵਿਚਾਰਾਂ ਦਾ ਗਹਿਰਾ ਪ੍ਰਭਾਵ ਸੀ। ਇਸਦੇ ਸਮਾਗਮਾਂ ਵਿਚ ਕਈ ਗੋਰੇ ਸਮਾਜਵਾਦੀ ਆ ਕੇ ਭਾਸ਼ਣ ਵੀ ਕਰ ਗਏ ਸਨ।

ਅਮਰੀਕਾ ਕੈਨੇਡਾ ਵਿਚ ਗਏ ਹਿੰਦੀਆਂ ਵਿਚ ਜ਼ਿਆਦਾ ਗਿਣਤੀ ਪੰਜਾਬੀਆਂ ਦੀ ਸੀ। ਬਹੁਤੇ ਪੰਜਾਬੀ ਸਿੱਖ ਅੰਗਰੇਜ਼ੀ ਹਕੂਮਤ ਵਿਚ ਫੌਜ ਦੀ ਨੌਕਰੀ ਵੀ ਕਰ ਆਏ ਸਨ। ਨੌਕਰੀ ਵਿਚ ਬਹਾਦਰੀ ਭਰੇ ਕਾਰਨਾਮੇ ਕਰਦਿਆਂ ਬਹੁਤੇ ਫੌਜੀਆਂ ਨੂੰ ਮੈਡਲਾਂ ਅਤੇ ਵਧੀਆ ਫੌਜੀ ਵਰਦੀਆਂ ਨਾਲ ਸਨਮਾਨ ਵੀ ਪ੍ਰਾਪਤ ਹੋ ਚੁੱਕਾ ਸੀ। ਵਿਦੇਸ਼ ਆਏ ਹੋਏ ਪੰਜਾਬੀ ਸਿੱਖ ਇਹ ਮੈਡਲ ਅਤੇ ਵਰਦੀਆਂ ਨਾਲ ਹੀ ਚੁੱਕੀ ਲਿਆਏ ਸਨ ਤਾਂ ਕਿ ਵਿਦੇਸ਼ ਵਿਚ ਜਦੋਂ ਉਹ ਮੈਡਲ ਤਮਗੇ ਪਹਿਨ ਕੇ ਨਿਕਲਣ ਤਾਂ ਉਹਨਾਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਵੇ। ਪਰ ਇੰਝ ਹੋਇਆ ਨਹੀਂ। ਕਿਉਂਕਿ ਗੁਲਾਮ ਤਾਂ ਗੁਲਾਮ ਹੀ ਹੁੰਦੇ ਹਨ। ਉਹਨਾਂ ਨੂੰ ਇਸ ਪਹਿਰਾਵੇ ਨਾਲ ਹੋਰ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ। "3 ਅਕਤੂਬਰ 1909 ਵਾਲੇ ਦਿਨ ਭਾਈ ਨੱਥਾ ਸਿੰਘ ਨੇ ਸੰਗਤ ਵਿਚ ਲਲਕਾਰ ਕੇ ਇਹ ਮਤਾ ਪੇਸ਼ ਕਰਦਿਆਂ ਇਹਨੂੰ ਪਾਸ ਕਰਨ ਦੀ ਮੰਗ ਕੀਤੀ ਕਿ ਗੁਰਦੁਆਰੇ ਦੀ ਕਾਰਜਕਾਰਨੀ ਦਾ ਕੋਈ ਵੀ ਮੈਂਬਰ ਅੱਗੇ ਤੋਂ ਅੰਗਰੇਜ਼ ਹਕੂਮਤ ਤੋਂ ਪ੍ਰਾਪਤ ਮੈਡਲ, ਇਨਸਗਨੀਏਂ, ਬਟਨ ਜਾਂ ਵਰਦੀ ਨਹੀਂ ਪਹਿਨੇਗਾ। ਕਿਉਂਕਿ ਇਹ ਸਾਡੀ ਗੁਲਾਮੀ ਦੀ ਨਿਸ਼ਾਨੀ ਹਨ ਤੇ ਦੱਸਦੇ ਹਨ ਕਿ ਅਸੀਂ ਅੰਗਰੇਜ਼ਾਂ ਦੇ ਭਾੜੇ ਦੇ ਟੱਟੂ ਸਾਂ। ਮਤਾ ਜੈਕਾਰਿਆਂ ਦੀ ਗੂੰਜ ਵਿਚ ਪਾਸ ਹੋ ਗਿਆ।" ਲੋਕਾਂ ਵਿਚ ਜਾਗਰਤੀ ਕੋਈ ਐਮੀ ਨਹੀਂ ਆ ਗਈ। ਇਸ ਪਿੱਛੇ ਬਾਬੂ ਹਰਨਾਮ ਸਿੰਘ ਤੇ ਜੀ. ਡੀ. ਕੁਮਾਰ ਦੁਆਰਾ ਥਾਂ ਥਾਂ ਤੇ ਜਾ ਕੇ ਕੀਤਾ ਜਾਂਦਾ ਕੌਮੀ ਪ੍ਰਚਾਰ ਇਕ ਅਹਿਮ ਕਾਰਨ ਸੀ। ਲੋਕਾਂ ਨੂੰ ਕੌਮੀ ਹਿੱਤਾਂ ਨਾਲ ਮੋਹ ਹੋ ਚੁੱਕਾ ਸੀ। ਖਾਲਸਾ ਦੀਵਾਨ ਸੁਸਾਇਟੀ ਅਤੇ ਹਿੰਦੋਸਤਾਨ ਐਸੋਸੀਏਸ਼ਨ ਦੇ ਮੋਹਰੀ ਮੈਂਬਰਾਂ ਨੇ ਬ੍ਰਿਟਿਸ਼ ਹਕੂਮਤ ਵੱਲੋਂ ਮਿਲੇ ਸਨਮਾਨਾਂ ਨੂੰ ਅਗਨ ਭੇਂਟ ਕਰਕੇ ਇਸ ਕੰਮ ਦੀ ਸ਼ੁਰੂਆਤ ਕਰ ਦਿੱਤੀ ਸੀ।

ਵੀਹਵੀਂ ਸਦੀ ਦੇ ਚੜ੍ਹਦੇ ਦੂਜੇ ਦਹਾਕੇ ਨੂੰ ਹਿੰਦੋਸਤਾਨ ਵਿਚ ਵੀ ਕੌਮੀ ਆਜ਼ਾਦੀ ਦੀ ਲਹਿਰ ਪ੍ਰਚੰਡ ਹੋ ਚੁੱਕੀ ਸੀ। ਇਹਨਾਂ ਦਿਨਾਂ ਵਿਚ ਬਹੁਤ ਸਾਰੇ ਕਾਲ ਪਏ। ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਸੀ। ਬ੍ਰਿਟਿਸ਼ ਹਕੂਮਤ ਦੇ ਕੰਨ ਤੇ ਜੂੰ ਨਹੀਂ ਸੀ ਸਰਕ ਰਹੀ। ਉਹ ਤਾਂ ਨਿੱਤ ਦਿਹਾੜੇ ਨਵੀਆਂ ਨੀਤੀਆਂ ਲਾਗੂ ਕਰਨ, ਹਿੰਦੋਸਤਾਨ ਨੂੰ ਨੋਚ-ਨੋਚ ਕੇ ਆਪਣੀਆਂ ਤਿਜੋਰੀਆਂ ਭਰਨ ਵਿਚ ਮਸ਼ਰੂਫ ਸੀ।

ਬਾਬੂ ਹਰਨਾਮ ਸਿੰਘ ਅਤੇ ਜੀ. ਡੀ. ਕੁਮਾਰ ਦੁਆਰਾ ਵੱਖ-ਵੱਖ ਥਾਵਾਂ ਤੇ ਲੋਕਾਂ ਨੂੰ ਜਾਗ੍ਰਿਤ ਕਰਨ ਸਬੰਧੀ ਲੈਕਚਰ ਦੇਣ ਦੀ ਮੁਹਿੰਮ ਲਗਾਤਾਰ ਜਾਰੀ ਸੀ। ਪਰ ਬਾਬੂ ਹਰਨਾਮ ਸਿੰਘ ਅਜੇ ਵੀ ਸੰਤੁਸ਼ਟ ਨਹੀਂ ਸੀ। ਕਿਉਂਕਿ ਇਕੋ ਸਮੇਂ ਸਿਰਫ ਇਕ ਥਾਂ ਤੇ ਹੀ ਲੋਕਾਂ ਦੇ ਰੂਬਰੂ ਹੋਇਆ ਜਾ ਸਕਦਾ ਸੀ। ਉਹ ਇਸ ਕੰਮ ਵਿਚ ਅੱਤ ਦੀ ਤੇਜ਼ੀ ਚਾਹੁੰਦਾ ਸੀ। ਇਸ ਲਈ ਉਸਦੇ ਮਨ ਵਿਚ ਅਖ਼ਬਾਰ ਕੱਢਣ ਦਾ ਵਿਚਾਰ ਆਇਆ। ਅਖ਼ਬਾਰ ਸ਼ੁਰੂ ਕਰਨ ਲਈ ਆਪਣਾ ਕੋਈ ਪੱਕਾ ਅੱਡਾ ਬਣਾਉਣਾ ਬਹੁਤ ਜ਼ਰੂਰੀ ਸੀ। ਜਿਸਦੇ ਲਈ ਉਸਨੇ 1632-ਦੂਜਾ ਐਵੇਨਿਊ ਵੈਨਕੂਵਰ ਵਿਚ ਆਪਣਾ ਪੱਕਾ ਅੱਡਾ ਸਥਾਪਤ ਕੀਤਾ। ਇੱਥੇ ਸਭ ਤੋਂ ਪਹਿਲਾਂ ਤਾਂ ਉਸਨੇ 'ਸਟੱਡੀ ਸੈਂਟਰ' ਖੋਲ੍ਹਿਆ। ਇਸ ਸੈਂਟਰ ਵਿਚ ਸ਼ਾਮ ਨੂੰ ਕੰਮ ਤੋਂ ਵਿਹਲੇ ਹੋ ਕੇ ਆਏ ਹਿੰਦੀਆਂ ਦੀ ਦੋ ਘੰਟੇ ਦੀ ਕਲਾਸ ਲਗਾਈ ਜਾਂਦੀ। ਉਹਨਾਂ ਨੂੰ ਅੰਗਰੇਜ਼ੀ ਅਤੇ ਇੰਮੀਗ੍ਰੇਸ਼ਨ ਦੇ ਨੇਮਾਂ ਸਬੰਧੀ ਮੁਫ਼ਤ ਜਾਣਕਾਰੀ ਦਿੱਤੀ ਜਾਂਦੀ ਸੀ। ਜੇਕਰ ਕਿਸੇ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਦਾ ਸਾਹਮਣਾ ਕਰਨਾ ਪਵੇ ਤਾਂ ਸਵਦੇਸ਼ ਸੇਵਕ ਹੋਮ ਉਸਦੀ ਸਮੱਸਿਆ ਹੱਲ ਕਰਦਾ ਸੀ। ਬਾਬੂ ਹਰਨਾਮ ਸਿੰਘ ਅਤੇ ਜੀ. ਡੀ. ਕੁਮਾਰ ਬਹੁਤ ਪੜ੍ਹੇ ਲਿਖੇ ਵਿਅਕਤੀ ਸਨ। ਉਹ ਸਮਰੱਥ ਅਧਿਆਪਕਾਂ ਦੀ ਤਰ੍ਹਾਂ ਹਿੰਦੀ ਭਰਾਵਾਂ ਨੂੰ ਪੜ੍ਹਾ ਰਹੇ ਸਨ।

'ਸਵਦੇਸ਼ ਸੇਵਕ ਹੋਮ' ਤੋਂ ਹੀ ਇਹਨਾਂ ਨੇ ਅਖ਼ਬਾਰ ਕੱਢਣ ਬਾਰੇ ਸੋਚਿਆ। ਅਖ਼ਬਾਰ ਇਕ ਅਜਿਹਾ ਸਾਧਨ ਸੀ ਜਿਸ ਨਾਲ ਇਕੋ ਸਮੇਂ ਕਈ ਨਿਸ਼ਾਨੇ ਕੀਤੇ ਜਾ ਸਕਦੇ ਸਨ। ਅਖ਼ਬਾਰ ਦਾ ਨਾਂ 'ਸਵਦੇਸ਼ ਸੇਵਕ' ਰੱਖਿਆ ਗਿਆ। ਬਾਬੂ ਹਰਨਾਮ ਸਿੰਘ ਇਸ ਅਖ਼ਬਾਰ ਦੇ ਮੁੱਖ ਸੰਪਾਦਕ ਸਨ। ਉੱਤਰੀ ਅਮਰੀਕਾ ਮਹਾਂਦੀਪ ਵਿਚ ਛਪਣ ਵਾਲਾ ਇਹ ਪਹਿਲਾ ਪੰਜਾਬੀ ਅਖ਼ਬਾਰ ਸੀ। ਇਸਦਾ ਪਹਿਲਾ ਅੰਕ ਜਨਵਰੀ 1910 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਹ ਪਰਚਾ 1632- ਸੈਕਿੰਡ ਐਵੇ-ਨਿਊ, ਵੈਸਟ ਫੇਅਰਵੀਊ, ਵੈਨਕੂਵਰ ਤੋਂ ਹੱਥ ਲਿਖਤ ਰੂਪ ਵਿਚ ਸਾਈਕਲੋ ਹੁੰਦਾ ਸੀ। ਇਸਦੇ ਅੱਠ ਸਫੇ, ਕੀਮਤ ਦਸ ਸੈਂਟ ਅਤੇ ਸਾਲ ਦਾ ਚੰਦਾ ਇਕ ਡਾਲਰ ਸੀ। ਇਸਦੇ ਪਹਿਲੇ ਸਫੇ ਉੱਤੇ (ਜਾਂ ਟਾਈਟਲ ਪੰਨੇ) ਉੱਤੇ ਇਕ ਉਰਦੂ-ਨੁਮਾ ਸ਼ੇਅਰ ਗੁਰਮੁਖੀ ਲਿੱਪੀ ਵਿਚ ਅੰਕਿਤ ਹੁੰਦਾ ਸੀ:


ਮਰਨਾ ਭਲਾ
ਉਸਕਾ ਜੋ ਅਪਨੇ
ਲੀਏ ਜੀਏ
ਜੀਤਾ ਹੈ ਵੋ ਜੋ
ਮਰ ਚੁਕਾ ਹੈ ਇਨਸਾਨ ਕੇ ਲੀਏ।

ਪਹਿਲੇ ਸਫੇ ਉੱਤੇ ਹੀ ਇਸ ਤੋਂ ਬਾਅਦ ਲਿਖਿਆ ਹੁੰਦਾ ਸੀ: "ਇਸ ਦੇਸ਼ ਸੇਵਕ ਪਰਚੇ ਦੀ ਮਾਰਫ਼ਤ ਅਸੀਂ ਆਪਣੇ ਦੇਸ਼ ਭਾਇਓਂ ਕੀ ਸੇਵਾ ਕਰਨੀ ਚਾਹਤੇ ਹੈ।" ਉਸ ਤੋਂ ਹੇਠਾਂ

"੧ਓ ਸਤਿਗੁਰੂ ਸਹਾਇ
ਫਿਰ ਮੋਟੇ ਅੱਖਰਾਂ ਵਿਚ ਪਰਚੇ ਦਾ ਨਾਂ
ਸੁਦੇਸ਼ ਸੇਵਕ
ਤੇ ਹੇਠਾਂ ਅੰਕ ਦਾ ਨੰ. ਤੇ ਤਾਰੀਖ

ਬਾਬੂ ਹਰਨਾਮ ਸਿੰਘ ਦਾ ਜਿਸ ਤਰ੍ਹਾਂ ਨਿਡਰ ਸੁਭਾਅ ਸੀ। ਉਸੇ ਤਰ੍ਹਾਂ ਦੀਆਂ ਇਹਨਾਂ ਦੀਆਂ ਲਿਖਤਾਂ ਸਨ। ਸਵਦੇਸ਼ ਸੇਵਕ ਦੇ ਮੁਢਲੇ ਅੰਕਾਂ ਨੇ ਹੀ ਬ੍ਰਿਟਿਸ਼ ਹਕੂਮਤ ਨੂੰ ਦੰਦਲ ਪਾਉਣੀ ਸ਼ੁਰੂ ਕਰ ਦਿੱਤੀ। ਅਮਰੀਕਾ ਕੈਨੇਡਾ ਤੋਂ ਹਿੰਦੁਸਤਾਨ ਨੂੰ ਤਾਰਾਂ ਖੜਕਣ ਲੱਗੀਆਂ। ਬਾਬੂ ਹਰਨਾਮ ਸਿੰਘ ਦਾ ਨਾਂ ਬ੍ਰਿਟਿਸ਼ ਸਰਕਾਰ ਦੀ ਹਿੱਟ ਲਿਸਟ ਤੇ ਆਉਣ ਲੱਗ ਪਿਆ। 'ਸਵਦੇਸ਼ ਸੇਵਕ' ਮਹੀਨਾਵਾਰ ਅਖ਼ਬਾਰ ਸੀ। ਸਵਦੇਸ਼ ਸੇਵਕ ਦੇ ਦੋ ਹਿੱਸੇ ਕੀਤੇ ਜਾਂਦੇ ਸਨ। ਇਕ ਕਾਵਿ ਭਾਗ ਅਤੇ ਦੂਸਰਾ ਵਾਰਤਕ। ਅਖ਼ਬਾਰ ਦੇ ਕੰਮ-ਕਾਜ ਨੂੰ ਚਲਾਉਣ ਲਈ ਇਕ ਸ਼ਖਸੀਅਤ ਰਾਮ ਚੰਦ ਵੀ ਸੀ ਜਿਸਨੇ ਬਾਬੂ ਹਰਨਾਮ ਸਿੰਘ ਅਤੇ ਜੀ. ਡੀ. ਕੁਮਾਰ ਦਾ ਪੂਰਾ ਸਾਥ ਦਿੱਤਾ। ਰਾਮ ਚੰਦ ਵੀ ਚੰਗਾ ਸਾਖਰ ਵਿਅਕਤੀ ਸੀ।

ਸਵਦੇਸ਼ ਸੇਵਕ ਦਾ ਵਿਸ਼ਾ ਤੇ ਭਾਸ਼ਾ ਸ਼ੈਲੀ ਕੈਨੇਡਾ ਦੀ ਧਰਤੀ ਤੇ ਔਕੜਾਂ ਵਿਚ ਫਸੇ ਵੀਹਵੀਂ ਸਦੀ ਦੇ ਸ਼ੁਰੂ ਦੇ ਪ੍ਰਦੇਸੀ ਹਿੰਦੀ ਮਜ਼ਦੂਰਾਂ ਦੀ ਆਤਮਾ ਦਾ ਸ਼ੀਸ਼ਾ ਹੈ। ਇਸਦੀ ਬੋਲੀ ਪੰਜਾਬੀ ਤੇ ਹਿੰਦੋਸਤਾਨੀ ਦਾ ਰਲਿਆ ਮਿਲਿਆ ਰੂਪ ਹੈ ਤੇ ਲਿੱਪੀ ਗੁਰਮੁਖੀ ਹੈ। ਆਪਣੇ ਸਮਕਾਲੀ ਸਮੇਂ ਦੌਰਾਨ ਹਿੰਦੀਆਂ ਨੂੰ ਦਰਪੇਸ਼ ਮੁਸ਼ਕਿਲਾਂ ਦੀ ਪੇਸ਼ਕਾਰੀ ਕਰਨ ਵਾਲਾ ਇਹ ਕ੍ਰਾਂਤੀਕਾਰੀ ਪਰਚਾ ਸੀ। ਕੈਨੇਡਾ ਵਿਚ ਰਹਿਣ ਵਾਲੇ ਹਿੰਦੀਆਂ ਦਾ ਖਰਚ ਪਾਣੀ ਪੱਖੋਂ ਹੱਥ ਬੜਾ ਸੁਖਾਲਾ ਹੋ ਗਿਆ ਸੀ। ਪਰ ਕੈਨੇਡਾ ਸਰਕਾਰ ਦਾ ਰਵੱਈਆ ਇਹਨਾਂ ਪ੍ਰਤੀ ਮਤਰੇਈ ਮਾਂ ਵਾਲਾ ਹੋ ਗਿਆ ਸੀ। ਹਿੰਦੀਆਂ ਨੂੰ ਕੈਨੇਡਾ ਸਿੱਧੇ ਤੌਰ ਤੇ ਆਉਣਾ ਰੋਕ ਦਿੱਤਾ ਗਿਆ ਸੀ। ਇਹਨਾਂ ਨੂੰ ਬਾਇਆ ਹਾਂਗਕਾਂਗ ਜਾਂ ਕਿਸੇ ਹੋਰ ਦੇਸ਼ ਵਿਚੋਂ ਹੋ ਕੇ ਆਉਣਾ ਪੈਂਦਾ ਸੀ। ਇਸ ਨਾਲ ਉਹਨਾਂ ਦਾ ਪੈਸਾ ਧੇਲਾ ਵੀ ਵੱਧ ਖਰਚ ਹੁੰਦਾ ਸੀ, ਸਮਾਂ ਵੀ ਵਿਅਰਥ ਹੁੰਦਾ ਸੀ ਤੇ ਪ੍ਰੇਸ਼ਾਨੀ ਵੀ ਜ਼ਿਆਦਾ ਸਹਿਣ ਕਰਨੀ ਪੈਂਦੀ ਸੀ। ਜੇਕਰ ਕੋਈ ਵੱਧ ਪੈਸੇ ਖਰਚ ਕਰਕੇ ਸਿੱਧੇ ਆਉਣ ਦੀ ਕੋਸ਼ਿਸ਼ ਵੀ ਕਰਦਾ ਸੀ ਤਾਂ ਉਸਨੂੰ ਇੰਮੀਗ੍ਰੇਸ਼ਨ ਵਾਲੇ ਕਾਨੂੰਨੀ ਦਾਅ-ਪੇਚਾਂ ਵਿਚ ਉਲਝਾ ਕੇ ਵਾਪਸ ਭੇਜ ਦਿੰਦੇ ਸਨ। ਦੂਜੇ ਪਾਸੇ ਜਾਪਾਨ ਅਤੇ ਚੀਨ ਤੋਂ ਆਉਣ ਵਾਲੇ ਵਿਦਿਅਰਥੀਆਂ ਅਤੇ ਵਪਾਰੀਆਂ ਲਈ ਕੋਈ ਰੋਕ ਟੋਕ ਨਹੀਂ ਸੀ। ਇਸ ਦਾ ਸਬੂਤ ਬਾਬੂ ਹਰਨਾਮ ਸਿੰਘ ਦੀ ਹੱਥ ਲਿਖਤ ਜੋ 'ਸਵਦੇਸ਼ ਸੇਵਕ' ਦੇ ਪਹਿਲੇ ਅੰਕਾਂ ਵਿਚ ਛਪੀ ਸੀ, ਨੂੰ ਇੰਨ ਬਿੰਨ ਦਿੱਤਾ ਜਾ ਰਿਹਾ ਹੈ ਜੋ ਉਹਨਾਂ ਦੇ ਨਿਡਰਤਾ ਅਤੇ ਕ੍ਰਾਂਤੀਕਾਰੀ ਸੁਭਾਅ ਦੇ ਨਾਲ ਨਾਲ ਮਿੱਠੀ ਅਤੇ ਨਿੱਘੀ ਯਾਦ ਨੂੰ ਵੀ ਤਰੋ-ਤਾਜ਼ਾ ਕਰੇਗੀ-



(ਚਲਦਾ)

# 'ਲਾਲ ਸਲਾਮ' ਤੋਂ 'ਜੈ ਭੀਮ'



ਡਾ. ਉਦਿਤ ਰਾਜ
ਸੰਸਦ ਮੈਂਬਰ (ਲੋਕ ਸਭਾ)

ਭਾਰਤ ਵਿਚ ਕਮਿਊਨਿਸਟ ਪਾਰਟੀ ਦੀ ਸਥਾਪਨਾ 1925 ਵਿਚ ਹੋਈ ਸੀ। 1917 ਵਿਚ ਰੂਸ ਦੀ ਬੋਲਸੇਵਿਕ ਕ੍ਰਾਂਤੀ ਦਾ ਅਸਰ ਪੂਰੀ ਦੁਨੀਆਂ ਤੇ ਉਦੋਂ ਫੈਲ ਚੁੱਕਾ ਸੀ। ਕਾਰਲ ਮਾਰਕਸ ਨੇ ਵਿਚਾਰਕ ਪਿੱਠਭੂਮੀ ਤਿਆਰ ਕੀਤੀ ਸੀ। ਲੈਨਿਨ, ਸਟਾਲਿਨ, ਟ੍ਰਾਇਸਕੀ ਆਦਿ ਨੇ ਉਸਨੂੰ ਅਮਲੀ ਜਾਮਾ ਪੁਆਇਆ। ਉਥੋਂ ਦੀਆਂ ਪ੍ਰਸਥਿਤੀਆਂ ਦੇ ਹਿਸਾਬ ਨਾਲ ਉਹਨਾਂ ਨੇ ਸਮਾਜ ਦਾ ਵਿਸ਼ਲੇਸ਼ਣ ਕੀਤਾ ਅਤੇ ਮਾਰਕਸ ਦੇ ਵਿਚਾਰ ਨੂੰ ਲਾਗੂ ਕੀਤਾ। ਸਾਮਵਾਦੀ ਵਿਚਾਰਧਾਰਾ ਦੀ ਮਾਨਤਾ ਹੈ ਕਿ ਦੁਨੀਆਂ ਦੋ ਭਾਗਾਂ ਵਿਚ ਵੰਡੀ ਹੈ। ਇਕ ਗਰੀਬ ਅਤੇ ਦੂਜਾ ਅਮੀਰ। ਇਸਨੂੰ ਲੁਟੇਰਾ ਅਤੇ ਕਮੇਰਾ ਜਾਂ ਸ਼ੋਸ਼ਕ ਅਤੇ ਸ਼ੋਸ਼ਿਤ ਦੇ ਰੂਪ ਵਿਚ ਅਸੀਂ ਜਾਣਦੇ ਹਾਂ। ਭਾਰਤ ਦੇ ਸਮਾਜ ਦੀ ਸਰੰਚਨਾ ਹੋਰ ਸਮਾਜ ਤੋਂ ਵੱਖਰੀ ਹੈ ਪਰ ਭਾਰਤ ਦੀ ਕਮਿਊਨਿਸਟ ਪਾਰਟੀ ਦੇ ਸੰਸਥਾਪਕਾਂ ਨੇ ਉਸੇ ਚਸ਼ਮੇ ਨਾਲ ਦੇਖਿਆ ਜੋ ਦੂਜੇ ਦੇਸ਼ ਦੇ ਕਮਿਊਨਿਸਟਾਂ ਨੇ ਕੀਤਾ। ਕੁਝ ਕਹਿਣਾ ਮੁਸ਼ਕਿਲ ਹੈ ਕਿ ਇੱਥੋਂ ਦੇ ਕਮਿਊਨਿਸਟਾਂ ਨੇ ਇਹ ਇਤਿਹਾਸਕ ਗਲਤੀ ਕਰਕੇ ਦੇਸ਼ ਦਾ ਹਿੱਤ ਕੀਤਾ ਜਾਂ ਅਹਿਤ। ਹੁਣ ਤੱਕ ਚੱਲ ਰਹੇ ਦਲਿਤ ਅੰਦੋਲਨ ਨੂੰ ਜਾਤੀ ਅੰਦੋਲਨ ਹੀ ਉਹ ਮੰਨਦੇ ਰਹੇ ਪਰ ਹੌਲੀ-ਹੌਲੀ ਇਕ ਦਹਾਕੇ ਵਿਚ ਤਬਦੀਲੀ ਆਉਣ ਲੱਗੀ। ਇਹ ਤਬਦੀਲੀ ਅਸਫਲਤਾ ਤੋਂ ਤਾਂ ਘੱਟ ਮਜਬੂਰੀ ਵੱਸ ਜ਼ਿਆਦਾ ਆਉਣ ਲੱਗੀ। ਇਹਨਾਂ ਦਾ ਬੌਧਿਕ ਚਿੰਤਨ ਕਿੰਨਾ ਕਮਜ਼ੋਰ ਹੈ ਕਿ ਇਹ ਅਸਫਲਤਾ ਤੋਂ ਵੀ ਨਹੀਂ ਸਿੱਖੇ। ਮਜਬੂਰੀ ਵੱਸ ਤਾਂ ਕੋਈ ਵੀ ਕਰਦਾ ਹੈ, ਜੋ ਅੱਜ ਇਹ ਕਰ ਰਹੇ ਹਨ। ਕਨ੍ਹਈਆ ਕੁਮਾਰ ਨੇ ਜੇਲ੍ਹ ਤੋਂ ਵਾਪਸ ਆ ਕੇ ਜਦੋਂ ਜੇ. ਐਨ. ਯੂ. ਵਿਚ ਭਾਸ਼ਣ ਦਿੱਤਾ ਤਾਂ 'ਲਾਲ ਸਲਾਮ' ਦਾ ਨਾਅਰਾ ਹੀ ਨਹੀਂ ਬਲਕਿ 'ਜੈ ਭੀਮ' ਦਾ ਵੀ ਲਗਾਇਆ। ਉਹ ਸਭ ਨਾਅਰੇ ਲੱਗੇ ਜੋ ਕੁਝ ਦਲਿਤ ਲਗਾਉਂਦੇ ਹਨ, ਜਿਵੇਂ 'ਮਨੂਵਾਦ-ਮੁਰਦਾਬਾਦ, ਬ੍ਰਾਹਮਣਵਾਦ-ਮੁਰਦਾਬਾਦ' ਆਦਿ। ਕੁਝ ਪਲ ਦੇ ਲਈ ਤਾਂ ਭਰਮ ਪੈਦਾ ਹੋ ਗਿਆ ਕਿ ਇਹ ਸਭਾ ਖੱਬੇ ਪੱਖੀਆਂ ਦੀ ਹੈ ਜਾਂ ਅੰਬੇਡਕਰਵਾਦੀਆਂ ਦੀ।

1980 ਦੇ ਦਹਾਕੇ ਵਿਚ ਜਦੋਂ ਮੈਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਆਇਆ ਤਾਂ ਉਥੇ ਮੇਰਾ ਸਾਮਵਾਦ ਦੀ ਵਿਚਾਰਧਾਰਾ ਦਾ ਟੈਸਟ ਆਰੰਭ ਹੋਇਆ। ਸਮਝਾਇਆ ਗਿਆ ਕਿ ਕਾਮਰੇਡ ਦੁਨੀਆਂ ਵਿਚ ਦੋ ਹੀ ਜਾਤੀਆਂ ਹੁੰਦੀਆਂ ਹਨ- ਇਕ ਗਰੀਬ ਅਤੇ ਦੂਜੀ ਅਮੀਰ। ਮੈਂ ਵੀ ਇਹੀ ਮੰਨਣ ਲੱਗਿਆ ਸੀ। ਕੁਝ ਤਾਂ ਮਨੋਵਿਗਿਆਨਕ ਕਾਰਨ ਸਨ, ਪਿੰਡ-ਦੇਹਾਤ ਤੋਂ ਆਉਣ ਵਾਲਾ ਇਕ ਵਿਦਿਆਰਥੀ ਜੇ. ਐਨ. ਯੂ. ਦੀ ਬੌਧਿਕ ਬਹਿਸ ਨੂੰ ਦੇਖ ਕੇ ਚਕਾਚੌਂਧ ਤਾਂ ਹੋ ਹੀ ਜਾਂਦਾ ਹੈ। ਅੰਤਰ ਰਾਸ਼ਟਰੀ ਮੁੱਦਿਆਂ ਤੇ ਵਿਦਿਆਰਥੀ ਰਾਜਨੀਤੀ ਆਰੰਭ ਹੁੰਦੀ ਸੀ। ਵਰਕਰਾਂ ਵਾਂਗ ਇਸਤੇਮਾਲ ਕੀਤਾ ਗਿਆ ਪਰ ਸਮਰਪਣ ਅਤੇ ਸਮਰੱਥਾ ਦੇ ਹਿਸਾਬ ਨਾਲ ਕਦੀ ਤਰਾਸ਼ਣ ਦਾ ਮੌਕਾ ਨਹੀਂ ਦਿੱਤਾ ਅਤੇ ਅਖੀਰ ਵਰਕਰ ਹੀ ਬਣਿਆ ਰਿਹਾ। ਆਰਥਿਕ ਪ੍ਰਸਥਿਤੀਆਂ ਖਰਾਬ ਹੋਣ ਕਾਰਨ ਸਿਵਲ ਸਰਵਿਸਿਜ਼ ਵੱਲ ਧਿਆਨ ਜਾਣਾ ਮਜਬੂਰੀ ਹੋ ਗਈ ਸੀ। ਸੰਯੋਗ ਵੱਸ ਸਿਵਲ ਸਰਵੈਂਟ ਬਣ ਵੀ ਗਿਆ ਅਤੇ ਜੇ. ਐਨ. ਯੂ. ਦੀ ਦੁਨੀਆਂ ਤੋਂ ਬਾਹਰ ਆਇਆ, ਤਾਂ ਜਾਣਿਆ ਕਿ ਬਾਹਰ ਦੀ ਦੁਨੀਆਂ ਕੁਝ ਹੋਰ ਹੀ ਹੈ। ਭਾਰਤ ਸਰਕਾਰ ਦੀ ਸਰਵਉਚ ਸੇਵਾ ਵਿਚ ਰਹਿੰਦਿਆਂ ਜਾਤੀਵਾਦ ਦਾ ਜ਼ਹਿਰ ਅਸਿੱਧੇ ਤੌਰ ਤੇ ਦੇਖਣ ਅਤੇ ਮਹਿਸੂਸ ਕਰਨ ਦਾ ਅਨੁਭਵ ਤਾਂ ਹੁੰਦਾ ਹੀ ਰਿਹਾ। ਹੌਲੀ-ਹੌਲੀ ਅਹਿਸਾਸ ਹੋਇਆ ਕਿ ਜੇ. ਐਨ. ਯੂ. ਵਿਚ ਜੋ ਸਮਾਜਿਕ ਸਮਝ ਦਿੱਤੀ ਗਈ ਸੀ, ਉਸਦਾ ਤਾਂ ਬਹਾਰ ਦੇ ਸਮਾਜ ਨਾਲ ਜ਼ਿਆਦਾ ਸਬੰਧ ਹੀ ਨਹੀਂ ਹੈ। ਉਧਰ ਹੌਲੀ-ਹੌਲੀ ਜੇ. ਐਨ. ਯੂ. ਵਿਚ ਵੀ ਤਬਦੀਲੀ ਆਉਣ ਲੱਗੀ ਹੈ, ਪਰ ਹੁਣ ਦੇਰ ਹੋ ਚੁੱਕੀ ਹੈ। 'ਲਾਲ ਸਲਾਮ' ਅਤੇ 'ਜੈ ਭੀਮ' ਇਕ ਹੋ ਸਕਣਗੇ, ਇਹ ਤਾਂ ਵਕਤ ਹੀ ਦੱਸੇਗਾ। ਜੋ ਜਾਤੀਵਾਦ ਦੇ ਸ਼ਰਾਪ ਨੂੰ ਕਦੀ ਮੰਨਦੇ ਹੀ ਨਹੀਂ ਅਤੇ ਕੇਵਲ ਸਰਵਹਾਸਾ ਅਤੇ ਪੂੰਜੀਵਾਦ ਵਿਚ ਵੰਡਿਆ ਸਮਾਜ ਮੰਨਦੇ ਰਹੇ, ਇਸਦਾ ਸੰਤੁਲਨ ਇਕ ਟੇਢੀ ਖੀਰ ਤਾਂ ਹੈ। ਦਲਿਤ, ਔਰਤਾਂ ਅਤੇ ਪੱਛੜੇ ਚੌਰਾਹਿਆਂ ਤੇ ਖੜ੍ਹੇ ਹਨ ਕਿ ਉਹਨਾਂ ਦਾ ਭਲਾ ਕਿਵੇਂ ਹੋਵੇ? ਕਮਿਊਨਿਸਟ ਕੀ ਉਹਨਾਂ ਦਾ ਭਲਾ ਕਰ ਸਕਣਗੇ? ਜਦਕਿ ਉਹ ਭਾਰੀ ਉਤਾਰ ਵੱਲ ਹਨ। ਰੂਸ ਵਿਚ ਕਮਿਊਨਿਸਟ ਪਾਰਟੀ ਦਾ ਪ੍ਰਭਾਵ ਖਤਮ ਹੋਣ ਨਾਲ ਦੁਨੀਆਂ ਦੇ ਕਮਿਊਨਿਸਟਾਂ ਦੀ ਕਮਰ ਟੁੱਟ ਗਈ। ਚੀਨ ਬੇਸ਼ੱਕ ਹੀ ਇਕ ਕਮਿਊਨਿਸਟ ਮੁਲਕ ਹੋਵੇ ਪਰ ਅੰਦਰ ਤੋਂ ਉਹ ਮੁਕਤ ਆਰਥਿਕ ਵਿਵਸਥਾ ਦੀ ਜਕੜ ਵਿਚ ਆ ਗਿਆ ਹੈ। ਹੁਣ ਭੂਮੰਡਲੀਕਰਨ, ਨਿਜੀਕਰਨ ਅਤੇ ਉਦਾਰੀਕਰਨ ਦੀ ਲਪੇਟ ਵਿਚ ਪੂਰੀ ਦੁਨੀਆਂ ਆ ਗਈ ਹੈ ਤਾਂ ਭਾਰਤ ਉਸ ਤੋਂ ਬਚਿਆ ਕਿਵੇਂ ਰਹਿ ਸਕਦਾ ਹੈ। ਕੀ ਹੁਣ ਮਾਰਕਸਵਾਦ ਨੂੰ ਭਾਰਤੀ ਸਮਾਜ ਦੇ ਸੰਦਰਭ ਵਿਚ ਲਾਗੂ ਕਰਨਾ ਸੰਭਵ ਹੈ? ਰੋਹਿਤ ਵੇਮੂਲਾ ਇਕ ਮੁੱਦਾ ਮਿਲ ਗਿਆ ਹੈ, ਜਿਸਦਾ ਲਾਭ ਉਠਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਵਾਲ ਇਹ ਉਠਦਾ ਹੈ ਕਿ ਲੱਖਾਂ ਜਿੰਦਾ ਰੋਹਿਤ ਵੇਮੂਲਾ ਦੀ ਲੜਾਈ ਕਿਉਂ ਨਹੀਂ ਲੜਦੇ? ਰੋਹਿਤ ਵੇਮਲਾ ਦੀ ਆਤਮ ਹੱਤਿਆ ਕੀ ਕੋਈ ਅਸਧਾਰਨ ਘਟਨਾ ਸੀ। ਉਸੇ ਹੈਦਰਾਬਾਦ ਯੂਨੀਵਰਸਿਟੀ ਕੈਂਪਸ ਵਿਚ ਇਸਤੋਂ ਪਹਿਲੇ 9 ਦਲਿਤ ਵਿਦਿਆਰਥੀ ਆਤਮ ਹੱਤਿਆ ਕਰ ਚੁੱਕੇ ਸਨ ਤਾਂ ਇਹ ਕਿੱਥੇ ਸੁੱਤੇ ਹੋਏ ਸਨ? ਹਰ ਰੋਜ਼ ਹਜ਼ਾਰਾਂ ਸਕੂਲਾਂ ਵਿਚ ਦਲਿਤ ਬੱਚਿਆਂ ਦੇ ਨਾਲ ਦੁਪਹਿਰ ਦਾ ਭੋਜਨ ਸਵਰਨ ਬੱਚੇ ਨਹੀਂ ਕਰਦੇ ਹਨ। ਇਕ ਹੀ ਹੋਸਟਲ ਵਿਚ ਅਨੁਸੂਚਿਤ ਜਾਤੀ-ਜਨਜਾਤੀ ਦੇ ਬੱਚਿਆਂ ਦੇ ਲਈ ਅਲੱਗ-ਅਲੱਗ ਵਿੰਗ ਹਨ ਅਤੇ ਮੈਸ ਵੀ ਅਲੱਗ। ਕੀ ਇਹ ਸਾਰੇ ਭੇਦਭਾਵ ਅੱਜ ਦੇ ਹਨ? ਕਿਉਂ ਨਹੀਂ ਕਮਿਊਨਿਸਟ ਪਹਿਲਾਂ ਸਰਗਰਮ ਹੋਏ?

ਜਦੋਂ ਦਲਿਤ ਆਦਿਵਾਸੀ ਦੇ ਅਧਿਕਾਰ ਦੀ ਲੜਾਈ ਜਿਵੇਂ ਰਿਜ਼ਰਵੇਸ਼ਨ ਆਦਿ ਦੀ ਹੋਵੇ, ਤਾਂ ਕਮਿਊਨਿਸਟਾਂ ਨੂੰ ਸਮਾਜ ਗਰੀਬ ਅਤੇ ਅਮੀਰ ਵਿਚ ਵੰਡਿਆ ਦਿੱਸਦਾ ਹੈ ਅਤੇ ਜਦੋਂ ਕੋਈ ਅਜਿਹੀ ਘਟਨਾ ਹੋਵੇ, ਜਿਸਦਾ ਰਾਜਨੀਤਿਕ ਲਾਭ ਮਿਲੇ ਤਾਂ ਮੰਨੋ ਇਨ੍ਹਾਂ ਤੋਂ ਜ਼ਿਆਦਾ ਕੋਈ ਸ਼ੁਭਚਿੰਤਕ ਹੋਵੇ ਹੀ ਨਾ। ਯੂ. ਜੀ. ਸੀ. ਦੇ ਦੁਆਰਾ ਜੋ ਸਪੈਸ਼ਲ ਕੰਪੋਨੈਂਟ ਪਲਾਨ ਅਤੇ ਟ੍ਰਾਈਬਲ ਸਬ-ਪਲਾਨ ਦਾ ਪੈਸਾ ਸਿੱਖਿਆ 'ਤੇ ਖਰਚ ਹੋਣਾ ਚਾਹੀਦਾ ਸੀ, ਨਹੀਂ ਹੋ ਪਾਉਂਦਾ, ਉਦੋਂ ਇਹ ਕਮਿਊਨਿਸਟ ਕਿੱਥੇ ਰਹਿੰਦੇ ਹਨ? ਪ੍ਰਵੇਸ਼ ਅਤੇ ਅਧਿਆਪਕ ਅਹੁਦਿਆਂ ਨੂੰ ਅਕਸਰ ਨਹੀਂ ਭਰਿਆ ਜਾਂਦਾ ਤਾਂ ਉਸ ਤੇ ਇੰਨਾ ਸ਼ੋਰ ਕਿਉਂ ਨਹੀਂ ਮਚਾਉਂਦੇ? ਬੰਗਾਲ, ਕੇਰਲ, ਤ੍ਰਿਪੁਰਾ ਵਿਚ ਇਹਨਾਂ ਦੀਆਂ ਸਰਕਾਰਾਂ ਰਹੀਆਂ ਹਨ, ਉਥੇ ਤਾਂ ਰਿਜ਼ਰਵੇਸ਼ਨ ਲਾਗੂ ਕਰਕੇ ਦਿਖਾਉਂਦੇ। ਬੰਗਾਲ ਵਿਚ ਦਲਿਤਾਂ ਦੀ ਸਭ ਤੋਂ ਜ਼ਿਆਦਾ ਆਬਾਦੀ ਹੈ ਪਰ ਰਿਜ਼ਰਵੇਸ਼ਨ ਸਭ ਤੋਂ ਘੱਟ ਲਾਗੂ ਹੋਇਆ। ਸਾਮੰਤਵਾਦੀ ਸਥਾਨਾਂ ਤੱਕ ਵਿਚ ਦਲਿਤ ਨੇਤਾ ਪੈਦਾ ਹੋ ਗਏ ਪਰ ਜਿੱਥੇ ਇਹਨਾਂ ਦਾ ਪ੍ਰਭਾਵ ਰਿਹਾ, ਉਥੇ ਕੋਈ ਲੀਡਰਸ਼ਿਪ ਨਹੀਂ ਉਭਰੀ। 1997 ਵਿਚ 5 ਰਿਜ਼ਰਵੇਸ਼ਨ ਵਿਰੋਧੀ ਆਦੇਸ਼ ਜਾਰੀ ਹੋਏ, ਉਸਦੀ ਲੜਾਈ ਅਨੁਸੂਚਿਤ ਜਾਤੀ-ਜਨਜਾਤੀ ਸੰਗਠਨਾਂ ਦੇ ਸਰਵ ਭਾਰਤੀ ਸੰਘ ਨੇ ਹੀ ਲੜੀ। ਹੈਰਾਨੀ ਇਹ ਹੈ ਕਿ ਜਦੋਂ-ਜਦੋਂ ਦਲਿਤਾਂ, ਆਦਿਵਾਸੀਆਂ ਦੇ ਸੰਵਿਧਾਨਕ ਅਧਿਕਾਰਾਂ (ਤੇ ਹਮਲਾ ਹੁੰਦਾ ਹੈ, ਉਦੋਂ ਤਾਂ ਇਹਨਾਂ ਦਾ ਪਤਾ ਨਹੀਂ ਲੱਗਦਾ। ਜੇਕਰ ਉਸ ਸਮੇਂ ਇਹ ਖੜ੍ਹੇ ਹੁੰਦੇ ਤਾਂ ਸ਼ਾਇਦ ਰੋਹਿਤ ਵੇਮੂਲਾ ਵਰਗੀਆਂ ਘਟਨਾਵਾਂ ਹੁੰਦੀਆਂ ਹੀ ਨਾ। ਸਾਰੀਆਂ ਕਮਿਊਨਿਸਟ ਪਾਰਟੀਆਂ ਦੀ ਉੱਚ ਲੀਡਰਸ਼ਿਪ ਸਵਰਣਾਂ ਦੇ ਹੱਥਾਂ ਵਿਚ ਹੈ। ਅਜਿਹੇ ਵਿਚ ਕਿਵੇਂ 'ਲਾਲ ਸਲਾਮ' ਅਤੇ 'ਜੈ ਭੀਮ' ਦਾ ਏਕੀਕਰਨ ਹੋਵੇਗਾ। ਜੋ ਲੋਕ ਸਮਾਜ ਨੂੰ ਗਰੀਬ ਅਤੇ ਅਮੀਰ ਦੇ ਰੂਪ ਵਿਚ ਹੀ ਦੇਖਦੇ ਹਨ, ਉਹ ਕਿਵੇਂ ਦੇਖ ਸਕਣਗੇ ਕਿ ਭਾਰਤੀ ਸਮਾਜ ਜਾਤੀਆਂ ਦਾ ਹੈ।

ਸਾਮਵਾਦ ਜਦੋਂ ਜਵਾਨੀ ਤੇ ਸੀ ਉਦੋਂ ਜਾਤੀ ਸਮੱਸਿਆ ਦੇ ਸਵਾਲ ਦਾ ਸੰਬੋਧਨ ਨਹੀਂ ਕੀਤਾ ਤਾਂ ਕੀ ਬੁਢਾਪੇ ਵਿਚ ਇਸ ਸਮੱਸਿਆ ਦਾ ਕੀ ਕੁਝ ਕਰ ਸਕਣਗੇ? ਅੰ-ਬੇਡਕਰਵਾਦੀ ਜਨਤੰਤਰ ਵਿਚ ਵਿਸ਼ਵਾਸ ਕਰਦਾ ਹੈ, ਜਦਕਿ ਸਾਮਵਾਦੀ ਸਰਵਹਾਰਾ ਦੀ ਤਾਨਾਸ਼ਾਹੀ ਵਿਵਸਥਾ ਵਿਚ। ਕ-ਮਊਨਿਸਟ ਭੂਮਿਕਵਾਦ ਵਿਚ ਵਿਸ਼ਵਾਸ ਕਰਦੇ ਹਨ, ਜਦਕਿ ਅੰਬੇਡਕਰਵਾਦੀ ਭਾਅ ਅਤੇ ਭੌਤਿਕਵਾਦ ਦੋਹਾਂ ਵਿਚ ਲੈਨਿਨ ਨੇ ਕਿਹਾ ਸੀ ਕਿ ਸਰਵਹਾਰਾ ਦੀ ਸੱਤਾ ਦਾ ਜਦੋਂ ਸਿਖਰ ਹੁੰਦਾ ਤਾਂ ਰਾਜ ਦੀ ਸੱਤਾ ਦੀ ਜ਼ਰੂਰਤ ਨਹੀਂ ਰਹੇਗੀ।

ਕੀ ਅਜਿਹਾ ਕੋਈ ਦੇਸ਼ ਹੈ ਜੋ ਬਿਨਾਂ ਰਾਜ ਸੱਤਾ ਦੇ ਸੰਚਾਲਿਤ ਹੋ ਰਿਹਾ ਹੋਵੇ। ਕੀ ਇਹ ਇਕ ਕਲਪਨਾ ਤੋਂ ਇਲਾਵਾ ਕੁਝ ਹੋਰ ਹੈ? ਦੇਸ਼ ਵਿਚ ਹੀ ਲਗਾਤਾਰ ਕਮਿਊਨਿਸਟ ਪਾਰਟੀਆਂ ਸੁੰਗੜਦੀਆਂ ਜਾ ਰਹੀਆਂ ਹਨ। ਤਾਂ ਅਜਿਹੇ ਵਿਚ ਦਲਿਤ ਅਤੇ ਆਦਿਵਾਸੀ ਇਹਨਾਂ ਦੇ ਕੋਲ ਜਾਣ ਦੀ ਬਜਾਏ ਉਸਦੇ ਕੋਲ ਜਾਣਗੇ ਜੋ ਇਹਨਾਂ ਨੂੰ ਸਹਾਰਾ ਦੇ ਸਕੇ। ਲਾਲ ਸਲਾਮ ਅਤੇ ਜੈ ਭੀਮ ਵਿਚ ਸੰਤੁਲਨ ਪੈਦਾ ਕਰਨ ਤੋਂ ਕਿਸੇ ਨੂੰ ਕੀ ਇਤਰਾਜ਼, ਇਕ ਲੋਕਤੰਤਰੀ ਦੇਸ਼ ਵਿਚ, ਪਰ ਸਮਾਜ ਹੁਣ ਇੰਨਾ ਭੋਲਾ-ਭਾਲਾ ਨਹੀਂ ਰਿਹਾ।

# ਮੱਕਾਰੀ ਬਨਾਮ ਸਮਝਦਾਰੀ



ਤਰਲੋਚਨ ਸਿੰਘ 'ਦੁਪਾਲਪੁਰ
(001-408-915-1268)

ਖੁੱਡੇ ਵਿਚ ਤਾੜੇ ਹੋਏ ਨਵ-ਜਨਮੇ ਚੂਚੇ ਇਕ ਸ਼ਾਮ ਆਪਣੀ ਮਾਂ-ਕੁਕੜੀ ਨੂੰ ਕਹਿਣ ਲੱਗੇ ਕਿ ਨੀਂ ਮਾਂ, ਸਾਡਾ ਬਾਹਰ ਖੁੱਲ੍ਹੇ ਵਿਹੜੇ 'ਚ ਖੇਡਣ ਨੂੰ ਚਿੱਤ ਕਰਦਾ ਐ। ਪਰ ਤੂੰ ਸਾਨੂੰ ਬਾਹਰ ਨਿਕਲਣ ਹੀ ਨਹੀਂ ਦਿੰਦੀ। ਅੱਜ ਬਾਹਰ ਮੌਸਮ ਬਹੁਤ ਸੁਹਾਵਣ ਜਿਹਾ ਲੱਗਦੈ, ਅਸੀਂ ਘੁੰਮ ਲਈਏ ਵਿਹੜੇ ਵਿਚ? ਕੁਕੜੀ ਨੇ ਆਪਣੇ ਬੱਚਿਆਂ ਦਾ ਸਵਾਲ ਬੜੀ ਗੰਭੀਰਤਾ ਨਾਲ ਸੁਣ ਕੇ ਕਿਹਾ ਕਿ ਇਉਂ ਕਰੋ, ਤਾਕੀ ਵਿਚੋਂ ਮੂੰਹ ਕੱਢ ਕੇ ਆਲੇ ਦੁਆਲੇ ਨਜ਼ਰ ਮਾਰੋ। ਕਿਤੇ ਕੋਈ ਸਾਡਾ ਦੁਸ਼ਮਣ ਜਾਨਵਰ ਤਾਂ ਨਹੀਂ ਫਿਰਦਾ?

ਦੋਂਹ ਚੂਚਿਆਂ ਨੇ ਬੜੇ ਚਾਅ ਨਾਲ ਤਾਕੀ ਵਿਚੋਂ ਦੂਰ ਦੂਰ ਤੱਕ ਝਾਕਿਆ। ਦੋ ਪਲ ਇੰਝ ਦੇਖ ਕੇ ਖੁਸ਼ੀ 'ਚ ਝੂਮਦਿਆਂ ਉਹ ਮਾਂ ਨੂੰ ਕਹਿੰਦੇ 'ਮਾਂ ਮਾਂ, ਬਾਹਰ ਸਾਰਾ ਵਿਹੜਾ ਵਿਹਲਾ ਪਿਐ ਬੱਸ ਬਾਹਰਲੇ ਗੇਟ ਕੋਲ ਵਗ.ਲ ਦੀ ਕੰਧ ਨਾਲ ਇਕ ਲੂੰਬੜ ਘੂਕ ਸੁੱਤਾ ਪਿਐ। ਸਾਨੂੰ ਉਹਦਾ 'ਸੁੱਤੇ ਪਏ' ਦਾ ਕਾਹਦਾ ਡਰ? ਸਾਨੂੰ ਜਾਣ ਦੇਹ ਬਾਹਰ ਅੱਜ ਮਾਂ!''

''ਚੁੱਪ! ਖਾਮੋਸ਼!!'' ਕੁਕੜੀ ਨੇ ਝਿੜਕਦਿਆਂ ਕਿਹਾ'' ਅੰਦਰ ਹੀ ਬੈਠੋ! ਹਾਲੇ ਨਹੀਂ ਤੁਸੀਂ ਕਾਬਲ ਹੋਏ ਬਾਹਰ ਖੇਡਣ-ਮੱਲਣ ਦੇ।'' ਮਾਂ ਦਾ ਇਨਕਾਰ ਸੁਣ ਕੇ ਵਿਚਾਰੇ ਚੂਚੇ ਮਾਯੂਸ ਜਿਹੇ ਹੋ ਕੇ ਬਹਿ ਗਏ।

ਹਫਤਾ ਦੋ ਹਫਤੇ ਬਾਅਦ ਇਕ ਸ਼ਾਮ ਫਿਰ ਚੂਚਿਆਂ ਨੇ ਆਪਣੀ ਮਾਂ ਅੱਗੇ ਖੁੱਡੇ 'ਚੋਂ ਬਾਹਰ ਜਾਣ ਦੀ ਇਜਾਜ਼ਤ ਮੰਗੀ। ਕੁਕੜੀ ਨੇ ਫਿਰ ਉਹੀ ਗੱਲ ਕਹਿ ਦਿੱਤੀ। ਅਖੇ ਬਾਹਰਲਾ ਮਾਹੌਲ ਦੇਖੋ ਤਾਂ ਕੈਸਾ ਹੈ? ਚੂਚਿਆਂ ਨੇ ਬਾਹਰ ਨੂੰ ਗਰਦਨਾਂ ਕੱਢ ਕੇ ਚਾਰ-ਚੁਫੇਰਾ ਦੇਖ ਕੇ ਜਵਾਬ ਦਿੱਤਾ- ''ਏ ਮਾਂ, ਬਾਹਰ ਲੂੰਬੜ ਲੰਮੀਆਂ ਤਾਣ ਕੇ ਅੱਖਾਂ ਮੀਟੀ ਪਿਆ ਐ। ਪਰ ਸਾਨੂੰ ਸ਼ੱਕ ਹੈ ਕਿ ਉਹ 'ਸੁੱਤਾ ਹੋਇਆ' ਨਹੀਂ। ਹੈਗਾ ਤਾਂ ਖੁੱਡੇ ਤੋਂ ਦੂਰ ਹੀ ਆ। ਬਾਹਰ ਗੇੜਾ ਮਾਰ ਆਈਏ ਅਸੀਂ ਅੱਜ?''

ਕੁਕੜੀ ਨੇ 'ਨਾਂਹ' ਵਿਚ ਸਿਰ ਹਿਲਾਉਂਦਿਆਂ ਬੱਚਿਆਂ ਨੂੰ ਕਿਹਾ- ''ਲਾਡਲਿਓ, ਤੁਸੀਂ ਵੱਡੇ ਤਾਂ ਜ਼ਰੂਰ ਹੋ ਗਏ ਓ, ਪਰ ਹਾਲੇ 'ਸਿਆਣੇ' ਨਹੀਂ ਹੋਏ। ਹਾਲੇ ਨਹੀਂ ਮੈਂ ਤੁਹਾਨੂੰ ਬਾਹਰ ਖੇਡਣ ਜਾਣ ਦੇਣਾ।''

ਕੁਝ ਅਰਸਾ ਬਾਅਦ ਚੂਚੇ ਵੱਡੇ ਵੱਡੇ ਹੋ ਗਏ। ਖੁੱਡੇ ਦੇ ਅੰਦਰੇ ਅੰਦਰ ਰਹਿ ਕੇ ਉਨ੍ਹਾਂ ਦਾ ਸਾਹ ਜਿਹਾ ਘੁੱਟਿਆ ਜਾਣ ਲੱਗਾ। ਉਹਨਾਂ ਦਾ ਦਿਲ ਕਾਹਲਾ ਪੈਣ ਲੱਗਾ ਕਿ ਬਾਹਰ ਖੁੱਲ੍ਹੀ ਹਵਾ ਵਿਚ ਟਪੂਸੀਆਂ ਮਾਰੀਆਂ ਜਾਣ। ਆਜ਼ਾਦ ਮਾਹੌਲ ਦਾ ਆਨੰਦ ਮਾਣਿਆ ਜਾਵੇ। ਪਰ ਮਾਂ ਦੀ ਇਜਾਜ਼ਤ ਤੋਂ ਬਿਨਾਂ ਉਹਨਾਂ ਦਾ ਹੀਆ ਨਾ ਪਿਆ ਖੁੱਡੇ 'ਚੋਂ ਨਿਕਲਣ ਦਾ।

ਤਾਕੀ ਦੀਆਂ ਵਿਰਲਾਂ ਥਾਣੀ ਬਾਹਰਲੇ ਮੌਸਮ ਦਾ ਅੰਦਾਜ਼ਾ ਲਾਉਂਦਿਆਂ, ਉਹਨਾਂ ਇਕ ਦੁਪਹਿਰੋਂ ਬਾਅਦ ਫਿਰ ਮਾਂ ਅੱਗੇ ਅਰਜ਼ ਗੁਜ਼ਾਰੀ। ਪਹਿਲਾਂ ਵਾਂਗ ਹੀ ਕੁਕੜੀ ਨੇ ਕਿਹਾ ਕਿ ਵਿਹੜੇ ਵੱਲ ਨਜ਼ਰ ਮਾਰ ਕੇ ਦੇਖੋ ਸੁਰਤਿ-ਹਵਾਲ ਕੈਸਾ ਹੈ?

ਅੱਧੀ ਕੁ ਤਾਕੀ ਖੋਲ੍ਹ ਕੇ ਚੂਚਿਆਂ ਨੇ ਬਾਹਰ ਨੂੰ ਗਰਦਨਾਂ ਕੱਢੀਆਂ। ਬਾਹਰ ਦਾ ਆਲਾ-ਦੁਆਲਾ ਝਾਕਣ ਤੋਂ ਬਾਅਦ, ਉਹ ਪਹਿਲਾਂ ਵਾਂਗ ਫਟਾਫਟ ਕੁਕੜੀ ਕੋਲ ਨੂੰ ਭੱਜੇ ਆਉਣ ਦੀ ਬਜਾਏ, ਇਸ ਵਾਰ ਬਾਹਰ ਵੱਲ ਨੀਝਾਂ ਲਾ ਲਾ ਦੇਖੀ ਜਾਣ। ਹੈਰਾਨ ਹੋਈ ਕੁਕੜੀ ਦੇਖੇ ਕਿ ਬਾਹਰ ਇਹੋ ਜਿਹਾ ਕੀ ਅਨੋਖਾ ਹੋਵੇਗਾ, ਜੋ ਇਹ ਨਜ਼ਰਾਂ ਗੱਡੀ ਬਾਹਰ ਨੂੰ ਹੀ ਦੇਖੀ ਜਾਂਦੇ ਨੇ? ਚਿੰਤਾ-ਗ੍ਰਸਤ ਹੋਈ ਕੁਕੜੀ ਪੋਲੇ ਪੈਰੀਂ ਚੂਚਿਆਂ ਦੇ ਪਿੱਛੇ ਜਾ ਖੜ੍ਹੀ। ਉਸਨੇ ਵੀ ਬਾਹਰ ਨੂੰ ਝਾਤੀ ਮਾਰੀ। ਉਸਨੇ ਦੇਖਿਆ ਕਿ ਵਗਲ ਦੇ ਵੱਡੇ ਗੇਟ ਕੋਲ ਲੂੰਬੜ ਲੰਮਾ ਪਿਆ ਹੈ। ਤੇ ਚੂਚੇ ਵੀ ਉਹਦੇ ਵੱਲ੍ਹ ਹੀ ਗਹੁ ਨਾਲ ਦੇਖੀ ਜਾ ਰਹੇ ਸਨ।

ਕੁਕੜੀ ਨੇ ਸਿਰ ਨੀਵਾਂ ਕਰਕੇ ਉਨ੍ਹਾਂ ਚੂਚਿਆਂ ਦੀ ਆਪਸੀ 'ਫੁਸ-ਫੁਸਾਹਟ' ਜਿਹੀ ਸੁਣੀ। ਉਹ 'ਹੀ-ਹੀ-ਹੀ' ਕਰਦੇ ਹੋਏ ਦੱਬਵੀਂ ਜ਼ੁਬਾਨੇ ਲੂੰਬੜ ਵੱਲ ਨੂੰ ਮੂੰਹ ਚੁੱਕ ਕੇ ਕਹਿ ਰਹੇ ਸਨ- ''ਉਏ ਕਪਟੀ ਤੇ ਮੱਕਾਰ ਲੂੰਬੜਾ, ਤੂੰ 'ਸੁੱਤਾ ਹੋਣ' ਦਾ ਡਰਾਮਾ ਕਰਦਾ ਐਂ! ਸਾਨੂੰ ਤੇਰੇ ਪਾਖੰਡਾਂ ਦਾ ਪਤਾ ਐ, ਅਸੀਂ ਤੇਰਾ ਭੋਰਾ ਵੀ ਯਕੀਨ ਨਹੀਂ ਕਰਦੇ। ਸੌਣਾ ਛੱਡਿਆ, ਤੂੰ ਭਾਵੇਂ 'ਮਰਿਆ ਹੋਣ' ਦਾ ਨਾਟਕ ਵੀ ਕਰ, ਅਸੀਂ ਤੇਰੇ ਅੜਿੱਕੇ ਨਹੀਂ ਆਉਣ ਲੱਗੇ ਪਾਖੰਡੀਆ!
ਚੁੰਝਾਂ ਨਾਲ ਤਾਕੀ ਖੋਲ੍ਹਦਿਆਂ ਕੁਕੜੀ ਚੂਚਿਆਂ ਨੂੰ ਕਹਿੰਦੀ-
'ਲਓ ਬੱਚਿਓ, ਹੁਣ ਤੁਸੀਂ ਵਿਹੜੇ ਵਿਚ ਖੇਡਣ ਦੇ 'ਕਾਬਲ' ਹੋ ਗਏ ਹੋ!'

# ਇਸ਼ਕ ਦੇ ਰੰਗ



ਮਿੱਠਾ ਹੋਣਾ ਨੀ, ਇਸ਼ਕ ਤੋਂ ਗੁਣ ਕੋਈ,
ਕੌੜੀ ਹੋਣੀ ਨੀ, ਵਿਛੋੜੇ ਤੋਂ ਜ਼ਾਹਿਰ ਕੋਈ।
ਸੋਹਣੀ ਦਿਲ ਤੋਂ, ਹੋਣੀ ਨੀ ਚੀਜ਼ ਕੋਈ,
ਵੱਡੀ ਦਰਦ ਤੋਂ, ਹੋਣੀ ਨੀ ਨਹਿਰ ਕੋਈ।

ਵੱਡਾ ਇਸ਼ਕ ਦੇ, ਨਾਲੋਂ ਨਹੀਂ ਰੱਬ ਹੋਣਾ,
ਹੋਣਾ ਪਿਆਰ ਤੋਂ, ਵੱਡਾ ਨਹੀਂ ਸ਼ਹਿਰ ਕੋਈ।
ਇਸ਼ਕ ਨਾਲੋਂ ਨੀ, ਵੱਡੀ ਕੋਈ ਜਾਤ ਹੋਣੀ,
ਵੱਡਾ ਪਿਆਰ ਤੋਂ, ਹੁੰਦਾ ਨਹੀਂ ਵੈਰ ਕੋਈ।

ਪੱਕਾ ਇਸ਼ਕ ਨਾਲੋਂ, ਨੀ ਕੋਈ ਰੰਗ ਹੋਣਾ,
ਵੱਡਾ ਪਿਆਰ ਤੋਂ, ਹੋਣਾ ਨਹੀਂ ਕਹਿਰ ਕੋਈ,
ਸੋਹਣਾ ਯਾਰ ਦੇ, ਨਾਲੋਂ ਨਹੀਂ ਚੰਨ ਹੋਣਾ,
ਵੱਡੀ ਪਿਆਰ ਤੋਂ, ਹੋਣੀ ਨਹੀਂ ਖੈਰ ਕੋਈ।

- ਵੀਰਪਾਲ ਕੌਰ ਸਫਰੀ
91-85579-92445

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ 23 ਮਾਰਚ ਦੇ ਸ਼ਹੀਦਾਂ ਨੂੰ ਕੀਤਾ ਯਾਦ

(ਸਫਾ 7 ਦੀ ਬਾਕੀ)

ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਕਰਨ ਤੋਂ ਬਾਅਦ ਮੀਡੀਆ ਨਾ.ਲ ਭੇਂਟ ਵਾਰਤਾ ਕਰਦੇ ਹੋਏ ਕਿਹਾ ਕਿ ਸ਼ਹੀਦਾਂ ਦੀ ਸੋਚ ਤੇ ਅਮਲ ਕਰਨਾ ਹੀ ਅਸਲ ਸ਼ਰਧਾਂਜਲੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰਾਂ ਨੂੰ ਬਹੁਜਨ ਸਮਾਜ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨ ਪਹਿਲ ਦੇ ਅਧਾਰ ਤੇ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀ ਭਾਜਪਾ ਗਠਜੋੜ ਸਰਕਾਰ ਤੇ ਪੰਜਾਬ ਦੇ ਲੋਕਾਂ ਦਾ ਬਹੁਤ ਸੋਸ਼ਣ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਾੜੀ ਕਾਰਗੁਜ਼ਾਰੀ, ਲੋਕਾਂ ਨੂੰ ਠੋਸ ਨੀਤੀਆਂ ਨਾ ਦੇ ਸਕਣ ਵਾਲੀ ਹਰ ਮੋਰਚੇ ਤੇ ਫੇਲ੍ਹ ਸਰਾਕਰ ਹੈ। ਇਸ ਮੌਕੇ ਉਨ੍ਹਾਂ ਦੇ ਨਾ.ਲ ਹਲਕਾ ਬੰਗਾ ਦੇ ਇੰਚਾਰਜ ਠੇਕੇਦਾਰ ਰਾਜਿੰਦਰ ਸਿੰਘ, ਵਿਜੈ ਗੁਣਾਚੌਰ, ਪ੍ਰਵੀਨ ਬੰਗਾ, ਹਰਬਲਾਸ ਬਸਰਾ, ਹੈਪੀ ਸਿੰਘ ਰਟੈਂਡਾ, ਜਸਦੀਸ਼ ਸੱਲ੍ਹਾਂ ਹਾਜ਼ਰ ਸਨ। ਖੱਬੀਆਂ ਪਾਰਟੀਆਂ ਵਲੋਂ ਇੱਕਜੁਟਤਾ ਦਿਖਾਉਂਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਸੀ.ਪੀ.ਆਈ., ਸੀ.ਪੀ.ਐਮ, ਸੀ.ਪੀ.ਐਮ.ਐਲ. ਵਲੋਂ ਕਰਵਾਏ ਇਸ ਸਮਾਗਮ ਵਿੱਚ ਮੰਗਤ ਰਾਮ ਪਾਸਲਾ ਸੀ.ਪੀ.ਆਈ ਪੰਜਾਬ, ਸੀ.ਪੀ.ਆਈ.ਐਮ ਵਲੋਂ ਬੰਤ ਬਰਾੜ, ਸੀ.ਪੀ.ਆਈ. ਨਕਸਲੀ ਵਲੋਂ ਤ੍ਰਿਲੋਚਨ ਸਿੰਘ, ਕੁਲਵੰਤ ਸਿੰਘ ਸੰਧੂ, ਵਿਜੇ ਮਿਸ਼ਰਾ, ਪਰਗਣ ਸਿੰਘ, ਹਰਪਾਲ ਸਿੰਘ ਜਗਤਪੁਰ ਅਤੇ ਹੋਰ ਬਹੁਤ ਸਾਰੇ ਪੰਜਾਬ ਪੱਧਰ ਅਤੇ ਸਥਾਨਕ ਆਗੂ ਸ਼ਾਮਲ ਹੋਏ। ਜਿਨ੍ਹਾਂ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਪੰਜਾਬ ਦੇ ਮੌਜੂਦਾ ਗੰਧਲੇ ਰਾਜਨੀਤਕ ਮਾਹੌਲ ਤੋਂ ਬਚ ਕੇ ਜਮਹੂਰੀਅਤ ਦੀਆਂ ਦੋਖੀ ਤਾਕਤਾਂ ਨੂੰ ਮਾਤ ਦੇਣ ਦਾ ਸੱਦਾ ਦਿੱਤਾ। ਲੋਕ ਮੋਰਚਾ ਪੰਜਾਬ ਵਲੋਂ ਸ਼ਹੀਦੀ ਯਾਦਗਾਰੀ ਕਮੇਟੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾ.ਲ ਰਾਤ ਸਮੇਂ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਜਸਵਿੰਦਰ ਸਿੰਘ ਪੱਪੀ ਨਗਰ ਦੀ ਨਿਰਦੇਸ਼ਨਾ ਹੇਠ ਨਾਟਕ ''ਸ਼ਹੀਦ ਭਗਤ ਸਿੰਘ ਅਤੇ ਸੋਚ'', ''ਸਵੇਰ ਦੀ ਲੋਅ'' ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤਆਂ ਗਈਆਂ।

ਇਸ ਸਮਾਗਮ ਵਿੱਚ ਮੁੱਖ ਬੁਲਾਰੇ ਦੇ ਤੌਰ ਤੇ ਹਿਮਾਂਸ਼ੂ ਕੁਮਾਰ ਨੇ ਹਾਜ਼ਰੀ ਲਗਵਾਈ। ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਸ਼ਹੀਦ ਭਗਤ ਸਿੰਘ ਦੀ ਸਾਕਾਰਤਮਕ ਸੋਚ ਨੂੰ ਅਪਨਾਉਣ ਦਾ ਸੰਦੇਸ਼ ਦਿੱਤਾ, ਲੋਕ ਮੋਰਚਾ ਪੰਜਾਬ ਦੇ ਰੀਜ਼ਨਲ ਸਕੱਤਰ ਗੁਰਮੀਤ ਕੋਟਲੀ ਅਤੇ ਤੀਰਥ ਰਸੂਲਪੁਰੀ ਨੇ ਮੰਚ ਸੰਚਾਲਕ ਦੀ ਜਿਮੇਂਵਾਰੀ ਨਿਭਾਈ। ਇਸ ਮੌਕੇ ਆਰਤੀ ਗੜ੍ਹਸ਼ੰਕਰ ਅਤੇ ਮਮਤਾ ਗੁਣਾਚੌਰ ਬੱਚੀਆਂ ਨੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਕੁਲ ਮਿਲਾ ਕੇ ਪ੍ਰਮੁੱਖ ਰਾਜਨੀਤਕ ਪਾਰਟੀਆਂ ਵਲੋਂ ਸ਼ਹੀਦਾਂ ਦੇ ਸ਼ਰਧਾਂਜਲੀ ਸਮਾਗਮਾਂ ਨੂੰ ਸਿਆਸੀ ਰੰਗ ਵਿੱਚ ਰੰਗਣ ਦੀ ਹੀ ਕੋਸ਼ਿਸ਼ ਕੀਤੀ ਗਈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



ਜਿਹੜੇ ਲੋਕ, ਜਿਹੜਾ ਸਮਾਜ ਆਪਣੇ ਸਮਾਜ ਦੇ ਸਮਾਜਿਕ ਚੇਤਨਾ ਦੇ ਮੋਢੀਆਂ, ਇਤਿਹਾਸਕਾਰਾਂ ਕਵੀਆਂ ਨੂੰ ਭੁੱਲ ਜਾਂਦੇ ਹਨ,
ਉਹ ਲੋਕ, ਉਹ ਸਮਾਜ, ਤੂੜੀ ਦੇ ਕਖਾਂ-ਤੀਲਿਆਂ ਦੇ ਵਾਂਗ ਸੜਕਾ ਗਲੀਆ ਵਿੱਚ ਰੁੱਲ ਜਾਂਦੇ ਹਨ।
6ਵਾਂ ਮਹਾਨ ਕਵੀ ਦਰਬਾਰ
ਲੋਕ ਕਵੀ ਗੁਰਦਾਸ ਰਾਮ ਆਲਮ ਜੀ ਦੀ ਯਾਦ ਵਿੱਚ 3 ਅਪ੍ਰੈਲ 2016 ਐਤਵਾਰ ਨੂੰ ਸਵੇਰੇ ਵਜੇ ਕਰਵਾਇਆ ਜਾ ਰਿਹਾ ਹੈ।
ਕਲਮ ਦੇ ਧਨੀ ਮਹਾਨ ਕਵੀ ਸਾਹਿਬਾਨ ਨੂੰ ਕੋਟ ਕੋਟ ਪ੍ਰਣਾਮ
ਮੰਗੂਰਾਮ ਬਾਠਾਂਵਾਲਿਆ
ਚਰਨਦਾਸ ਨਿਧੜਕ
ਭਾਗਮਲ ਪਾਗਲ
ਪ੍ਰੀਤਮ ਰਾਮਦਾਸਪੁਰੀ
ਸੀ ਐਲ ਚੁੰਬਰ
ਮੋਹਣ ਬੰਗੜ
ਬਲਬੀਰ ਜਗਤਪੁਰੀ
ਪਰਮਜੀਤ ਗੋਸਲ
ਨਰਿੰਦਰ ਖੇਦੀ
ਗਿਰਧਾਰੀ ਲਾਲ ਸਿਮਕ
ਲੋਕ ਕਵੀ ਗੁਰਦਾਸਰਾਮ ਆਲਮ
ਆਪ ਸਭ ਸਮਾਜ ਦੇ ਸਾਥੀਆ ਨੂੰ ਬੇਨਤੀ ਹੈ ਕਿ ਆਪਣੇ ਪਰਿਵਾਰ ਸਮੇਤ ਸਮੇ ਅਨੁਸਾਰ ਕਵੀ ਦਰਬਾਰ ਵਿੱਚ ਪਹੁੰਚੋ। ਪਹੁੰਚ ਰਹੇ ਕਵੀ ਸਾਹਿਬਾਨ ਕਵੀ ਚੰਨ ਗੁਰਾਇਆ ਵਾਲਾ, ਸਟੇਟ ਐਵਾਰਡੀ ਰਾਜ ਗੀਤਕਾਰ, ਕਵੀ ਮਦਨ ਜਲੰਧਰੀ, ਕਵੀ ਨਿਰਮਲ ਰਤੂ ਰੰਧਾਵੇ ਵਾਲਾ, ਉਸਤਾਦ ਸ਼ਾਇਰ ਅਰਿਫ ਗੋਬਿੰਦਪੁਰੀ, ਕਵੀ ਬਲਦੇਵ ਰਾਜ ਕੋਮਲ, ਕਵੀਤਰੀ ਸੁਨਿਤਾ ਮਹਿਮੀ, ਕਵੀ ਸੋਹਣ ਸਹਿਜਲ, ਕਵੀ ਨਿਰਮਲ ਝੱਟੀ, ਕਵੀ ਰਜੇਸ਼ ਕੈਂਥ ਭਬਿਆਣਾ, ਕਵੀ ਜਗਦੀਸ਼ ਰਾਣਾ ਸੋਫੀ ਪਿੰਡ, ਕਵੀ ਅਸ਼ੋਕ ਚੁੰਬਰ ਚੁਖਿਆਰਾ, ਕਵੀ ਧਰਮਪਾਲ ਪੈਂਥਰ, ਕਵੀ ਸਤਨਾਮ ਸਿੰਘ ਵਿਰਦੀ ਮਾਣਕੋ, ਪਹੁੰਚ ਰਹੇ ਹਨ।
ਪ੍ਰੋਗਰਾਮ
3 ਅਪ੍ਰੈਲ 2016 ਦਿਨ ਐਤਵਾਰ ਸ਼ਮਾ ਰੋਸ਼ਨ ਸਵੇਰੇ 10.00 ਵਜੇ ਸਥਾਨ ਕਨੇਡੀਅਨ ਹੋਟਲ, ਜੀ. ਟੀ. ਰੋਡ, ਨੇੜੇ ਮਹਲਾ ਗੇਟ, ਗੁਰਾਇਆ ਭੋਜਨ ਬਾਅਦ ਦੁਪਹਿਰ 2.00ਵਜੇ ।
ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਮੁਖਤਾਰ ਢੰਡਾ (U.K.)
ਇਸ ਕਵੀ ਦਰਬਾਰ ਵਿੱਚ ਇੱਕ ਕਵੀ ਸਾਹਿਬਾਨ ਨੂੰ ਲੋਕ ਕਵੀ ਗੁਰਦਾਸ ਰਾਮ ਆਲਮ ਅਵਾਰਡ ਨਾਲ ਨਿਵਾਜਿਆ ਜਾਵੇਗਾ ਅਤੇ ਮਿਸ਼ਨਰੀ ਗਾਇਕਾ ਪ੍ਰੇਮ ਲਤਾ ਜੀ ਨੂੰ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਜਾਵੇਗਾ।
ਟੇਜ ਸਕੱਤਰ ਦੀ ਭੂਮਿਕਾ - ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ ਜੀ ਦੇ ਲਾਡਲੇ ਸ਼ਗਿਰਦ ਕਮਲ ਤੱਲਣ ਨਿਭਾਉਣਗੇ।
ਜਰੂਰੀ ਸੂਚਨਾ ਜੇਕਰ ਅਪ੍ਰੈਲ ਨੂੰ ਬਾਰਿਸ਼ ਆਉਂਦੀ ਹੈ ਤਾ ਇਹ ਕਵੀ ਦਰਬਾਰ ਰੱਦ ਨਹੀ ਹੋਵੇਗਾ ਇਸੇ ਹੀ ਸਥਾਨ ਤੇ ਹੋਵੇਗਾ। ਇਸ ਕਵੀ ਦਰਬਾਰ ਵਿਚ ਉਨਾ ਹੀ ਕਵੀ ਸਾਹਿਬਾਨਾ ਨੂੰ ਸਮਾ ਦਿੱਤਾ ਜਾਵੇਗਾ ਜਿਨਾ ਨਾਲ ਕਮੇਟੀ ਨੇ ਪਹਿਲਾ ਸੰਪਰਕ ਕੀਤਾ ਹੈ ।
ਸਵਾਗਤ ਕਰਤਾ- ਭਾਰਤ ਰਤਨ ਡਾ ਬੀ ਆਰ ਅੰਬੇਡਕਰ ਮਿਸ਼ਨ ਅਤੇ ਕਵੀ ਦਰਬਾਰ ਕਮੇਟੀ ਜਲੰਧਰ
ਸੰਪਰਕ 94548-89539, 98768-84771, 98141-21635




ਟਰੱਕ ਡਰਾਇਵਰ ਵੀਰਾਂ ਲਈ
ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ
ਅੱਜ ਹੀ ਕਾਲ ਕਰੋ
TOLL FREE
1-800-381-0107
* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ
SKZ LLC. BROKERAGE
* CAN'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!
CALL Todal :-
DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM

# Grant Line Insurance Agency, Inc.


## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: Info@skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।

ਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





**Call : Dharminder Singh**

Cell : 530-870-6600 Fax : 530-405-1429

Email: myfuturetruck@gmail.com

2535 Front St. West Sacramento, CA 95691